ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 21 | Issue 126| 5 to 11 June , 2024 | Ph.: (510) 240-5949 | Email: asrtimes@gmail.com

# ਫ਼ਿੱਕੀ ਕਿਉਂ ਹੈ ਭਾਜਪਾ ਦੀ ਜਿੱਤ?




# ਥੋੜੀ ਜਿੱਤ ਥੋੜੀ ਹਾਰ: ਫੇਰ ਐਨ.ਡੀ.ਏ. ਸਰਕਾਰ

ਅੰਮ੍ਰਿਤਸਰ ਟਾਈਮਜ਼ ਬਿਊਰੋ

ਅੱਜ ਨਰਿੰਦਰ ਮੋਦੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਹਨਾਂ ਦਾ ਅਸਤੀਫ਼ਾ ਰਾਸ਼ਟਰਪਤੀ ਵੱਲੋਂ ਪ੍ਰਵਾਨ ਵੀ ਕਰ ਲਿਆ ਗਿਆ। ਬੀਜੇਪੀ ਲੋਕ ਸਭਾ ਚੋਣਾਂ ਦੇ ਵਿੱਚ ਜਿੱਤ 'ਤੇ ਗਈ ਹੈ, ਪਰ ਇਹ ਜਿੱਤ ਫ਼ਿੱਕੀ ਲੱਗ ਰਹੀ ਹੈ। ਕੀ ਹੋ ਗਿਆ ਨਰਿੰਦਰ ਮੋਦੀ ਦੇ ਮੈਜਿਕ ਨੂੰ ? ਬੀਜੇਪੀ ਦੇ ਕੋਲ ਪੈਸਾ, ਮੀਡੀਆ, ਮੈਨ ਪਾਵਰ, ਚੋਣ ਕਮਿਸ਼ਨ, ਦੂਜੀਆਂ ਪਾਰਟੀਆਂ ਤੋਂ ਲਿਆਂਦੇ ਉਮੀਦਵਾਰ ਸਨ, ਰਾਮ ਮੰਦਰ ਸੀ ਤੇ 400 ਪਾਰ ਦਾ ਨਾਅਰਾ ਸੀ। ਫੇਰ ਵੀ ਜਿੱਤ ਦੀ ਚਮਕ ਫ਼ਿੱਕੀ ਕਿਓਂ ? ਲੱਗਦਾ ਹੈ ਕਿ 400 ਪਾਰ ਵਾਲੇ ਨਾਅਰੇ ਨੇ ਫ਼ਾਇਦੇ ਨਾਲੋਂ ਨੁਕਸਾਨ ਜ਼ਿਆਦਾ ਕਰ ਦਿੱਤਾ ਹੈ। ਭਾਰਤ ਦੇਸ਼ ਨੇ ਸਾਬਤ ਕਰ ਦਿੱਤਾ ਹੈ ਕਿ ਸੜਕਾਂ 'ਤੇ ਕੀਤੇ ਜਾਣ ਵਾਲੇ ਸੰਘਰਸ਼, ਸਰਕਾਰ ਪ੍ਰਤੀ ਕੀਤੀਆਂ ਜਾਣ ਵਾਲੀਆਂ ਯਾਤਰਾਵਾਂ ਖਾਲੀ ਨਹੀਂ ਗਈਆਂ। ਰਾਹੁਲ ਗਾਂਧੀ ਦੀਆਂ



ਯਾਤਰਾਵਾਂ ਨੇ ਵੀ ਰੰਗ ਲਿਆਂਦਾ ਹੈ। ਮੋਦੀ ਦੀ ਜਿੱਤ ਦਾ ਸਫਰ ਦਸ ਸਾਲ ਪਹਿਲਾਂ ਉੱਤਰ ਪ੍ਰਦੇਸ਼ ਤੋਂ ਸ਼ੁਰੂ ਹੋਇਆ ਸੀ ਤੇ ਉੱਤਰ ਪ੍ਰਦੇਸ਼ ਤੋਂ ਹੀ ਉਸ ਦਾ ਅੰਤ ਹੁੰਦਾ ਦਿਖਿਆ। ਪਹਿਲੇ ਗੇੜ ਦੀਆਂ ਵੋਟਾਂ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਟੋਨ ਬਦਲਦੀ ਜਾਪੀ, ਮੰਗਲ ਸੂਤਰ, ਮੁਸਲਮਾਨ, ਮਟਨ ਵਰਗੇ ਭੜਕਾਹਟ ਭਰੇ ਬਿਆਨਾਂ ਤੋਂ ਲਗਦਾ ਸੀ ਕਿ ਭਾਜਪਾ ਨੇ ਆਪਣੀ ਹਾਲਤ ਨੂੰ ਭਾਂਪ ਲਿਆ ਹੈ। ਭਾਸ਼ਣ ਦੇਣਾ ਵੀ ਇੱਕ ਕਲਾ ਹੈ, ਸ਼ਬਦਾਂ ਦੇ ਵਿੱਚ ਜਾਦੂ ਵਰਗੀ ਖਿੱਚ ਹੁੰਦੀ ਹੈ ਪਰ ਨਰਿੰਦਰ ਮੋਦੀ ਦਾ ਭਾਸ਼ਣ ਹਿੰਸਾਤਮਕ ਸੀ। ਜਵਾਹਰ ਲਾਲ ਨਹਿਰੂ, ਚੰਦਰ ਸ਼ੇਖਰ, ਬੀ. ਪੀ. ਸਿੰਘ, ਵਾਜਪਾਈ ਤੇ ਪੰਡਤ ਪ੍ਰਕਾਸ਼ਵੀਰ ਸ਼ਾਸਤਰੀ ਦੇ ਭਾਸ਼ਣਾਂ ਨੂੰ ਕਦੇ ਸੁਣਿਓ, ਪਤਾ ਲੱਗਦਾ ਹੈ ਕਿ ਭਾਸ਼ਣ ਕਿਵੇਂ ਦਿੱਤਾ ਜਾਂਦਾ ਹੈ। ਭਾਸ਼ਣ ਵਿੱਚ ਵੀ ਸੰਸਕਾਰ ਹੁੰਦੇ ਹਨ ਪਰ ਨਰਿੰਦਰ ਮੋਦੀ ਦਾ ਭਾਸ਼ਣ ਸੰਸਕਾਰਾਂ ਤੋਂ ਸੱਖਣਾ ਜਾਪਿਆ। ਨਤੀਜਾ ਇਹ ਹੋਇਆ ਕਿ ਲੋਕਾਂ ਨੇ ਦੁਚਿੱਤੀ ਦੇ ਮੋੜ 'ਤੇ ਖੜਾ ਕਰ ਦਿੱਤਾ। ਹੁਣ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਜਾਂ ਨਾ ਬਣੇ ਪਰ ਵਿਰੋਧੀ ਪਾਰਟੀ ਦੇ ਕੋਲ ਹੁਣ ਤਾਕਤ ਬਹੁਤ ਜ਼ਿਆਦਾ ਹੈ। ਪਾਰਲੀਮੈਂਟ ਵਿੱਚ ਸਭ ਨੂੰ ਸਸਪੈਂਡ ਕਰ ਦੇਣਾ, ਇਹ ਤਮਾਸ਼ਾ ਹੁਣ ਨਹੀਂ ਚੱਲੇਗਾ। ਵਿਰੋਧੀ ਧਿਰ ਨੂੰ ਜੁੱਤੀ ਥੱਲੇ ਰੱਖਣਾ, ਇਹ ਪੈਂਤੜਾ ਫੇਲ੍ਹ ਹੋ ਗਿਆ ਹੈ।

ਹੋ ਸਕਦਾ ਹੈ ਕਿ ਹੁਣ ਮੀਡੀਆ ਦੀ ਰੀੜ੍ਹ ਦੀ ਹੱਡੀ ਵੀ ਮਜ਼ਬੂਤ ਹੋਣਾ ਸ਼ੁਰੂ ਕਰ ਦੇਵੇ। ਉਮੀਦ ਇਹ ਵੀ ਹੈ ਕਿ ਅਦਾਲਤਾਂ ਵੀ ਆਜ਼ਾਦ ਹੋ ਕੇ ਫ਼ੈਸਲੇ ਕਰਨ ਲੱਗ ਜਾਣ। ਬੀਜੇਪੀ ਤਾਂ ਭੁਲੇਖੇ ਵਿੱਚ ਹੀ ਰਹੀ, ਉਸ ਨੇ ਸੋਚਿਆ ਕਿ ਹਿੰਦੂ ਲਫ਼ਜ਼ ਨੂੰ ਹਥਿਆਰ ਦੀ ਤਰ੍ਹਾਂ ਵਰਤਾਂਗੇ। ਉੱਤਰ ਪ੍ਰਦੇਸ਼ ਆਪਣਾ ਹੈ, ਕਿਸਾਨਾਂ ਨੂੰ ਕਿੱਲਾਂ, ਜਲ ਤੋਪਾਂ ਅਤੇ ਕੰਧਾਂ ਲਗਾ ਕੇ ਰੋਕਾਂਗੇ, ਪੰਜਾਬੀਆਂ ਨੂੰ ਖ਼ਾਲਿਸਤਾਨੀ ਕਹਾਂਗੇ, ਅਸੀਂ ਸਭ ਨੂੰ ਕੁਚਲ ਦੇਵਾਂਗੇ ਕਿਉਂਕਿ ਸਾਡੇ ਕੋਲ ਹਿੰਦੂਤਵ ਵਾਲੀ ਡਾਂਗ ਹੈ।। ਅਯੁੱਧਿਆ ਵਾਲਿਆਂ ਨੇ ਸਾਬਤ ਕਰ ਦਿੱਤਾ ਕਿ ਧਰਮ ਦਾ ਵਪਾਰ ਹਰਗਿਜ਼ ਬਰਦਾਸ਼ਤ ਨਹੀਂ ਕਰਾਂਗੇ। ਰਾਮ ਮੰਦਰ ਦੇ ਉੱਤੇ ਪੂਰਾ ਚੋਣ ਪ੍ਰਚਾਰ ਟਿਕਿਆ ਹੋਇਆ ਸੀ ਪਰ ਲੋਕਾਂ ਨੇ ਕਿਹਾ ਕਿ ਧਾਰਮਿਕ ਧੰਦੇ ਦੇ ਖ਼ਿਲਾਫ਼ ਅਸੀਂ ਵੋਟ ਕਰਾਂਗੇ। 84 ਫੀਸਦੀ ਹਿੰਦੂਆਂ ਨੇ ਅਯੁੱਧਿਆ ਵਿੱਚ ਨਫ਼ਰਤ ਦੇ ਖ਼ਿਲਾਫ਼ ਵੋਟ ਕੀਤਾ ਹੈ। ਕੋਈ ਸ਼ੱਕ ਨਹੀਂ ਕਿ ਬੀਜੇਪੀ ਨੇ ਅਯੁੱਧਿਆ ਦੇ ਵਿੱਚ ਕੰਮ ਕੀਤਾ ਹੈ ਪਰ ਅਯੁੱਧਿਆ ਦੇ ਵਿਕਾਸ ਦੀ ਆੜ ਵਿੱਚ ਜ਼ਮੀਨ ਦੇ ਵੱਡੇ ਵੱਡੇ ਘੋਟਾਲੇ ਹੋਏ। ਗ਼ਰੀਬਾਂ ਦੇ ਘਰ ਤੋੜੇ ਗਏ, ਅਯੁੱਧਿਆ ਵਾਲਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਹਿੰਦੂ ਭਾਰਤੀ ਜਨਤਾ ਪਾਰਟੀ ਦਾ ਗ਼ੁਲਾਮ ਨਹੀਂ ਤੇ ਨਾ ਹੀ ਹਿੰਦੂਆਂ ਨੂੰ ਕੋਈ ਖ਼ਤਰਾ ਹੈ। ਬੀਜੇਪੀ ਦੀ ਹਾਰ ਦੇ ਕਾਰਨ ਕਈ ਹਨ ਪਰ ਵਿਵਾਦਿਤ ਬਿਆਨ ਅਤੇ ਉਹ ਵੀ ਪ੍ਰਧਾਨ ਮੰਤਰੀ ਦੀ ਜ਼ੁਬਾਨੋਂ, ਬੀਜੇਪੀ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਗਏ। ਯੂ.ਪੀ. ਦੇ ਵਿੱਚ ਭਾਜਪਾ 30 ਸੀਟਾਂ ਹਾਰ ਚੁੱਕੀ ਹੈ, ਹਰਿਆਣਾ ਤੇ ਰਾਜਸਥਾਨ ਵਿੱਚ ਵੀ ਵੱਡਾ ਧੱਕਾ ਲੱਗਿਆ ਹੈ। (ਬਾਕੀ ਸਫ਼ਾ 30 'ਤੇ)

## ਵੱਡੇ ਸੂਬਿਆਂ 'ਚ ਫੇਲ੍ਹ ਹੋਈ ਮੋਦੀ ਦੀ ਗਾਰੰਟੀ

ਭਾਜਪਾ ਨੇ ਪੂਰੀਆਂ ਚੋਣਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਿਹਰੇ 'ਤੇ ਕੇਂਦ੍ਰਿਤ ਕਰ ਦਿੱਤੀਆਂ ਸਨ ਅਤੇ ਟਿਕਟ ਵੰਡਣ ਤੋਂ ਲੈ ਕੇ ਚੋਣਾਂ ਦੀਆਂ ਤਿਆਰੀਆਂ ਦੀ ਸਾਰੀ ਰੂਪ ਰੇਖਾ ਬਣਾਉਣ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਦਖ਼ਲ ਸੀ। ਚੋਣਾਂ ਪਾਰਟੀ ਦੀਆਂ ਨਾ ਹੋ ਕੇ 'ਮੋਦੀ ਦੀ ਗਾਰੰਟੀ' ਬਨਾਮ ਹੋਰ ਹੋ ਗਈਆਂ ਜਦਕਿ ਵੱਡੇ ਸੂਬਿਆਂ 'ਚ ਵਿਰੋਧੀ ਧਿਰ ਪੂਰੀ ਤਰ੍ਹਾਂ ਨਾਲ ਇਕਜੁਟ ਹੋ ਕੇ ਚੋਣ ਲੜਦੀ ਨਜ਼ਰ ਆਈ। ਇਸ ਦਾ ਅਸਰ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਰਗੇ ਵੱਡੇ ਸੂਬਿਆਂ 'ਚ ਵੇਖਣ ਨੂੰ ਮਿਲਿਆ। ਉੱਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ ਨੇ ਜ਼ਬਰਦਸਤ ਵਾਪਸੀ ਕੀਤੀ ਅਤੇ ਮਹਾਰਾਸ਼ਟਰ 'ਚ ਊਧਵ ਠਾਕਰੇ ਦੀ ਅਗਵਾਈ ਵਾਲਾ ਮਹਾਵਿਕਾਸ ਅਘਾੜੀ ਗਠਜੋੜ ਭਾਜਪਾ ਨੂੰ ਸਖ਼ਤ ਟੱਕਰ ਦੇਣ 'ਚ ਸਫ਼ਲ ਰਿਹਾ।

# ਜੂਨ '84 ਦੇ ਅੱਲ੍ਹੇ ਜ਼ਖ਼ਮ 40 ਸਾਲ ਬੀਤਣ ਤੋਂ ਬਾਅਦ ਵੀ ਹਰੇ

## ਕਾਲੀਆਂ ਸੂਚੀਆਂ ਤੁਰਤ ਰੱਦ ਕਰ ਕੇ ਸਿੱਖਾਂ ਨੂੰ ਅਪਣੇ ਪ੍ਰਵਾਰਾਂ ਵਿਚ ਜੀਵਨ ਗੁਜ਼ਾਰਨ ਦਾ ਅਧਿਕਾਰ ਵਾਪਸ ਦਿਤਾ ਜਾਵੇ : ਜਥੇਦਾਰ ਕਰਤਾਰਪੁਰ



ਅੱਜ ਤੋਂ ਤਕਰੀਬਨ 40 ਸਾਲ ਪਹਿਲਾਂ ਜੂਨ 1984 ਨੂੰ ਦੇਸ਼ ਦੀ ਤਤਕਾਲੀ ਕਾਂਗਰਸ ਸਰਕਾਰ ਵਲੋਂ ਸਿੱਖਾਂ ਦੇ ਮੁਕੱਦਸ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਉਪਰ ਕੀਤੇ ਫ਼ੌਜੀ ਹਮਲੇ ਦੌਰਾਨ ਸੁੱਟੇ ਗਏ ਟੈਂਕਾਂ ਤੋਪਾਂ ਦੇ ਗੋਲਿਆਂ ਨਾਲ ਅੱਲ੍ਹੇ ਹੋਏ ਜ਼ਖ਼ਮ ਚਾਰ ਦਹਾਕੇ ਬੀਤ ਜਾਣ ਤੋਂ ਬਾਅਦ ਵੀ ਜਿਉਂ ਦੇ ਤਿਉਂ ਸਿੱਖਾਂ ਦੇ ਵਲੂੰਦਰੇ ਹੋਏ ਹਿਰਦਿਆਂ ਉਪਰ ਸੂਲਾਂ ਵਾਂਗ ਚੋਭਦੇ ਦਿਖਾਈ ਦਿੰਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਸਿੱਖ ਕੌਂਸਲ ਦੇ ਸੂਬਾ ਪ੍ਰਧਾਨ ਜਥੇਦਾਰ ਮੋਹਨ ਸਿੰਘ ਕਰਤਾਰਪੁਰ ਨੇ ਕਿਹਾ ਕਿ ਦੇਸ਼ ਦੀ ਅਜ਼ਾਦੀ ਸੰਨ '47 ਤੋਂ ਲੈ ਕੇ ਸਿੱਖਾਂ ਨਾਲ ਹੁੰਦੇ ਆ ਰਹੇ ਧੱਕੇ, ਜਬਰ ਦੀ ਦਾਸਤਾਨ ਜੂਨ ਮਹੀਨਾ ਸ਼ੁਰੂ ਹੁਦਿਆ ਹੀ ਸਿੱਖਾਂ ਦੇ ਕਲੇਜੇ ਦੀ ਚੀਸ ਨਸੂਰ ਬਣ ਕੇ ਜ਼ਖ਼ਮਾਂ ਨੂੰ ਹਰਾ ਕਰ ਦੇਂਦੀ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਸੂਬੇ ਦੀ ਵਿਧਾਨ ਸਭਾ ਤੋਂ ਲੈ ਕੇ ਦੇਸ਼ ਦੀ ਪਾਰਲੀਮੈਂਟ ਤਕ ਸਮੇਂ-ਸਮੇਂ 'ਤੇ ਇਹ ਗਹਿਰੇ ਮਸਲੇ ਅਪਣੇ ਆਪ ਵੱਖੋ ਵੱਖਰੇ ਰੂਪ 'ਚ ਉਭਰ ਕੇ ਸਾਹਮਣੇ ਆਉਂਦੇ ਰਹੇ ਹਨ, ਪਰੰਤੂ ਦੇਸ਼ ਦੀ ਆਜ਼ਾਦੀ ਲਈ ਸੱਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਨੂੰ ਇਨਸਾਫ਼ ਦਿਵਾਉਣ ਲਈ ਦੇਸ਼ ਅੰਦਰ ਬਣੇ ਸੰਵਿਧਾਨ ਦੇ ਰਾਖੇ ਕਹਾਉਣ ਵਾਲੇ ਰਾਜਨੀਤਿਕ ਦਲਾਂ ਦੀ ਲੀਡਰੀ ਚਮਕਾਉਣ ਵਾਲੇ ਪਹਿਰੇਦਾਰ ਵੀ ਸਿੱਖਾਂ ਨਾਲ ਹੋਏ ਧੱਕੇ ਦਾ ਇਨਸਾਫ਼ ਦਿਵਾਉਣ ਵਿਚ ਹਰ ਮੋੜ 'ਤੇ ਫੇਲ ਹੁੰਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਸੰਨ 1978 ਤੋਂ ਬਾਅਦ ਪੰਜਾਬ ਅੰਦਰ ਲਗਾਤਾਰ ਸਿੱਖਾਂ ਦੇ ਖ਼ੂਨ ਦੀਆਂ ਨਦੀਆਂ ਵਹਾਈਆਂ ਗਈਆਂ ਅਤੇ ਇਕ ਲੱਖ ਤੋਂ ਵੱਧ ਸਿੱਖਾਂ ਨੂੰ ਕਾਲੀਆਂ ਸੂਚੀਆਂ ਵਿਚ ਪਾ ਕੇ ਸਰਕਾਰਾਂ ਨੇ ਦੇਸ਼ ਧਰੋਹੀ ਖ਼ਿਤਾਬ ਦੇ ਕੇ ਅਪਣੇ ਹੀ ਦੇਸ਼ ਵਿਚੋਂ ਕੱਢ ਦਿਤੇ ਗਏ।

ਉਨ੍ਹਾਂ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਅਪੀਲ ਕੀਤੀ ਕਿ ਇਨ੍ਹਾਂ ਕਾਲੀਆਂ ਸੂਚੀਆਂ ਨੂੰ ਤੁਰਤ ਰੱਦ ਕਰ ਕੇ ਵਿਦੇਸ਼ਾਂ ਵਿਚ ਰਹਿ ਰਹੇ ਪਰਦੇਸੀ ਸਿੱਖਾਂ ਨੂੰ ਭਾਰਤ ਵਿਚ ਅਪਣੇ ਪ੍ਰਵਾਰਾਂ ਨਾਲ ਮਿਲਣ ਦਾ ਹੱਕ ਦਿਵਾ ਕੇ ਉਨ੍ਹਾਂ ਨੂੰ ਅਪਣੀ ਜ਼ਿੰਦਗੀ ਅਪਣੇ ਪ੍ਰਵਾਰਾਂ ਨਾਲ ਗੁਜ਼ਾਰਨ ਦਾ ਅਧਿਕਾਰ ਦਿਤਾ ਜਾਵੇ।

# ਪੱਤ ਝੜ ਗਏ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਆ....

# ਚੋਣ ਨਤੀਜਿਆਂ ਨੇ ਪੰਜਾਬ ਦੀ ਸਿਆਸਤ ਦੇ ਇਤਿਹਾਸ 'ਚ ਜੋੜਿਆ ਨਵਾਂ ਪੰਨਾ

## ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਖ਼ਾਲਸਾ ਦੇ ਰੂਪ ਵਿੱਚ ਨਵੀਂ ਪੰਥਕ ਧਿਰ ਉਭਰ ਕੇ ਆਈ ਸਾਹਮਣੇ

ਜਗਮੋਹਨ ਸਿੰਘ



ਪੰਜਾਬ ਵਿੱਚ ਚੱਲ ਰਹੀ ਭਰ ਗਰਮੀ ਦੀ ਰੁੱਤ ਵਿੱਚ ਹੀ ਪਤਝੜ ਤੇ ਬਸੰਤ ਰੁੱਤ ਦਾ ਅਹਿਸਾਸ 18ਵੀਂ ਲੋਕ ਸਭਾ ਲਈ ਪਈਆਂ ਵੋਟਾਂ ਦੇ ਚੋਣ ਨਤੀਜਿਆਂ ਨੇ ਕਰਵਾ ਦਿੱਤਾ ਹੈ। ਇਹਨਾਂ ਚੋਣ ਨਤੀਜਿਆਂ ਕਾਰਨ ਪੰਜਾਬ ਦੀ ਸਿਆਸਤ ਦੇ ਵਿਸ਼ਾਲ ਦਰਖ਼ਤ ਤੋਂ ਪੁਰਾਣੇ ਪੱਤੇ ਝੜ ਗਏ ਹਨ ਅਤੇ ਨਵੀਆਂ ਸਿਆਸੀ ਕਰੂੰਬਲਾਂ ਉਗ ਆਈਆਂ ਹਨ। ਜੇਠ ਮਹੀਨੇ ਚੱਲ ਰਹੀਆਂ ਗਰਮ ਲੂੰਆਂ ਦੌਰਾਨ ਹੀ ਪੰਜਾਬ 'ਚ ਚੋਣ ਨਤੀਜਿਆਂ ਤੋਂ ਬਾਅਦ ਠੰਡੀ ਹਵਾ ਦਾ ਪੰਥਕ ਸਿਆਸੀ ਬੁੱਲਾ ਆਇਆ ਹੈ, ਜਿਸ ਨੇ ਪੰਥਕ ਸਿਆਸਤ ਦੀ ਹੋਂਦ ਦਾ ਵੀ ਪ੍ਰਗਟਾਵਾ ਕੀਤਾ ਹੈ। ਖਡੂਰ ਸਾਹਿਬ, ਫਰੀਦਕੋਟ ਅਤੇ ਸੰਗਰੂਰ ਹਲਕਿਆਂ ਦੇ ਨਤੀਜਿਆਂ ਨੇ ਰਵਾਇਤੀ ਸਿਆਸੀ ਪਾਰਟੀਆਂ ਪ੍ਰਤੀ ਸਿੱਖਾਂ ਵਿੱਚ ਬੇਚੈਨੀ ਨੂੰ ਉਜਾਗਰ ਕੀਤਾ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ 328 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਸਨ ਅਤੇ ਇਹਨਾਂ ਚੋਣਾਂ ਦੌਰਾਨ ਪੰਜਾਬ ਵਿੱਚ 62.80 ਫ਼ੀਸਦੀ ਵੋਟਿੰਗ ਹੋਈ ਸੀ। ਅਸਲੀਅਤ ਤਾਂ ਇਹ ਹੈ ਕਿ ਪੰਜਾਬ ਵਿੱਚ ਵੱਡੀ ਗਿਣਤੀ ਵੋਟਰਾਂ ਨੇ ਆਪਣੀਆਂ ਵੋਟਾਂ ਚੁੱਪ ਚਪੀਤੇ ਪਾਈਆਂ ਸਨ ਤੇ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਦਾ ਖੁੱਲ ਕੇ ਸਮਰਥਨ ਨਹੀਂ ਸੀ ਕੀਤਾ ਪਰ ਚੁੱਪ ਚਪੀਤੇ ਪਈਆਂ ਇਹਨਾਂ ਵੋਟਾਂ ਨੇ ਪੰਜਾਬ ਵਿੱਚ ਵੱਡਾ ਸਿਆਸੀ ਧਮਾਕਾ ਕਰ ਦਿੱਤਾ ਹੈ। ਗੱਲ ਸ਼ੁਰੂ ਕਰਦੇ ਹਾਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ। ਭਾਈ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਵਿੱਚ ਹੋਣ ਦੇ ਬਾਵਜੂਦ ਉਸ ਦੀ ਵੱਡੀ ਜਿੱਤ ਹੋਣੀ ਕਈ ਮਾਇਨੇ ਰੱਖਦੀ ਹੈ। ਜ਼ਿਕਰਯੋਗ ਹੈ ਕਿ 'ਵਾਰਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਨੇ ਵੋਟਾਂ ਦੀ ਗਿਣਤੀ ਵਿੱਚ ਆਪਣੇ ਵਿਰੋਧੀ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਹੈ। ਇਹ ਲੀਡ ਪੰਜਾਬ ਅੰਦਰ ਹੋਰਨਾਂ ਸਭਨਾਂ ਹਲਕਿਆਂ ਤੋਂ ਜ਼ਿਆਦਾ ਹੈ। ਅੰਮ੍ਰਿਤਪਾਲ ਸਿੰਘ ਨੂੰ 4,04,430 ਅਤੇ ਕੁਲਬੀਰ ਸਿੰਘ ਜ਼ੀਰਾ ਨੂੰ 2,07,310 ਵੋਟਾਂ ਮਿਲੀਆਂ ਹਨ। ਆਮ ਆਦਮੀ ਪਾਰਟੀ ਦਾ ਉਮੀਦਵਾਰ ਲਾਲਜੀਤ ਸਿੰਘ ਭੁੱਲਰ 1,94,836 ਵੋਟਾਂ ਲੈ ਕੇ ਤੀਸਰੇ, ਅਕਾਲੀ ਦਲ ਦਾ ਉਮੀਦਵਾਰ ਵਿਰਸਾ ਸਿੰਘ ਵਲਟੋਹਾ 86,416 ਵੋਟਾਂ ਲੈ ਕੇ ਚੌਥੇ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਉਮੀਦਵਾਰ ਮਨਜੀਤ ਸਿੰਘ ਮੰਨਾ 85,373 ਵੋਟਾਂ ਲੈ ਕੇ ਪੰਜਵੇਂ ਸਥਾਨ 'ਤੇ ਰਿਹਾ ਹੈ। ਹੁਣ ਭਾਈ ਅੰਮ੍ਰਿਤਪਾਲ ਸਿੰਘ ਬਾਰੇ ਚਰਚਾ ਹੋ ਰਹੀ ਹੈ ਕਿ ਉਹਨਾਂ ਨੂੰ ਰਿਹਾਅ ਕੀਤਾ ਜਾਵੇਗਾ ਜਾਂ ਉਹ ਜੇਲ੍ਹ ਵਿੱਚੋਂ ਹੀ ਖਡੂਰ ਸਾਹਿਬ ਹਲਕੇ ਦੀ ਨੁਮਾਇੰਦਗੀ ਕਰਨਗੇ?

ਫਰੀਦਕੋਟ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਅਤੇ ਇੰਦਰਾ ਗਾਂਧੀ ਕਤਲ ਕੇਸ ਵਿੱਚ ਸ਼ਾਮਿਲ ਭਾਈ ਬੇਅੰਤ ਸਿੰਘ ਦੇ ਲੜਕੇ ਸਰਬਜੀਤ ਸਿੰਘ ਨੂੰ ਸ਼ਾਨਦਾਰ ਜਿੱਤ ਹਾਸਲ ਹੋਈ ਹੈ। ਵੋਟਾਂ ਦੀ ਗਿਣਤੀ ਦੌਰਾਨ ਭਾਈ ਸਰਬਜੀਤ ਸਿੰਘ ਨੂੰ ਕੁੱਲ 2,96,922 ਵੋਟਾਂ ਪਈਆਂ ਹਨ ਜਦੋਂ ਕਿ ਕਰਮਜੀਤ ਅਨਮੋਲ ਨੂੰ 2 ਲੱਖ 26 ਹਜ਼ਾਰ ਤੋਂ ਵੱਧ ਵੋਟਾਂ ਪਈਆਂ। ਕਾਂਗਰਸੀ ਉਮੀਦਵਾਰ ਅਮਰਜੀਤ ਕੌਰ ਸਾਹੋਕੇ 1 ਲੱਖ 60 ਹਜ਼ਾਰ ਵੋਟ ਲੈ ਕੇ ਤੀਜੇ ਨੰਬਰ 'ਤੇ ਰਹੀ। ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਉਮੀਦਵਾਰ ਰਾਜਵਿੰਦਰ ਸਿੰਘ 1 ਲੱਖ 38 ਹਜ਼ਾਰ ਵੋਟ ਲੈ ਕੇ ਚੌਥੇ ਸਥਾਨ 'ਤੇ ਰਹੇ। ਭਾਜਪਾ ਉਮੀਦਵਾਰ ਹੰਸ ਰਾਜ ਹੰਸ ਨੂੰ 1 ਲੱਖ 23 ਹਜ਼ਾਰ ਵੋਟਾਂ ਪਈਆਂ ਹਨ ਅਤੇ ਉਹ ਪੰਜਵੇਂ ਨੰਬਰ 'ਤੇ ਰਹੇ। ਵੋਟਾਂ ਦੀ ਗਿਣਤੀ ਦੇ ਕੁੱਲ 61 ਗੇੜ ਸਨ ਅਤੇ ਭਾਈ ਸਰਬਜੀਤ ਸਿੰਘ 52 ਗੇੜਾਂ ਵਿੱਚ ਲਗਾਤਾਰ ਜਿੱਤ ਦਰਜ ਕਰਦੇ ਰਹੇ। ਪੰਜਾਬ ਵਿੱਚ ਕਾਂਗਰਸ ਨੂੰ 7 ਅਤੇ ਆਮ ਆਦਮੀ ਪਾਰਟੀ ਨੂੰ 3 ਸੀਟਾਂ ਮਿਲਣਾ ਵੀ ਕਈ ਸਵਾਲ ਖੜੇ ਕਰਦਾ ਹੈ। ਇਸ ਤੋਂ ਇਲਾਵਾ ਅਕਾਲੀ ਦਲ ਬਾਦਲ ਨੂੰ ਸਿਰਫ਼ ਬਠਿੰਡਾ ਦੀ ਇਕੋ ਇੱਕ ਸੀਟ ਨਾਲ ਸਬਰ ਕਰਨਾ ਪੈ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਬਾਦਲ ਨੇ ਆਪਣਾ ਕਿਲਾ ਤਾਂ ਬਚਾਅ ਲਿਆ ਹੈ ਪਰ ਪੰਜਾਬ ਗੁਆ ਲਿਆ ਹੈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਜੇ ਅਕਾਲੀ ਦਲ ਬਠਿੰਡਾ ਸੀਟ ਵੀ ਹਾਰ ਜਾਂਦਾ ਤਾਂ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਜਾਣੀ ਸੀ।

ਆਮ ਆਦਮੀ ਪਾਰਟੀ ਨੂੰ ਮਿਲੀਆਂ 3 ਸੀਟਾਂ ਕਾਰਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ 13-0 ਦੇ ਦਾਅਵੇ ਦੀ ਵੀ ਫੂਕ ਨਿਕਲ ਗਈ ਹੈ। ਇਸ ਤੋਂ ਇਲਾਵਾ ਇਹਨਾਂ ਚੋਣਾਂ ਵਿੱਚ ਕਾਂਗਰਸ ਤੋਂ ਬਾਗੀ ਹੋ ਕੇ ਦੂਜੀਆਂ ਪਾਰਟੀਆਂ ਵਿੱਚ ਗਏ ਉਮੀਦਵਾਰਾਂ ਨੂੰ ਕਾਂਗਰਸੀ ਉਮੀਦਵਾਰਾਂ ਤੋਂ ਹੀ ਹਾਰ ਦਾ ਮੂੰਹ ਵੇਖਣਾ ਪਿਆ ਹੈ। ਪੰਜਾਬ ਵਿੱਚ ਭਾਜਪਾ ਨੇ 13 ਸੀਟਾਂ 'ਤੇ ਹੀ ਆਪਣੇ ਉਮੀਦਵਾਰ ਖੜੇ ਕੀਤੇ ਸਨ ਪਰ ਭਾਜਪਾ ਦੇ ਸਾਰੇ ਉਮੀਦਵਾਰਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ, ਜਿਸ ਤੋਂ ਪੰਜਾਬੀਆਂ ਖਾਸ ਕਰਕੇ ਕਿਸਾਨਾਂ ਦੀ ਭਾਜਪਾ ਨਾਲ ਨਾਰਾਜ਼ਗੀ ਦਾ ਪਤਾ ਚੱਲ ਜਾਂਦਾ ਹੈ। ਪਟਿਆਲਾ ਤੋਂ ਭਾਜਪਾ ਉਮੀਦਵਾਰ ਪਰਨੀਤ ਕੌਰ ਦੇ ਹਾਰਨ ਨਾਲ ਬੀਤੇ ਢਾਈ ਦਹਾਕਿਆਂ ਦੌਰਾਨ ਇਹ ਪਹਿਲੀ ਵਾਰ ਹੋਇਆ ਹੈ ਕਿ ਸ਼ਾਹੀ ਪਰਿਵਾਰ ਕੋਲ ਕੋਈ ਵੀ ਵਿਧਾਨਕ ਅਹੁਦਾ ਨਹੀਂ ਹੈ। ਪੰਜਾਬੀਆਂ ਨੇ ਦਲ ਬਦਲੂ ਉਮੀਦਵਾਰਾਂ ਨੂੰ ਵੀ ਹੁੰਗਾਰਾ ਨਾ ਭਰ ਕੇ ਉਹਨਾਂ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ। ਇਸ ਤੋਂ ਇਲਾਵਾ ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿੱਚ 67 ਹਜ਼ਾਰ ਲੋਕਾਂ ਨੇ 'ਨੋਟਾ' ਨੂੰ ਵੋਟਾਂ ਪਾਈਆਂ ਹਨ। 'ਨੋਟਾ' ਨੂੰ ਸਭ ਤੋਂ ਵੱਧ ਵੋਟਾਂ (9188) ਫਤਹਿਗੜ੍ਹ ਸਾਹਿਬ ਵਿੱਚ ਪਈਆਂ ਹਨ।

ਇਹਨਾਂ ਚੋਣਾਂ ਦੌਰਾਨ ਸਭ ਤੋਂ ਨਿਵੇਕਲੀ ਗੱਲ ਇਹ ਰਹੀ ਕਿ ਪੰਜਾਬ 'ਚ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਦੇ ਰੂਪ ਵਿੱਚ ਨਵੀਂ ਪੰਥਕ ਧਿਰ ਉਭਰ ਕੇ ਸਾਹਮਣੇ ਆਈ ਹੈ। ਦੋਵੇਂ ਉਮੀਦਵਾਰ ਹੀ ਆਜ਼ਾਦ ਰੂਪ ਵਿੱਚ ਵਿਰੋਧੀਆਂ ਨੂੰ ਵੱਡੇ ਫਰਕ ਨਾਲ ਹਰਾ ਕੇ ਚੋਣ ਜਿੱਤੇ ਹਨ। ਜਿਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ ਅਤੇ ਕਿਸ ਧਿਰ ਨੂੰ ਅਸਲੀ ਪੰਥਕ ਮੰਨਦੇ ਹਨ। ਦੋਵਾਂ ਪੰਥਕ ਆਗੂਆਂ ਦੀ ਜਿੱਤ ਨੇ ਪੰਜਾਬ ਵਿੱਚ ਪੰਥਕ ਸਿਆਸਤ ਦੀ ਹੋਂਦ ਦਾ ਪ੍ਰਗਟਾਵਾ ਵੀ ਕੀਤਾ ਹੈ।

ਪੰਜਾਬ ਵਿੱਚ 26 ਸਾਲ ਬਾਅਦ ਅਜਿਹਾ ਹੋਇਆ ਹੈ ਕਿ ਦੋ ਆਜ਼ਾਦ ਉਮੀਦਵਾਰ ਲੋਕ ਸਭਾ ਚੋਣਾਂ ਜਿੱਤ ਗਏ ਹਨ, ਇਸ ਤੋਂ ਪਹਿਲਾਂ 1998 ਵਿੱਚ ਫਿਲੌਰ ਤੋਂ ਸਤਨਾਮ ਕੈਂਥ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਜਿੱਤੇ ਸਨ। ਭਾਈ ਅੰਮ੍ਰਿਤਪਾਲ ਸਿੰਘ ਨੇ ਤਾਂ ਜੇਲ੍ਹ ਵਿੱਚ ਬੰਦ ਰਹਿੰਦੇ ਹੋਏ ਲੋਕ ਸਭਾ ਸੀਟ ਜਿੱਤਣ ਦਾ 35 ਸਾਲ ਦਾ ਪੁਰਾਣਾ ਰਿਕਾਰਡ ਵੀ ਤੋੜ ਦਿੱਤਾ ਹੈ। ਇਸ ਤੋਂ ਪਹਿਲਾਂ ਸਾਲ 1989 ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਲੋਕ ਸਭਾ ਹਲਕਾ ਤਰਨ ਤਾਰਨ (ਹੁਣ ਖਡੂਰ ਸਾਹਿਬ) ਤੋਂ ਸਿਮਰਨਜੀਤ ਸਿੰਘ ਮਾਨ ਅਤੇ ਪਟਿਆਲਾ ਲੋਕ ਸਭਾ ਹਲਕੇ ਤੋਂ ਭਾਈ ਅਤਿੰਦਰਪਾਲ ਸਿੰਘ ਨੇ ਜੇਲ੍ਹ ਵਿੱਚ ਰਹਿੰਦਿਆਂ ਲੋਕ ਸਭਾ ਚੋਣਾਂ ਜਿੱਤੀਆਂ ਸਨ। ਇਸ ਤਰ੍ਹਾਂ ਜਾਪ ਰਿਹਾ ਹੈ ਕਿ ਜਿਵੇਂ ਸਿਆਸੀ ਇਤਿਹਾਸ ਆਪਣੇ ਆਪ ਨੂੰ ਦੁਹਰਾਅ ਰਿਹਾ ਹੈ। ਸਾਲ 1989 ਵਿੱਚ ਸਿੱਖ ਪੰਥ ਨੇ ਸਿਮਰਨਜੀਤ ਸਿੰਘ ਮਾਨ ਅਤੇ ਉਹਨਾਂ ਦੇ ਸਾਥੀਆਂ 'ਤੇ ਭਰੋਸਾ ਕੀਤਾ ਸੀ ਅਤੇ ਲੋਕ ਸਭਾ ਚੋਣਾਂ ਵਿੱਚ ਉਹਨਾਂ ਦੀਆਂ ਵੱਡੀਆਂ ਜਿੱਤਾਂ ਹੋਈਆਂ ਸਨ, ਜਿਸਤੋਂ ਪੰਜਾਬ ਵਿੱਚ ਨਵੀਂ ਪੰਥਕ ਲਹਿਰ ਪੈਦਾ ਹੋ ਗਈ ਸੀ। ਹੁਣ ਸਿੱਖ ਪੰਥ ਨੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਨੂੰ ਅਗਵਾਈ ਕਰਨ ਦਾ ਮੌਕਾ ਦਿੱਤਾ ਹੈ ਤੇ ਹੁਣ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਪੰਥ ਦੀਆਂ ਉਮੀਦਾਂ 'ਤੇ ਖਰਾ ਉੱਤਰਨ ਦਾ ਪੂਰਾ ਯਤਨ ਕਰਨਗੇ।

### ਕੀ ਹੈ ਖਡੂਰ ਸਾਹਿਬ ਹਲਕੇ ਦਾ ਇਤਿਹਾਸ ?

ਖਡੂਰ ਸਾਹਿਬ ਲੋਕ ਸਭਾ ਸੀਟ ਚੋਣ ਕਮਿਸ਼ਨ ਦੇ ਹਲਕਿਆਂ ਦੀ ਸੂਚੀ ਵਿਚ ਹਲਕਾ ਨੰਬਰ 3। ਭਾਰਤੀ ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਿਕ ਲੋਕ ਸਭਾ ਹਲਕਾ ਖਡੂਰ ਸਾਹਿਬ ਵਿਚ 75.15 ਫੀਸਦੀ ਵਸੋਂ ਸਿੱਖਾਂ ਦੀ ਹੈ। ਇਸ ਲੋਕ ਸਭਾ ਹਲਕੇ ਅਧੀਨ ਵਿਧਾਨ ਸਭਾ ਦੇ 9 ਹਲਕੇ ਪੈਂਦੇ ਹਨ, ਜਿਸ ਵਿੱਚ ਜੰਡਿਆਲਾ, ਖੇਮਕਰਨ, ਤਰਨਤਾਰਨ, ਪੱਟੀ, ਖਡੂਰ ਸਾਹਿਬ, ਬਾਬਾ ਬਕਾਲਾ, ਕਪੂਰਥਲਾ, ਸੁਲਤਾਨਪੁਰ ਲੋਧੀ ਅਤੇ ਜ਼ੀਰਾ ਸ਼ਾਮਲ ਹਨ। ਚੋਣ ਕਮਿਸ਼ਨ ਮੁਤਾਬਕ ਇਸ ਵਾਰ 15 ਲੱਖ 63 ਹਜ਼ਾਰ 409 ਵੋਟਰ ਆਪਣਾ ਫ਼ੈਸਲਾ ਸੁਣਾਉਣਗੇ। 2009, 2014 ਅਤੇ 2019 ਵਿੱਚ ਇਸ ਸੀਟ 'ਤੇ ਹੋਈਆਂ ਆਮ ਚੋਣਾਂ ਵਿਚ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਦਬਦਬਾ ਰਿਹਾ ਸੀ। 2009 ਅਤੇ 2014 ਵਿਚ ਇਹ ਸੀਟ ਲਗਾਤਾਰ ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਹਾਸਲ ਕੀਤੀ ਸੀ। 2009 ਵਿਚ ਇਸ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਰਤਨ ਸਿੰਘ ਅਜਨਾਲਾ ਚੁਣੇ ਗਏ ਸਨ, ਜਦੋਂ ਕਿ ਪੰਜ ਸਾਲ ਬਾਅਦ 2014 ਵਿਚ ਹੋਈਆਂ ਆਮ ਚੋਣਾਂ ਵਿਚ ਇਹ ਸੀਟ ਸ਼੍ਰੋਮਣੀ ਅਕਾਲੀ ਦਲ ਦੇ ਰਣਜੀਤ ਸਿੰਘ ਬ੍ਰਹਮਪੁਰਾ ਦੇ ਹਿੱਸੇ ਗਈ ਸੀ। ਬ੍ਰਹਮਪੁਰਾ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਇੰਡੀਅਨ ਨੈਸ਼ਨਲ ਕਾਂਗਰਸ ਦੇ ਜਸਬੀਰ ਸਿੰਘ ਗਿੱਲ 2019 ਵਿੱਚ ਇਸ ਸੀਟ ਤੋਂ ਲੋਕ ਸਭਾ ਮੈਂਬਰ ਚੁਣੇ ਗਏ ਸਨ। ਜੇਕਰ 2019 ਦੀਆਂ ਆਮ ਚੋਣਾਂ 'ਤੇ ਨਜ਼ਰ ਮਾਰੀਏ ਤਾਂ ਇਸ ਸੀਟ 'ਤੇ ਮੁੱਖ ਮੁਕਾਬਲਾ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਏਕਤਾ ਪਾਰਟੀ ਵਿਚਾਲੇ ਸੀ। ਇੰਡੀਅਨ ਨੈਸ਼ਨਲ ਕਾਂਗਰਸ ਦੇ ਜਸਬੀਰ ਸਿੰਘ ਗਿੱਲ 44 ਫੀਸਦੀ (4 ਲੱਖ 59 ਹਜ਼ਾਰ 710) ਵੋਟਾਂ ਲੈ ਕੇ ਜੇਤੂ ਰਹੇ, ਜਦਕਿ ਸ਼੍ਰੋਮਣੀ ਅਕਾਲੀ ਦਲ ਦੀ ਬੀਬੀ ਜਗੀਰ ਕੌਰ ਕਰੀਬ 31 ਫੀਸਦੀ ਵੋਟਾਂ ਲੈ ਕੇ ਦੂਜੇ ਸਥਾਨ 'ਤੇ ਰਹੀ। ਤੀਜੇ ਨੰਬਰ 'ਤੇ ਪੰਜਾਬ ਏਕਤਾ ਪਾਰਟੀ ਦੀ ਬੀਬੀ ਪਰਮਜੀਤ ਕੌਰ ਖਾਲੜਾ ਰਹੀ, ਜਿਨ੍ਹਾਂ ਨੂੰ ਕੁੱਲ ਵੋਟਾਂ ਦਾ ਲਗਭਗ 21 ਫੀਸਦੀ ਵੋਟਾਂ ਮਿਲੀਆਂ।

# ਅੱਜ ਵੀ ਸਿੱਖਾਂ ਦੇ ਜ਼ਖ਼ਮ ਅੱਲ੍ਹੇ ਹਨ: ਜਥੇਦਾਰ ਰਘਬੀਰ ਸਿੰਘ

ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼ : ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇੱਥੇ ਕਿਹਾ ਕਿ ਜੂਨ ਦਾ ਪਹਿਲਾ ਹਫਤਾ ਸਿੱਖ ਭਾਈਚਾਰੇ ਲਈ ਵਿਸ਼ੇਸ਼ ਮਾਇਨੇ ਰੱਖਦਾ ਹੈ। ਉਨ੍ਹਾਂ ਕਿਹਾ ਕਿ ਭਲਕੇ ਚਾਰ ਜੂਨ ਨੂੰ ਆਉਣ ਵਾਲੇ ਚੋਣ ਨਤੀਜਿਆਂ ਵਿੱਚ ਜੇਤੂ ਉਮੀਦਵਾਰਾਂ ਨੂੰ ਸਿੱਖ ਭਾਈਚਾਰੇ ਦੀਆਂ ਇਨ੍ਹਾਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਜਸ਼ਨ ਨਹੀਂ ਮਨਾਉਣੇ ਚਾਹੀਦੇ। ਉਨ੍ਹਾਂ ਕਿਹਾ ਕਿ 1984 ਵਿੱਚ ਤਤਕਾਲੀ ਹਕੂਮਤ ਨੇ ਸਿੱਖਾਂ ਦੇ ਕੇਂਦਰੀ ਧਾਰਮਿਕ ਸਥਾਨ 'ਤੇ ਟੈਂਕਾਂ ਅਤੇ ਤੋਪਾਂ ਨਾਲ ਹਮਲਾ ਕਰਵਾ ਕੇ ਆਸਥਾ ਦੇ ਕੇਂਦਰ ਨੂੰ ਢਹਿ-ਢੇਰੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਅੱਜ ਵੀ ਸਿੱਖਾਂ ਦੇ ਜ਼ਖ਼ਮ ਅੱਲ੍ਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਵੀ ਇਹ ਹਫ਼ਤਾ ਸਰਕਾਰੀ ਪੱਧਰ 'ਤੇ ਸ਼ਹੀਦੀ ਹਫਤਾ ਐਲਾਨਣਾ ਚਾਹੀਦਾ ਹੈ।



ਇਸ ਤੋਂ ਪਹਿਲਾਂ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਵੱਲੋਂ ਨੌਜਵਾਨਾਂ ਨੂੰ ਗੁਰਮਤਿ ਅਤੇ ਸਿੱਖ ਇਤਿਹਾਸ ਨਾਲ ਜੋੜਨ ਦੇ ਮਕਸਦ ਨਾਲ ਸ਼ੁਰੂ ਕੀਤੇ ਗਏ ਸਾਲਾਨਾ ਗੁਰਮਤਿ ਚੇਤਨਾ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਈ ਚਾਵਲਾ ਹਰ ਸਾਲ ਨੌਜਵਾਨਾਂ ਨੂੰ ਆਪਣੇ ਅਮੀਰ ਤੇ ਗੌਰਵਮਈ ਇਤਿਹਾਸ ਨਾਲ ਜੋੜਨ ਦੀ ਚੇਟਕ ਲਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਇੱਕ ਹਫਤਾ ਚੱਲਣ ਵਾਲੇ ਇਸ ਕੈਂਪ ਦੇ ਸਾਰਥਿਕ ਨਤੀਜੇ ਨਿਕਲਦੇ ਹਨ।

# ਜੂਨ '84 ਨੂੰ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ ਟੀਸ ਸਾਡੇ ਦਿਲਾਂ 'ਚ ਹਮੇਸ਼ਾ ਰਹੇਗੀ : ਗਿਆਨੀ ਹਰਪ੍ਰੀਤ ਸਿੰਘ

ਅੰਮ੍ਰਿਤਸਰ /ਏ.ਟੀ.ਨਿਊਜ਼: ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਹਮਲੇ ਦੀ ਟੀਸ ਸਾਡੇ ਦਿਲਾਂ ਵਿਚ ਹਮੇਸ਼ਾ ਰਹੇਗੀ। ਦੀਵਾਨ ਹਾਲ ਮੰਜੀ ਸਾਹਿਬ ਵਿਖੇ ਕਥਾ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਜਥੇਦਾਰ ਨੇ ਕਿਹਾ ਕਿ ਬੇਸ਼ੱਕ ਇਸ ਹਮਲੇ ਨੂੰ 40 ਸਾਲ ਬੀਤ ਚੁੱਕੇ ਹਨ, ਇਸ ਹਮਲੇ ਦੀ ਟੀਸ ਸਾਡੇ ਦਿਲਾਂ ਵਿਚ ਹਮੇਸ਼ਾ ਬਰਕਰਾਰ ਰਹੇਗੀ, ਇਹ ਜ਼ਖ਼ਮ ਸਾਡੇ ਦਿਲਾਂ ਵਿਚ ਹਮੇਸ਼ਾ ਤਾਜ਼ਾ ਰਹਿਣਗੇ। ਜਥੇਦਾਰ ਨੇ ਕਿਹਾ ਕਿ 1 ਜੂਨ ਤੋਂ ਲੈ ਕੇ 6 ਜੂਨ ਤੱਕ ਅੰਮ੍ਰਿਤਸਰ ਵਿਚ ਬਹੁਤ ਕਹਿਰ ਵਰਤਿਆ ਸੀ। ਇਹ 6 ਦਿਨ ਸਿੱਖ ਕੌਮ ਲਈ ਬਹੁਤ ਅਸਹਿ ਤੇ ਅਕਹਿ ਹਨ। ਇਨ੍ਹਾਂ ਦਿਨਾਂ ਵਿਚ ਹੀ ਭਾਰਤੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕੀਤਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਸ਼ਹੀਦ ਕੀਤਾ। ਹਜ਼ਾਰਾਂ ਸਿੱਖ, ਬੱਚੇ, ਬੀਬੀਆਂ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਇਕੱਠੇ ਹੋਏ ਸਨ, ਨੂੰ ਬਹੁਤ ਜ਼ਾਲਮਾਨਾਂ ਢੰਗ ਨਾਲ ਸ਼ਹੀਦ ਕੀਤਾ ਸੀ। ਅਸੀਂ ਹਮੇਸ਼ਾ ਆਪਣੇ ਸ਼ਹੀਦਾਂ ਨੂੰ ਯਾਦ ਕਰਦੇ ਰਹਾਂਗੇ। ਡੇਰਾ ਸਿਰਸਾ ਮੁਖੀ ਨੂੰ ਅਦਾਲਤ ਵੱਲੋਂ ਰਿਹਾਅ ਕੀਤੇ ਜਾਣ 'ਤੇ ਬੋਲਦਿਆਂ ਜਥੇਦਾਰ ਨੇ ਕਿਹਾ ਕਿ ਜਿਸ ਦੀ ਸਰਕਾਰ ਨਾਲ ਸੈਟਲਮੈਂਟ ਹੋ ਜਾਂਦੀ ਹੈ ਉਹ ਗੁਨਾਹਗਾਰ ਹੋਣ ਦੇ ਬਾਵਜੂਦ ਵੀ ਰਿਹਾਅ ਹੋ ਜਾਂਦਾ ਹੈ ਅਤੇ ਜਿਨ੍ਹਾਂ ਦੀ ਸਰਕਾਰ ਨਾਲ ਨਹੀਂ ਬਣਦੀ ਉਹ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਰਹਿ ਜਾਂਦੇ ਹਨ। ਸ਼ੱਕ ਹੈ ਕਿ ਇਹ ਰਿਹਾਈ ਸਰਕਾਰੀ ਸੈਟਲਮੈਂਟ ਕਾਰਨ ਹੀ ਹੋਈ ਹੈ। ਇਸ ਤੋਂ ਪਹਿਲਾਂ ਕਥਾ ਦੌਰਾਨ ਵੀ ਜਥੇਦਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਜੂਨ 1984 ਦੇ ਹਮਲੇ ਬਾਰੇ ਹੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।

# ਗੁਰਦੁਆਰਾ ਸਿੱਖ ਸੈਂਟਰ ਫਰੈਕਫੋਰਟ ਜਰਮਨੀ ਵਿੱਚ ਜੂਨ ’84 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਹੋਏ ਸ਼ਹੀਦੀ ਸਮਾਗਮ

ਨਵੀਂ ਦਿੱਲੀ /ਏ.ਟੀ.ਨਿਊਜ਼ :- ਗੁਰਦੁਆਰਾ ਸਿੱਖ ਸੈਂਟਰ ਫਰੈਕਫੋਰਟ ਵਿੱਚ ਜੂਨ ’84 ਦੇ ਤੀਜੇ ਖ਼ੂਨੀ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਇਆਂ ਗਿਆ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ ਸਜੇ ਹੋਏ ਦੀਵਾਨ ਵਿੱਚ ਨੌਜਵਾਨ ਬੱਚਿਆ ਤੇ ਭਾਈ ਗੁਰਨਿਸ਼ਾਨ ਸਿੰਘ ਪੱਟੀ ਦੇ ਜਥੇ ਨੇ ਇਲਾਹੀ ਗੁਰਬਾਣੀ ਦਾ ਕੀਰਤਨ ਤੇ ਦੇਸ਼ ਪੰਜਾਬ ਤੋ ਵਿਸ਼ੇਸ਼ ਤੌਰ ਤੇ ਪੰਹੁਚੇ ਪੰਥ ਦੇ ਪ੍ਰਸਿੱਧ ਸ਼੍ਰੋਮਣੀ ਕਵੀਸ਼ਰ ਭਾਈ ਅਮਰਜੀਤ ਸਿੰਘ ਸਭਰਾਵਾਂ ਦੇ ਕਵੀਸ਼ਰੀ ਜਥੇ ਨੇ ਕਵੀਸ਼ਰੀ ਵਾਰਾ ਦੁਆਰਾਂ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕੀਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਅਵਤਾਰ ਸਿੰਘ ਬੱਬਰ, ਭਾਈ ਹੀਰਾ ਸਿੰਘ ਮੱਤੇਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ, ਭਾਈ ਗੁਰਦਿਆਲ ਸਿੰਘ ਲਾਲੀ ਸਿੱਖ ਫੈਡਰੇਸ਼ਨ, ਭਾਈ ਜਗਤਾਰ ਸਿੰਘ ਮਾਹਲ, ਸ਼੍ਰੋਮਣੀ ਅਕਾਲੀ ਦਲ ਫਤਿਹ, ਭਾਈ ਬਲਕਾਰ ਸਿੰਘ, ਭਾਈ ਨਰਿੰਦਰ ਸਿੰਘ ਘੋਤੜਾ, ਭਾਈ ਅਨੂਪ ਸਿੰਘ ਘੋਤੜਾ ਨੇ ਵੀਚਾਰਾ ਦੀ ਸਾਂਝ ਪਾਈ ਤੇ ਸਮੂਹ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕਰਦਿਆਂ ਹੋਇਆਂ ਬੁਲਾਰਿਆਂ ਨੇ ਕਿਹਾ ਕਿ ਭਾਰਤੀ ਫੌਜਾਂ ਨੇ ਜੂਨ 84 ਵਿੱਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸ਼ਰਧਾਂ ਨਾਲ ਮਨਾਉਣ ਲਈ ਸ੍ਰੀ ਦਰਬਾਰ ਸਾਹਿਬ ਤੇ ਹੋਰ ਇਤਿਹਾਸਿਕ ਗੁਰਦੁਆਰਾਂ ਸਾਹਿਬਾਂ ਵਿੱਚ ਇਕੱਤਰ ਹੋਈਆਂ ਸੰਗਤਾਂ ਤੇ ਪੂਰੇ ਪੰਜਾਬ ਵਿੱਚ ਕਰਫਿਊ ਲਗਾ ਕੇ ਰੂਹਾਨੀਅਤ ਦੇ ਪ੍ਰਤੀਕ ਸ੍ਰੀ ਦਰਬਾਰ ਸਾਹਿਬ ਤੇ ਹੋਰ 38 ਗੁਰਧਾਮਾਂ ਤੇ ਟੈਕਾਂ ਤੋਪਾਂ ਨਾਲ ਹਮਲਾਂ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਢਹਿ ਢੇਰੀ ਤੇ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਛਲਣੀ ਕੀਤਾ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ 2500 ਤੋਂ ਵੱਧ ਬੀੜਾਂ ਨੂੰ ਅੱਗਣ ਭੇਟ, ਹਜ਼ਾਰਾਂ ਸਿੰਘਾਂ ਸਿੰਘਣੀਆਂ ਭੁਝੰਗੀਆਂ ਇੱਥੋ ਤੱਕ ਦੁੱਧ ਚੁੰਘਦੇ ਬੱਚਿਆਂ ਨੂੰ ਵੀ ਨਿਰਦਈਪੁਣੇ ਦੀਆਂ ਸਭ ਸੀਮਾਂ ਉਲੰਘ ਕੇ ਸਿੱਖ ਕੌਮ ਨੂੰ ਬੇਗਾਨਗੀ ਦਾ ਅਹਿਸਾਸ ਹੀ ਨਹੀ ਕਰਾਇਆ ਸਗੋ ਹਿੰਦੋਸਤਾਨ ਦੀ ਹਕੂਮਤ ਨੇ ਜੂਨ ’84 ਦਾ ਖੂਨੀ ਘੱਲੂਘਾਰਾ ਵਰਤਾਕੇ ਸਿੱਖ ਕੌਮ ਦੇ ਹਿਰਦਿਆਂ ਤੇ ਨਾ ਮਿਟਣ ਵਾਲੇ ਜੋ ਜ਼ਖਮ ਉੱਕਰ ਦਿੱਤੇ ਹਨ ਇਹ 40 ਸਾਲ ਬੀਤ ਜਾਣ ਤੋਂ ਬਾਅਦ ਵੀ ਜੂਨ ਦੇ ਪਹਿਲੇ ਹਫ਼ਤੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਹਰ ਗੁਰਸਿੱਖ ਮਾਈ-ਭਾਈ ਨੂੰ ਟੈਂਕ ਹਰਿਮੰਦਰ ਸਾਹਿਬ ਦੀਆਂ ਪ੍ਰੀਕਰਮਾ ਅੰਦਰ ਨਹੀਂ ਬਲਕਿ ਆਪਣੀ ਛਾਤੀ ’ਤੇ ਚੜ੍ਹੇ ਮਹਿਸੂਸ ਹੁੰਦੇ ਹਨ। ਤੋਪਾਂ ਦੇ ਗੋਲੇ ਅਕਾਲ ਤਖਤ ਸਾਹਿਬ ’ਤੇ ਨਹੀਂ ਸਗੋਂ ਆਪਣੇ ਸਾਰੇ ਵਜੂਦ ’ਤੇ ਡਿੱਗਦੇ ਮਹਿਸੂਸ ਹੁੰਦੇ ਹਨ! ਖਾਲਸਾ ਪੰਥ ਦੀ ਆਨ-ਸ਼ਾਨ ਲਈ ਆਵਾਜ਼ ਬੁਲੰਦ ਕਰਨ ਵਾਲੇ, 20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਸਿਪਾਹੀ ਬਾਬਾ ਜਰਨੈਲ ਸਿੰਘ ਜੀ ਦਾ ਸੁਨੇਹਾ ਕੌਮ ਨੂੰ ਬੜੀ ਚੰਗੀ ਤਰ੍ਹਾਂ ਯਾਦ ਹੈ - ‘ਜਿਸ ਦਿਨ ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ ਭਾਰਤੀ ਫੌਜ ਨੇ ਪੈਰ ਪਾਇਆ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ!’ ਸੰਤ ਜੀ ਦੀ ਸਿੰਘ-ਗਰਜਣਾ ਅੱਜ ਵੀ ਕੌਮੀ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਖਾਲਸਾ ਰਾਜ ਦੀ ਸ਼ਮ੍ਹਾਂ ’ਤੇ ਕੁਰਬਾਨ ਹੋਣ ਲਈ ਪ੍ਰੇਰਿਤ ਕਰ ਰਹੀ ਹੈ। ਅਕਾਲ ਤਖਤ ਦੀ ਰਾਖੀ ਕਰਦਿਆ ਸ਼ਹੀਦੀ ਪਾਉਣ ਵਾਲੇ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਜਰਨਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਭਾਈ ਮਹਿੰਗਾ ਸਿੰਘ ਬੱਬਰ ਤੇ ਉਨ੍ਹਾਂ ਦੇ ਸੈਂਕੜੇ ਸਾਥੀਆਂ ਦੀ ਯਾਦ ਅੱਜ ਵੀ ਖਾਲਸਾ ਰਾਜ ਦੇ ਸਿਪਾਹ ਸਿਲਾਰਾ ਦੇ ਰਾਹ ਨੂੰ ਰੁਸ਼ਨਾ ਰਹੀ ਹੈ। ਦੂਜੇ ਪਾਸੇ ਹਿੰਦੋਸਤਾਨ ਦੀ ਹਕੂਮਤ ਦਾ ਸਿੱਖਾਂ ਦੀ ਨਸਲਕੁਸ਼ੀ ਕਰਨ ਤੋਂ ਬਾਅਦ ਵੀ ਸਿੱਖ ਕੌਮ ਦੀਆਂ ਭਾਵਨਾਂ ਤੇ ਜ਼ਖਮਾਂ ਦੀ ਭਰਾਈ ਕਰਨ ਦੀ ਬਜਾਏ ਆਪਣੀ ਚਾਣਕੀਆਂ ਸਾਮ, ਭੇਦ, ਦਾਮ, ਦੰਡ ਦੀ ਨੀਤੀ ਵਰਤ ਕੇ ਇਸ ਸਾਰੇ ਕੁਝ ਨੂੰ ਭੁਲ ਜਾਣ ਤੇ ਭਲਾਉਣ ਦੀਆਂ ਸਲਾਹਾਂ ਦਿੱਤੀਆਂ ਜਾ ਰਿਹੀਆਂ ਹਨ ਜਿਸ ਵਿੱਚ ਸਿੱਖ ਕੌਮ ਦੇ ਮਰੀ ਹੋਈ ਜ਼ਮੀਰ ਵਾਲੇ ਆਗੂ ਵੀ ਆਪਣੇ ਨਿੱਜੀ ਸਵਾਰਥਾਂ ਦੀ ਖਾਤਰ ਕੌਮ ਨਾਲ ਹੋਏ ਇਸ ਕਹਿਰ ਨੂੰ ਭੁੱਲ ਗਏ ਹਨ ਤੇ ਕੌਮ ਨੂੰ ਭੁਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਪਰ ਜਗਦੀ ਜ਼ਮੀਰ, ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾਂ ਰੱਖਣ ਵਾਲੇ ਸਿੱਖ ਭਾਰਤ ਦੀ ਹਕੂਮਤ ਦੇ ਜ਼ੁਲਮਾਂ ਨੂੰ ਕਦੀ ਵੀ ਨਹੀ ਭੁਲਾਉਣਗੇ। ਸੋ ਇਹ ਦਰਸਾਉਣ ਲਈ ਕਿ ਜੋ ਅੱਜ ਤੋਂ 40 ਸਾਲ ਪਹਿਲਾਂ ਸਿੱਖ ਕੌਮ ਦੇ ਹਿਰਦਿਆਂ ਤੇ ਜ਼ਖਮ ਉੱਕਰੇ ਸਨ ਉਹ ਅੱਜ ਵੀ ਉਸੇ ਤਰ੍ਹਾਂ ਅੱਲੇ ਹਨ। ਕੌਮਾਂ ਘੱਲੂਘਾਰਿਆਂ ਨਾਲ ਨਹੀਂ ਮਰਦੀਆਂ ਪਰ ਜਿਹੜੀਆਂ ਕੌਮਾਂ ਘੱਲੂਘਾਰਿਆ ਨੂੰ ਭੁੱਲ ਜਾਣ ਕਰਕੇ ਮਰ ਜਾਂਦੀਆਂ ਹਨ ਗੁਰਦੁਅਰਾ ਸਾਹਿਬ ਵਿੱਚ ਖਾਲਿਸਤਾਨ ਦੀ ਅਜ਼ਾਦੀ ਲਈ ਸ਼ਹੀਦ ਸਿੰਘਾਂ ਤੇ ਸਰਕਾਰੀ ਜ਼ੁਲਮ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਗਈ ਤੇ ਸਹਿਯੋਗ ਲਈ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।



# ਘੱਲੂਘਾਰੇ ਦੀ ਯਾਦ ਨੂੰ ਸਿੱਖ ਮਾਨਸਿਕਤਾ ’ਚੋਂ ਮਿਟਾਉਣ ਦੀਆਂ ਅਸਫ਼ਲ ਕੋਸ਼ਿਸ਼ਾਂ



ਬਘੇਲ ਸਿੰਘ ਧਾਲੀਵਾਲ



ਦੇਸ਼ ਅੰਦਰ 18ਵੀਂ ਲੋਕ ਸਭਾ ਚੋਣ ਮੁਕੰਮਲ ਹੋ ਚੁੱਕੀ ਹੈ। ਭਾਵ ਸੱਤਵੇਂ ਅਤੇ ਆਖਰੀ ਗੇੜ ਦੀਆਂ ਚੋਣਾਂ ਬੀਤੇ ਕੱਲ 1 ਜੂਨ ਨੂੰ ਪੈ ਚੁੱਕੀਆਂ ਹਨ। ਇਹ ਆਖਰੀ ਦੌਰ ਦੀ ਚੋਣ ਪ੍ਰਕਿਰਿਆ ਵਿੱਚ ਬਿਹਾਰ, ਹਿਮਾਚਲ ਪ੍ਰਦੇਸ਼, ਝਾਰਖੰਡ, ਓਡੀਸ਼ਾ, ਪੰਜਾਬ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਅਤੇ ਚੰਡੀਗੜ੍ਹ ਦੀਆਂ ਕੁਲ 57 ਸੀਟਾਂ ਉੱਤੇ ਵੋਟਾਂ ਪਈਆਂ। ਪੰਜਾਬ ਨੂੰ ਆਖਰੀ ਦੌਰ ਦੀ ਚੋਣ ਪ੍ਰਕਿਰਿਆ ਵਿੱਚ ਸ਼ੁਮਾਰ ਕੀਤੇ ਜਾਣ ਨੂੰ ਲੈ ਕੇ ਸਵਾਲ ਉੱਠ ਰਹੇ ਹਨ। ਚੋਣਾਂ ਦੀ ਮਿਤੀ ਇੱਕ ਜੂਨ ਸਿੱਖਾਂ ਲਈ ਇਸ ਕਰਕੇ ਦੁਬਿਧਾ ਪੈਦਾ ਕਰਦੀ ਹੈ, ਕਿਉਂਕਿ ਇਹ ਦਿਨ ਸਿੱਖਾਂ ਦੇ ਜ਼ਖਮਾਂ ਨੂੰ ਕੁਰੇਦਣ ਵਾਲਾ ਹੁੰਦਾ ਹੈ। ਇੱਕ ਜੂਨ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ’ਤੇ ਭਾਰਤੀ ਫ਼ੌਜ ਵੱਲੋਂ ਚੜਾਈ ਕੀਤੀ ਗਈ ਸੀ। ਇੱਕ ਜੂਨ ਤੋਂ 6 ਜੂਨ ਤੱਕ ਫ਼ੌਜ ਨੇ ਸਿੱਖਾਂ ’ਤੇ ਅਜਿਹੇ ਕਹਿਰ ਢਾਹੇ ਸਨ, ਜਿਹੜੇ ਦੁਨੀਆਂ ਭਰ ਦੇ ਜ਼ਾਲਮ ਤਾਨਸ਼ਾਹਾਂ ਦੇ ਜੁਲਮਾਂ ਨੂੰ ਵੀ ਬੌਨਾ ਕਰਨ ਵਾਲੇ ਸਨ। ਇਸ ਖੂਨੀ ਹਫ਼ਤੇ ਨੇ ਸਿੱਖਾਂ ਦੇ ਸੁਰਖ ਇਤਿਹਾਸ ਵਿੱਚ ਖੂਨ ਨਾਲ ਲੱਥ ਪੱਥ ਇੱਕ ਹੋਰ ਅਜਿਹਾ ਨਵਾਂ ਪੰਨਾ ਜੋੜ ਦਿੱਤਾ, ਜਦੋਂ ਭਾਰਤੀ ਫ਼ੌਜ ਨੇ ਆਪਣੇ ਹੀ ਲੋਕਾਂ ਨਾਲ ਅਜਿਹਾ ਸਲੂਕ ਕੀਤਾ ਸੀ, ਜਿਹੜਾ ਸੱਭਿਅਕ ਮੁਲਕਾਂ ਵਿੱਚ ਬੇਗਾਨੇ ਲੋਕਾਂ ਨਾਲ ਵੀ ਨਹੀਂ ਕੀਤਾ ਜਾਂਦਾ। ਜੂਨ ਮਹੀਨੇ ਦੇ ਪਹਿਲੇ ਇੱਕ ਹਫ਼ਤੇ ਵਿੱਚ ਹੀ ਫ਼ੌਜਾਂ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਅਤੇ ਉਹਨਾਂ ਦੇ ਕੁੱਝ ਮੁੱਠੀ ਭਰ ਮਰਜੀਵੜਿਆਂ ਸਮੇਤ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਹਜ਼ਾਰਾਂ ਸਿੱਖ ਸੰਗਤਾਂ ਨੂੰ ਕੋਹ ਕੋਹ ਕੇ ਨਿਰਦਾਇਤਾ ਦੇ ਨਾਲ ਸ਼ਹੀਦ ਕਰ ਦਿੱਤਾ ਸੀ,ਜਿੰਨਾਂ ਵਿੱਚ 18 ਦਿਨ ਦੇ ਬੱਚੇ ਤੋਂ ਲੈ ਕੇ 90,95 ਸਾਲ ਤੱਕ ਦੇ ਬਜ਼ੁਰਗ ਮਰਦ ਔਰਤਾਂ ਵੀ ਸ਼ਾਮਲ ਸਨ। ਭਾਰਤੀ ਫ਼ੌਜਾਂ ਨੇ ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਕੇ ਸਿੱਖਾਂ ਨੂੰ ਅਜਿਹੇ ਜ਼ਖਮ ਦਿੱਤੇ, ਜਿਹੜੇ ਸ਼ਾਇਦ ਰਹਿੰਦੀ ਦੁਨੀਆਂ ਤੱਕ ਰਿਸਦੇ ਰਹਿਣਗੇ। ਜਦੋਂ ਇੱਕ ਜੂਨ ਦਾ ਦਿਨ ਆਉਂਦਾ ਹੈ, ਤਾਂ ਸਿੱਖਾਂ ਦੇ ਮਨਾਂ ਵਿੱਚ ਢੱਠੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਸਵੀਰ ਮੁੜ ਰੂਪਮਾਨ ਹੋ ਜਾਂਦੀ ਹੈ। ਬੱਚੇ ਬਜ਼ੁਰਗ, ਬੀਬੀਆਂ ਅਤੇ ਨੌਜਵਾਨਾਂ ਦੇ ਬੇਰਹਿਮੀ ਨਾਲ ਘਾਣ ਦੀ ਖੌਫ਼ਨਾਕ ਤਸਵੀਰ ਨੌਜਵਾਨ ਸਿੱਖ ਜਜ਼ਬਿਆਂ ਨੂੰ ਉਤੇਜਿਤ ਕਰਦੀ ਹੈ। ਜੂਨ ਦੇ ਪਹਿਲੇ ਹਫ਼ਤੇ ਸਿੱਖ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਵੱਲੋਂ ਕੌਮ ਨਾਲ ਕੀਤੇ ਇਕਰਾਰ ਨਿਭਾਉਂਦਿਆਂ ਦਿੱਤੀਆਂ ਸ਼ਹਾਦਤਾਂ ਦੀ ਗਾਥਾ ਨੂੰ ਬੜੇ ਮਾਣ ਨਾਲ ਸੁਣਦੇ ਅਤੇ ਸੁਣਾਉਂਦੇ ਹਨ। ਸਿੱਖ ਜੁਆਨੀ ਇਸ ਹਫ਼ਤੇ ਆਪਣੇ ਸ਼ਹੀਦਾਂ ਨੂੰ ਯਾਦ ਕਰਨ ਦੇ ਨਾਲ ਨਾਲ ਉਹਨਾਂ ਦੇ ਕਹਿਣੀ ਅਤੇ ਕਰਨੀ ਦੀ ਇਕਸੁਰਤਾ ਵਾਲੇ ਸੰਘਰਸ਼ੀ ਜੀਵਨ ਤੋ ਪ੍ਰੇਰਨਾ ਵੀ ਲੈਂਦੀ ਹੈ ਪਰੰਤੂ ਇਸ ਵਾਰ ਕੇਂਦਰੀ ਤਾਕਤਾਂ ਵੱਲੋਂ ਜਾਣ ਬੁੱਝ ਕੇ ਪੰਜਾਬ ਅੰਦਰ ਵੋਟਾਂ ਦੀ ਤਰੀਕ ਇੱਕ ਜੂਨ ਰੱਖੀ ਗਈ, ਤਾਂ ਕਿ ਸਿੱਖ ਮਨਾਂ ਵਿਚੋਂ ਕੌਮੀ ਦੁੱਖ ਦਰਦ ਦੀ ਭਾਵਨਾ ਅਤੇ ਸਿੱਖ ਜਜ਼ਬੇ ਨੂੰ ਚੋਣਾਂ ਦੀਆਂ ਖੁਸ਼ੀਆਂ ਵਿੱਚ ਰਲਗੱਡ ਕਰਕੇ ਠੰਡਾ ਪਾਇਆ ਜਾ ਸਕੇ। ਇਹ ਸੱਚਮੁੱਚ ਬੜਾ ਚਲਾਕੀ ਮਕਾਰੀ ਅਤੇ ਮੰਦ ਭਾਵਨਾ ਵਾਲਾ ਵਰਤਾਰਾ ਹੈ, ਜਿਸ ਵਿੱਚ ਭੋਲ਼ੀ ਭਾਲ਼ੀ ਕੌਮ ਦਾ ਉਲਝਣਾ ਸੁਭਾਵਿਕ ਹੈ, ਕਿਉਂਕਿ ਚੋਣ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਜਿਸ ਤਰ੍ਹਾਂ ਦੇ ਹਾਲਾਤ ਹਕੂਮਤਾਂ ਵੱਲੋਂ ਬਣਾਏ ਹੋਏ ਹਨ, ਜਿਸ ਤਰ੍ਹਾਂ ਦੀਆਂ ਧੜੇਬੰਦੀਆਂ ਪੈਦਾ ਕੀਤੀਆਂ ਹੋਈਆਂ ਹਨ, ਉਹਨਾਂ ਵਿੱਚ ਕੌਮੀ ਜਜ਼ਬੇ ਵੀ ਪਛੜ ਕੇ ਰਹਿ ਜਾਂਦੇ ਹਨ। ਇੱਕ ਜੂਨ ਸਿੱਖਾਂ ਲਈ ਬੇਹੱਦ ਹੀ ਮਾੜਾ ਦਿਨ ਹੈ ਅਤੇ ਹਮੇਸ਼ਾ ਰਹੇਗਾ। ਜੂਨ ਦਾ ਇਹ ਪਹਿਲਾ ਹਫ਼ਤਾ ਸਿੱਖਾਂ ਲਈ ਜਿੱਥੇ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਦਾ ਸਮਾਂ ਹੁੰਦਾ ਹੈ, ਓਥੇ ਉਹਨਾਂ ਦੇ ਪਾਏ ਪੂਰਨਿਆਂ ’ਤੇ ਚੱਲਣ ਦਾ ਅਹਿਦ ਕਰਨ ਦਾ ਵੀ ਢੁਕਵਾਂ ਸਮਾਂ ਹੁੰਦਾ ਹੈ ਅਤੇ ਪਿਛਲੇ 40 ਸਾਲਾਂ ਦੌਰਾਨ ਹੋਏ ਕੌੜੇ ਤਜ਼ਰਬਿਆਂ ਨੂੰ ਪੜਚੋਲਣ ਦਾ ਸਮਾਂ ਵੀ ਹੁੰਦਾ ਹੈ, ਜਦੋਂ ਸਿੱਖ ਬੁੱਧੀਜੀਵੀ ਹਫ਼ਤਾ ਭਰ ਲਹੂ ਦੇ ਅੱਥਰੂ ਡੋਲਵੀਆਂ ਲਿਖਤਾਂ ਨਾਲ ਉਸ ਦੌਰ ਦੀ ਗਾਥਾ ਬਿਆਨ ਕਰਦੇ ਹਨ। ਇਹ ਸਮਾਂ ਭਾਵੇਂ ਹਕੂਮਤਾਂ ਵੱਲੋਂ ਕੀਤੇ ਜ਼ੁਲਮਾਂ ਦੀ ਦਾਸਤਾਨ ਨੂੰ ਯਾਦ ਦਿਲਾਉਣ ਵਾਲਾ ਹੁੰਦਾ ਹੈ, ਪਰ ਇਸ ਦੇ ਨਾਲ ਹੀ ਇਹ ਸਮਾਂ ਸਿੱਖ ਕੌਮ ਦੀ ਨਵੀਂ ਪੀੜੀ ਨੂੰ ਆਪਣੇ ਸ਼ਾਨਾਂਮੱਤੇ ਇਤਿਹਾਸ ਤੋਂ ਜਾਣੂ ਕਰਵਾਉਣ ਦਾ ਸਮਾਂ ਵੀ ਹੁੰਦਾ ਹੈ। ਸੁਹਿਰਦ ਸਿੱਖ ਬੁੱਧੀਜੀਵੀਆਂ ਵੱਲੋਂ ਆਏ ਸਾਲ ਜੂਨ ਚੁਰਾਸੀ ਦੇ ਹਕੂਮਤੀ ਜਬਰ ਦੀ ਗਾਥਾ ਸਿੱਖਾਂ ਦੀ ਨਵੀਂ ਨਸਲ ਦੇ ਮਨਾਂ ਵਿੱਚ ਉਤਾਰਨ ਦੇ ਯਤਨ ਹੁੰਦੇ ਹਨ। ਆਪਣੇ ਪੁਰਖਿਆਂ ਦੀਆਂ ਮਹਾਨ ਅਤੇ ਅਲੌਕਿਕ ਕਹਾਣੀਆਂ ਖੁਆਰ ਹੋ ਰਹੀ ਕੌਮ ਨੂੰ ਨਵਾਂ ਉਤਸ਼ਾਹ ਬਖਸ਼ਦੀਆਂ ਹਨ। ਇਸ ਵਾਰ ਵੋਟਾਂ ਦੇ ਨਸ਼ੇ ਵਿੱਚ ਗਲੇ ਤੱਕ ਲਹਿ ਚੁੱਕੇ ਸਿੱਖਾਂ ਨੂੰ ਇਹ ਕਦੇ ਵੀ ਨਹੀ ਸੀ ਵਿਸਾਰਨਾ ਚਾਹੀਦਾ ਕਿ ਭਾਰਤੀ ਸਿਸਟਮ ਨੇ ਜੂਨ ਦੇ ਇਸ ਹਫ਼ਤੇ ਦੌਰਾਨ ਸਿੱਖ ਕੌਮ ਨੂੰ ਕਿਹੋ ਜਿਹੇ ਜਖਮ ਦਿੱਤੇ ਸਨ, ਜਿੰਨਾਂ ਦੀ ਟੀਸ ਇੱਕ ਜੂਨ ਨੂੰ ਹਰ ਉਸ ਸਿੱਖ ਹਿਰਦੇ ਵਿੱਚ ਪੈਣੀ ਸ਼ੁਰੂ ਹੋ ਜਾਂਦੀ ਹੈ, ਜਿੰਨਾਂ ਦੇ ਖ਼ੂਨ ਵਿੱਚ ਰੱਤੀ ਭਰ ਵੀ ਗੈਰਤ ਦਾ ਮਾਦਾ ਸੰਚਾਰ ਕਰ ਰਿਹਾ ਹੈ। ਇਹ ਸਮਾਂ ਬਹੁਤ ਸਾਰੀਆਂ ਉਹ ਯਾਦਾਂ ਵੀ ਤਾਜ਼ਾ ਕਰ ਦਿੰਦਾ ਹੈ, ਜਦੋਂ ਇਸ ਕਹਿਰ ਦਾ ਬਦਲਾ ਲੈਣ ਲਈ ਦੇਸ਼ ਦੀ ਤਤਕਾਲੀ ਪ੍ਰਧਾਨ ਮੰਤਰੀ ਦੇ ਅੰਗ ਰੱਖਿਅਕਾਂ ਦੇ ਖ਼ੂਨ ਨੇ ਉਬਾਲ਼ਾ ਖਾਧਾ ਤੇ ਇੱਕ ਅਜਿਹਾ ਇਤਿਹਾਸ ਦੁਹਰਾ ਦਿੱਤਾ ਜਿਸ ਨੇ ਸਿੱਖਾਂ ਦੇ ਵਲੂੰਧਰੇ ਹਿਰਦਿਆਂ ਨੂੰ ਕੁੱਝ ਹੱਦ ਤੱਕ ਸਕੂਨ ਦਿੱਤਾ ਸੀ। ਹੁਣ ਜਦੋ ਫ਼ਿਰ ਇਹ ਖ਼ੂਨੀ ਹਫ਼ਤਾ ਆ ਗਿਆ ਹੈ, ਤਾਂ ਇਸ ਵਾਰ ਸਿੱਖ ਮਨਾਂ ਵਿੱਚ ਇਹ ਟੀਸ ਹੋਰ ਵੀ ਸਿੱਦਤ ਨਾਲ ਮਹਿਸੂਸ ਕੀਤੀ ਜਾਣੀ ਬਣਦੀ ਹੈ ਅਤੇ ਸੋਚਿਆ ਜਾਣਾ ਬਣਦਾ ਹੈ ਕਿ ਕਿਵੇਂ ਸਿਸਟਮ ਸਿੱਖ ਹਿਰਦਿਆਂ ’ਚੋ ਘੱਲੂਘਾਰੇ ਦੀ ਯਾਦ ਨੂੰ ਮਿਟਾਉਣ ਦੀਆਂ ਅਸਫ਼ਲ ਕੋਸ਼ਿਸ਼ਾਂ ਕਰ ਰਿਹਾ ਹੈ।

# ਅਮਰੀਕਾ ਖ਼ਬਰਨਾਮਾ

## ਅਮਰੀਕਾ ਦੇ ਸ਼ਹਿਰ ਕਲੀਵਲੈਂਡ ਵਿਖੇ ਰੀਜਨਲ 'ਸਿੱਖ ਯੂਥ ਸਿਮਪੋਜ਼ੀਅਮ 2024' ਕਰਵਾਇਆ

ਨਿਊਯਾਰਕ/ਏ.ਟੀ.ਨਿਊਜ਼ : ਓਹਾਇਓ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਨਾਂ ਦੀ ਸੰਸਥਾ ਵੱਲੋਂ ਹਰ ਸਾਲ ਕਰਵਾਏ ਜਾਂਦੇ ਸਲਾਨਾ ਸਿੱਖ ਯੂਥ ਸਿਮਪੋਜ਼ੀਅਮ 2024 ਸੰਬੰਧੀ ਖੇਤਰੀ (ਰੀਜਨਲ) ਪੱਧਰ ਦੇ ਭਾਸ਼ਨ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਕਲੀਵਲੈਂਡ 'ਚ ਸਥਿਤ ਗੁਰੂ ਨਾਨਕ ਫਾਊਂਡੇਸ਼ਨ ਰਿਚਫੀਲਡ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ। ਓਹਾਇਓ ਅਤੇ ਪੈਨਸਿਲਵੇਨੀਆ ਸੂਬੇ ਦੇ ਇਸ ਰੀਜਨਲ ਸਿਮਪੋਜ਼ੀਅਮ ਵਿੱਚ ਸਿਨਸਿਨਾਟੀ, ਡੇਟਨ, ਕੋਲੰਬਸ, ਕਲੀਵਲੈਂਡ ਅਤੇ ਪਿਟਸਬਰਗ ਸ਼ਹਿਰਾਂ ਦੇ 6 ਤੋਂ 22 ਸਾਲ ਤੱਕ ਦੀ ਉਮਰ ਦੇ 32 ਬੱਚਿਆਂ ਅਤੇ ਨੌਜਵਾਨਾਂ ਨੇ ਭਾਗ ਲਿਆ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਅਪ੍ਰੈਲ-ਮਈ ਦੇ ਮਹੀਨੇ ਵਿੱਚ ਸੂਬੇ ਦੇ ਵੱਖ-ਵੱਖ ਸ਼ਹਿਰਾਂ ਦੇ ਸਥਾਨਕ ਪੱਧਰ 'ਤੇ ਹੋਏ ਸਿਮਪੋਜ਼ੀਅਮ ਮੁਕਾਬਲਿਆਂ ਦੇ ਜੇਤੂ ਬੱਚੇ ਰੀਜਨਲ ਸਿਮਪੋਜ਼ੀਅਮ ਵਿੱਚ ਭਾਗ ਲੈਂਦੇ ਹਨ। ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ 4 ਮਹੀਨੇ ਪਹਿਲਾਂ ਇੱਕ ਕਿਤਾਬ ਦਿੱਤੀ ਜਾਂਦੀ ਹੈ ਅਤੇ ਬੱਚਿਆਂ ਨੇ ਉਸ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿੱਚ ਭਾਸ਼ਣ ਦੇ ਰੂਪ ਵਿੱਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ ਮਾਈ ਗੁਰੂਜ਼ ਬਲੈਸਿੰਗਜ਼ , ਦੂਜੇ ਨੂੰ ਟੀਚਿੰਗ ਸਿੱਖ ਹੈਰੀਟੇਜ ਟੂ ਯੂਥ , ਤੀਜੇ ਨੂੰ 20 ਮਿੰਟ ਗਾਈਡ ਟੂ ਦ ਸਿੱਖ ਫੇਥ ਅਤੇ ਚੌਥੇ ਨੂੰ ਕਲੈਸ਼ ਆਫ ਕਲਚਰ ਪੁਸਤਕ ਦਿੱਤੀ ਗਈ। 1984 ਦੇ ਘੱਲੂਘਾਰੇ ਅਤੇ ਕਤਲੇਆਮ ਦੀ 40ਵੀ ਵਰ੍ਹੇਗੰਢ ਨੂੰ ਸਮਰਪਿਤ ਪੰਜਵੇਂ ਗਰੁੱਪ ਦਾ ਵਿਸ਼ਾ 1984 ਦਾ ਘੱਲੂਘਾਰਾ ਅਤੇ ਉਸ ਤੋਂ ਬਾਅਦ ਦਾ ਸਿੱਖ ਸੰਘਰਸ਼ ਰੱਖਿਆ ਗਿਆ। ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ।

(ਬਾਕੀ ਸਫ਼ਾ 30 'ਤੇ)

# ਕਰਮਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸ਼ਹੀਦਾਂ ਨੂੰ ਸਮਰਪਿਤ ਹੋਏ ਵਿਸ਼ੇਸ਼ ਸਮਾਗਮ

ਫਰਿਜ਼ਨੋ, ਕੈਲੀਫ਼ੋਰਨੀਆ/ ਏ.ਟੀ.ਨਿਊਜ਼ : ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਪ੍ਰੋਗਰਾਮ ਕਰਮਨ ਸ਼ਹਿਰ ਵਿਖੇ ਕਰਵਾਏ ਗਏ। ਜਿੰਨ੍ਹਾਂ ਦੀ ਸੇਵਾ ਹਰ ਸਾਲ ਦੀ ਤਰ੍ਹਾਂ ਕਰਮਨ ਸ਼ਹਿਰ ਦੇ ਟਰੱਕਾਂ ਕਾਰੋਬਾਰ ਨਾਲ ਸੰਬੰਧਿਤ ਪਰਿਵਾਰਾਂ ਨੇ ਸਾਂਝੇ ਤੌਰ 'ਤੇ ਗੁਰਦੁਆਰਾ ਅਨੰਦਗੜ ਸਾਹਿਬ, ਕਰਮਨ ਵਿਖੇ ਕੀਤੀ। ਇਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਪਾਠ ਹੋਏ। ਵਿਸ਼ੇਸ਼ ਸਮਾਗਮ ਵਿੱਚ ਗੁਰੂ ਘਰ ਦੇ ਹਜ਼ੂਰੀ ਰਾਗੀ ਜੱਥੇ ਦੇ ਭਾਈ ਬਲਜਿੰਦਰ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ।

ਇਸ ਉਪਰੰਤ ਭਾਈ ਮਨਜੀਤ ਸਿੰਘ ਪੱਤੜ ਅਤੇ ਸੁਖਚੈਨ ਸਿੰਘ ਨੇ ਕਵੀਸ਼ਰੀ ਰਾਹੀਂ ਹਾਜ਼ਰੀ ਭਰਦੇ ਹੋਏ 1984 ਦੇ ਘੱਲੂਘਾਰੇ ਦਾ ਇਤਿਹਾਸ ਜ਼ੋਸੀਲੇ ਅੰਦਾਜ਼ ਵਿੱਚ ਸੰਗਤਾਂ ਨੂੰ ਸੁਣਾਇਆ। ਇਸ ਸਮੇਂ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਵੱਲੋਂ ਸੰਗਤਾਂ ਲਈ ਦਸਤਾਰ ਬੰਨਣ ਦਾ



ਲੰਗਰ ਵੀ ਲਾਇਆ ਹੋਇਆ ਸੀ। ਇਸੇ ਦੌਰਾਨ ਕੌਸ਼ਲ ਦੇ ਸਰਗਰਮ ਮੈਂਬਰ ਭਾਈ ਗੁਰਦੀਪ ਸਿੰਘ ਖਾਲਸਾ ਨੇ ਬੋਲਦਿਆਂ ਸੰਖੇਪ ਵਿੱਚ ਜੂਨ 1984 ਦੇ ਇਤਿਹਾਸ ਅਤੇ ਸਿੱਖ ਨਸਲਕੁਸ਼ੀ ਦੀ ਗੱਲ ਕਰਦੇ ਹੋਏ ਸਿੱਖ ਕੌਮ ਨੂੰ ਏਕਤਾ ਵਿੱਚ ਰਹਿਣ ਅਤੇ ਆਪਣੇ ਹੱਕਾਂ ਪ੍ਰਤੀ ਸੁਚੇਤ ਰਹਿਣ ਦੀ ਗੱਲ ਕੀਤੀ। ਨਾਲ ਹੀ ਉਹਨਾਂ ਨੇ ਸੰਬੰਧਿਤ ਵਾਰਾ ਗਾਉਂਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਸ. ਜੁਗਰਾਜ ਸਿੰਘ ਦੌਧਰ, ਤਰਸੇਮ ਸਿੰਘ ਬਾਸੀ ਅਤੇ ਹੋਰਨਾਂ ਦਾ ਸਿਰੋਪੇ ਦੇ ਕੇ ਸਨਮਾਨ ਵੀ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਕਰਵਾਉਣ ਵਾਲੇ ਪ੍ਰਮੁਖ ਟਰੱਕ ਡਰਾਈਵਰ ਸੇਵਾਦਾਰਾਂ ਵਿੱਚ ਗੁਲਸ਼ਿੰਦਰ ਸਿੰਘ ਢਿੱਲੋ, ਹਰਪ੍ਰੀਤ ਸਿੱਧੂ, ਗੁਰਦੀਪ ਸਿੰਘ ਅਟਵਾਲ, ਸੁੱਖਾ ਢਿੱਲੋ, ਅਜੀਤ ਸਿੰਘ ਚਾਹਲ, ਜਸਪ੍ਰੀਤ ਸਿੰਘ ਬੈਸ, ਮਨਜੀਤ ਸਿੰਘ ਘੁੰਮਣ, ਮਨਜੀਤ ਸਿੰਘ ਵਿਰਕ, ਸਰਬਜੀਤ ਸਿੰਘ ਬਾਸੀ, ਗੁਰਦੀਪ ਸਿੰਘ ਨਾਹਲ, ਕਮਲਦੀਪ ਸਿੰਘ, ਗਗਨਦੀਪ ਸਿੰਘ ਆਦਿ ਹਨ। ਹਰ ਸਾਲ ਦੀ ਤਰ੍ਹਾਂ ਸਮਾਗਮ ਵਿੱਚ 'ਸਰਬੱਤ ਦੇ ਭਲੇ' ਦੀ ਅਰਦਾਸ ਕੀਤੀ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤੇ। ਇਸ ਸਮਾਗਮ ਦੌਰਾਨ ਇਲਾਕੇ ਭਰ ਤੋਂ ਸੰਗਤਾਂ ਨਤਮਸਤਕ ਹੋਈਆਂ।

## ਅਖ਼ਬਾਰਾਂ ਦੇ ਸੰਪਾਦਕਾਂ ਨੇ ਗੂਗਲ 'ਤੇ ਲਗਾਇਆ ਦੋਸ਼

# ਅਖਬਾਰਾਂ ਵਿੱਚ ਛਪੀਆਂ ਖ਼ਬਰਾਂ ਨਾਲ ਆਪਣੇ ਏ.ਆਈ. ਸਰਚ ਟੂਲ ਨੂੰ ਮਜਬੂਤ ਬਣਾ ਰਿਹੈ ਗੂਗਲ

ਮਈ ਵਿੱਚ ਗੂਗਲ ਨੇ ਐਲਾਨ ਕੀਤਾ ਸੀ ਕਿ ਅਮਰੀਕਾ ਵਿੱਚ ਹਰ ਵਿਅਕਤੀ ਨੂੰ ਕਿਸੇ ਵਿਸ਼ੇ 'ਤੇ ਸਰਚ ਕਰਨ 'ਤੇ ਨਿਊਜ ਸਾਈਟ ਅਤੇ ਬਲਾਗਸ ਦੇ ਕੰਟੇਂਟ ਤੋਂ ਬਣੀ ਏ ਆਈ, ਜਨਰੇਟੇਡ ਖ਼ਬਰਾਂ, ਆਰਟੀਕਲ ਦਾ ਸਾਰ ਗੂਗਲ ਦੇ ਏ ਆਈ ਏਂਜਿਨ 'ਏ ਆਈ ਓਵਰਵਿਊਜ਼' 'ਤੇ ਮਿਲੇਗਾ। ਇਹ ਖ਼ਬਰ ਅਖਬਾਰਾਂ ਅਤੇ ਨਿਊਜ ਪੋਰਟਲਸ ਦੇ ਲਈ ਖਤਰਨਾਕ ਸੀ ਕਿਉਂਕਿ ਇਸ ਨਾਲ ਪਾਠਕ ਮੂਲ ਨਿਊਜ 'ਤੇ ਜਾਣ ਦੀ ਥਾਂ ਏ ਆਈ ਜਨਰੇਟਿਡ ਖ਼ਬਰਾਂ ਹੀ ਪੜ੍ਹਨ ਦੇ ਲਈ ਪ੍ਰੇਰਿਤ ਹੋ ਰਹੇ ਹਨ।

ਹੁਣ ਦੋ ਹਜ਼ਾਰ ਅਖਬਾਰਾਂ ਦੇ ਗਰੁੱਪ ਨਿਊਜ਼/ ਮੀਡੀਆ ਅਲਾਇੰਸ ਨੇ ਜਸਟਿਸ ਡਿਪਾਰਟਮੈਂਟ ਅਤੇ ਫੇਡਰਲ ਟਰੇਡ ਕਮਿਸ਼ਨ ਨੂੰ ਪੱਤਰ ਭੇਜ ਕੇ ਨਿਊਜ ਕੰਟੇਂਟ ਦੀ ਦੁਰਵਰਤੋ ਰੋਕਣ ਦੇ ਲਈ ਗੂਗਲ ਦੀ ਜਾਂਚ ਕਰਨ ਅਤੇ ਕੰਪਨੀ ਨੂੰ ਏ ਆਈ ਓਵਰਵਿਊਜ ਜਾਰੀ ਕਰਨ ਤੋਂ ਰੋਕਣ ਦੀ ਮੰਗ ਕੀਤੀ ਹੈ। ਹਾਲਾਂਕਿ ਪ੍ਰਕਾਸ਼ਕਾਂ ਨੇ ਦਸਿਆ ਕਿ ਏ ਆਈ ਓਵਰਵਿਊਜ ਦੇ ਆਉਣ ਤੋਂ ਬਾਅਦ ਗੂਗਲ ਤੋਂ ਟੈਫ੍ਰਿਕ ਵਿਚ ਆਏ ਅੰਤਰ ਦੇ ਬਾਰੇ ਦਸਣਾ ਫਿਲਹਾਲ ਜਲਦਬਾਜੀ ਹੋਵੇਗੀ।




ਪਿਛਲੇ ਮਹੀਨੇ ਜਦੋਂ ਫ੍ਰੇਂਕ ਪਾਈਨ ਨੇ ਦੋ ਖ਼ਬਰਾਂ ਦੀ ਲਿੰਕ ਨੂੰ ਗੂਗਲ 'ਤੇ ਸਰਚ ਕੀਤਾ ਤਾਂ ਉਹਨਾਂ ਨੂੰ ਵਿਸ਼ੇ ਦੇ ਸਬੰਧ ਵਿੱਚ ਆਰਟੀਫ਼ਿਸ਼ਲ ਇੰਟੈਲੀਜੈਂਸ ਨਾਲ ਜਨਰੇਟ ਕੀਤੇ ਗਏ ਦੋ ਪੈਰਾਗ੍ਰਾਫ ਮਿਲੇ। ਉਹ ਜੋ ਦੇਖਣਾ ਚਾਹੁੰਦੇ ਸਨ ਉਸ ਦੇ ਲਈ ਉਹਨਾਂ ਨੂੰ ਅੱਗੇ ਸਕਰੌਲ ਕਰਨਾ ਪਿਆ ਸੀ। ਪਾਇਨ ਅਮਰੀਕਾ ਦੇ 68 ਰੋਜ਼ਾਨਾ ਅਖਬਾਰ ਪ੍ਰਕਾਸ਼ਿਤ ਕਰਨ ਵਾਲੀ ਕੰਪਨੀ ਮੀਡੀਆ ਨਿਊਜ਼ ਗਰੁੱਪ ਅਤੇ ਟ੍ਰਿਬਿਊਨ ਪਬਲਿਸ਼ਿੰਗ ਦੇ ਕਾਰਜਕਾਰੀ ਸੰਪਾਦਕ ਹਨ। ਇਸ ਅਨੁਭਵ ਨਾਲ ਪਾਈਨ ਨੂੰ ਗੁੱਸਾ ਆ ਗਿਆ। ਉਹਨਾਂ ਦਾ ਕਹਿਣਾ ਹੈ ਕਿ ਇਸ ਨਾਹਲ ਕੰਟੇਂਟ ਦੇ ਮੂਲ ਕ੍ਰਿਇਟਵਾਂ ਤਕ ਪਹੁੰਚ ਰੁਕਦੀ ਹੈ। ਏ ਆਈ ਓਵਰਵਿਊਜ ਦਾ ਇਹ ਫੀਚਰ ਜਨਰੇਟਿਵ ਏ ਆਈ ਦੇ ਅਖਬਾਰਾਂ ਦੀ ਥਾਂ ਲੈਣ ਦੀ ਦਿਸ਼ਾ ਵੱਲ ਇੱਕ ਹੋਰ ਕਦਮ ਹੈ। ਇਸ ਬਦਲਾਓ ਤੋਂ ਪਾਈਨ ਅਤੇ ਹੋਰ ਪ੍ਰਕਾਸ਼ਨਾਂ ਦੇ ਸੰਪਾਦਕ ਚਿੰਤਤ ਹਨ। ਅਜਿਹਾ ਕੰਟੇਂਟ ਅਤੇ ਪੈਰਾਗ੍ਰਾਫ ਉਹਨਾਂ ਦੇ ਵਪਾਰ ਮਾਡਲ ਦੇ ਲਈ ਖ਼ਤਰਾ ਹੈ। ਗੂਗਲ ਤੋਂ ਉਹਨਾਂ ਦੀ ਸਾਈਟ 'ਤੇ ਟ੍ਰੈਫਿਕ ਬਹੁਤ ਘੱਟ ਹੋ ਜਾਵੇਗਾ।

ਕਈ ਮੀਡੀਆ ਮਾਹਿਰਾਂ ਨੇ ਦਸਿਆ ਕਿ ਗੂਗਲ ਨੇ ਉਹਨਾਂ ਨੂੰ ਪੇਚੀਦਾ ਸਥਿਤੀ ਵਿੱਚ ਫਸਾ ਦਿੱਤਾ ਹੈ। ਉਹ ਆਪਣੀ ਸਾਈਟਸ ਗੂਗਲ ਸਰਚ ਦੇ ਨਤੀਜੇ ਤੇ ਲਿਸਟ ਕਰਨਾ ਚਾਹੁੰਦੇ ਹਨ। ਕੁਝ ਮੀਡੀਆ ਸੰਸਥਾਨਾਂ ਦਾ ਅੱਧੇ ਤੋਂ ਜ਼ਿਆਦਾ ਟ੍ਰੈਫਿਕ ਉਸ ਤੋਂ ਜਨਰੇਟ ਹੁੰਦਾ ਹੈ। ਪ੍ਰਕਾਸ਼ਕਾਂ ਦੇ ਸਾਹਮਣੇ ਮੁਸ਼ਕਿਲ ਸਥਿਤੀ ਹੈ ਕਿਉਂਕਿ ਗੂਗਲ ਸਰਚ 'ਤੇ ਬਣੇ ਰਹਿਣ ਨਾਲ ਉਹਨਾਂ ਦੇ ਕੰਟੇਂਟ ਨੂੰ ਚੋਰੀ ਦਾ ਸਿੱਧਾ ਖਤਰਾ ਓਵਰਵਿਊਜ਼ ਤੋਂ ਹੈ। ਏਆਈ ਓਵਰਵਿਊਜ਼ ਬਹੁਤ ਹਾਨੀਕਾਰਕ ਹੈ।

## ਟਰੰਪ 34 ਮਾਮਲਿਆਂ 'ਚ ਦੋਸ਼ੀ ਕਰਾਰ

### 11 ਜੁਲਾਈ ਨੂੰ ਹੋਵੇਗੀ ਸਜ਼ਾ 'ਤੇ ਸੁਣਵਾਈ

ਨਿਊਯਾਰਕ/ਏ.ਟੀ.ਨਿਊਜ਼: ਡੋਨਾਲਡ ਟਰੰਪ ਨੂੰ ਨਿਊਯਾਰਕ ਵਿੱਚ ਇਤਿਹਾਸਕ ਹਸ਼ ਮਨੀ ਅਪਰਾਧਿਕ ਮਾਮਲੇ ਵਿੱਚ ਕਾਰੋਬਾਰੀ ਰਿਕਾਰਡਾਂ ਵਿੱਚ ਹੈਰਾਫੇਰੀ ਕਰਨ ਦੇ ਸਾਰੇ 34 ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਸਾਬਕਾ ਜਾਂ ਮੌਜੂਦਾ ਅਮਰੀਕੀ ਰਾਸ਼ਟਰਪਤੀ ਨੂੰ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ। 12 ਜਿਊਰੀ ਮੈਂਬਰਾਂ ਨੇ ਸਰਬਸੰਮਤੀ ਨਾਲ ਫ਼ੈਸਲਾ ਸੁਣਾਉਣ ਤੋਂ ਪਹਿਲੇ ਦੋ ਦਿਨਾਂ ਤੱਕ ਵਿਚਾਰ-ਵਟਾਂਦਰਾ ਕੀਤਾ। ਉਹਨਾਂ ਨੂੰ 11 ਜੁਲਾਈ ਨੂੰ ਸਜ਼ਾ ਸੁਣਾਈ ਜਾਵੇਗੀ। ਸਾਬਕਾ ਰਾਸ਼ਟਰਪਤੀ ਨੂੰ ਜੇਲ੍ਹ ਹੋ ਸਕਦੀ ਹੈ ਪਰ ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਜੁਰਮਾਨਾ ਲਗਾਉਣਾ ਵਧੇਰੇ ਸੰਭਾਵਿਤ ਨਤੀਜਾ ਹੈ ਡੋਨਾਲਡ ਟਰੰਪ 'ਤੇ ਦੋਸ਼ ਹੈ ਕਿ ਉਸ ਨੇ ਆਪਣੇ ਤਾਕਤਵਰ ਵਕੀਲ ਕੋਹੇਨ (ਜੋ ਹੁਣ ਵਿਰੋਧੀ ਬਣ ਚੁੱਕਾ ਹੈ) ਰਾਹੀਂ ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਪੈਸੇ ਮੁਹੱਈਆ



ਕਰਵਾਏ ਹਨ ਤਾਂ ਕਿ ਉਹ ਉਸ ਦੇ ਭੇਦ ਉਜਾਗਰ ਨਾ ਕਰ ਸਕੇ। ਇਹ ਮਾਮਲਾ ਉਹਨਾਂ ਦੇ ਪਹਿਲੀ ਵਾਰ ਅਮਰੀਕਾ ਦਾ ਰਾਸ਼ਟਰਪਤੀ ਚੁਣੇ ਜਾਣ ਤੋਂ ਪਹਿਲਾਂ 2016 ਦਾ ਹੈ। ਸਮਾਚਾਰ ਨਿਊਜ਼ ਏਜੰਸੀ ਏਪੀ ਦੀ ਰਿਪੋਰਟ ਅਨੁਸਾਰ, ਜਿਊਰੀ ਨੇ ਡੋਨਾਲਡ ਟਰੰਪ 'ਤੇ ਆਪਣਾ ਫ਼ੈਸਲਾ ਸੁਣਾਉਣ ਤੋਂ ਪਹਿਲਾਂ ਦੋ ਦਿਨਾਂ ਵਿੱਚ ਲਗਭਗ 9.5 ਘੰਟੇ ਤੱਕ ਵਿਚਾਰ-ਵਟਾਂਦਰਾ ਕੀਤਾ। ਇਸ ਤੋਂ ਬਾਅਦ 12 ਮੈਂਬਰੀ ਜਿਊਰੀ ਨੇ ਡੋਨਾਲਡ ਟਰੰਪ ਨੂੰ ਹਸ਼ ਮਨੀ ਕੇਸ ਨਾਲ ਸਬੰਧਿਤ ਜੁੜੇ ਉਹਨਾਂ ਸਾਰੇ 34 ਮਾਮਲਿਆਂ ਵਿੱਚ ਦੋਸ਼ੀ ਪਾਇਆ, ਜਿਸਦਾ

(ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੀਜੇ ਘੱਲੂਘਾਰੇ ਦੀ 40ਵੀਂ ਵਰ੍ਹੇਗੰਢ ਤੇ ਬੁੜ੍ਹੈਲ ਜੇਲ੍ਹ ਚੋਂ ਭਾਈ ਤਾਰਾ ਅਤੇ ਭਾਈ ਭਿਓਰਾ ਦਾ ਪੰਥ ਦੇ ਨਾਮ ਸੰਦੇਸ਼

ਨਵੀਂ ਦਿੱਲੀ 3 ਜੂਨ (ਮਨਪ੍ਰੀਤ ਸਿੰਘ ਖਾਲਸਾ):- ਤੀਜੇ ਘੱਲੂਘਾਰੇ ਸਾਕਾ ਨੀਲਾ ਤਾਰਾ ਦੀ 40ਵੀਂ ਵਰ੍ਹੇਗੰਢ ਤੇ ਬੁੜ੍ਹੈਲ ਜੇਲ੍ਹ ਚੋਂ ਭਾਈ ਤਾਰਾ ਅਤੇ ਭਾਈ ਭਿਓਰਾ ਨੇ ਪੰਥ ਦੇ ਨਾਮ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਪੰਥ ਦੀ ਆਤਮਾ ਦੇ ਗਰਭ ਚੋਂ ਉਠੀ ਬਗਾਵਤ ਦੀ ਸੁਰ ਅੱਜ ਦੁਨੀਆ ਦੀ ਰਾਜਨੀਤੀ ਲਈ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹੋ ਜਿਹੀਆਂ ਬਗਾਵਤਾਂ ਦੀ ਅੱਗ ਨੂੰ ਲਾਂਬੂ ਲਾਉਣ ਵਾਲੇ ਆਗੂ ਸਦੀਆਂ ਬਾਅਦ ਵੱਡੇ ਭਾਗਾਂ ਨਾਲ ਮਿਲਦੇ ਹਨ। ਸਿੱਖਾਂ ਦਾ ਇਤਿਹਾਸ ਵਾਰ-ਵਾਰ ਸਿੱਖਾਂ ਤੇ ਸਵਾਲ ਕਰ ਰਿਹਾ ਸੀ ਫਿਰ ਸਿੱਖਾਂ ਨੇ ਇਤਿਹਾਸ ਨੂੰ ਸਵਾਲ ਕੀਤਾ ਤਾਂ ਇਤਿਹਾਸ ਨੇ ਉਤਰ ਵਜੋਂ ਸਾਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦਿੱਤੇ ਜੋ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਫੌਜ ਅਤੇ ਚਾਰ ਦੇਸ਼ਾਂ ਨਾਲ ਇਕੱਲੇ ਟਕਰਾਏ ਅਤੇ ਇਤਿਹਾਸ ਦਾ ਮਾਣ ਰੱਖਦਿਆਂ ਹੋਇਆਂ ਸ਼ਹੀਦ ਹੋਏ।



ਦੁਨੀਆ ਵਿੱਚ ਜੰਗਾਂ ਸਾਮ੍ਹਣੇ ਵਾਲੇ ਨੂੰ ਬਿਗਾਨਾ ਜਾਂ ਗੈਰ ਸਮਝਕੇ ਹੁੰਦੀਆਂ ਹਨ ਅਤੇ ਦੁਸ਼ਮਣ ਇੱਕੇ ਦੂਜੇ ਨੂੰ ਬਿਗਾਨਾ ਕਹਿੰਦੇ ਹਨ ਪਰ ਸਿੱਖਾਂ ਦੇ ਗਲ ਪਈ ਲੜਾਈ ਬੜੀ ਵਿਲੱਖਣ ਹੈ ਕਿਓਂਕਿ ਬਿਪਰ ਸਾਨੂੰ ਬੇਗਾਨੇ ਨਹੀਂ ਆਪਣਾ ਅੰਗ ਦੱਸਦਾ ਹੈ। ਇਹ ਗੱਲ ਬੂਟੇ ਨੂੰ ਪਾਣੀ ਦੀ ਜਗ੍ਹਾ ਸ਼ਰਬਤ ਪਾਉਣ ਵਰਗੀ ਹੈ ਜੋ ਇੱਕ ਸਮੇਂ ਚੰਗਾ ਲੱਗਦਾ ਹੈ ਪਰ ਅੰਤ ਹੌਲੀ-ਹੌਲੀ ਉਸ ਬੂਟੇ ਨੂੰ ਕੀੜੇ ਖਾ ਜਾਂਦੇ ਹਨ। ਸਾਡਾ ਸ਼ਹੀਦ ਵੀਰ ਭਾਈ ਸੰਦੀਪ ਸਿੰਘ ਸਿੱਧੂ ਕਿਹਾ ਕਰਦਾ ਸੀ ਕਿ, ਇਹ ਸਾਡੀ ਹੋਂਦ ਦੀ ਲੜਾਈ ਹੈ , ਪਰ ਕੀ ਅਸੀਂ ਕਦੇ ਸਮਝਣ ਦਾ ਯਤਨ ਕੀਤਾ ਹੈ ਕਿ ਓਹ ਹੋਂਦ ਕਿਹੜੀ ਹੈ ? ਉਸ ਹੋਂਦ ਬਾਰੇ ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ ਕਿ 'ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥ ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥'

ਇਹ ਲੜਾਈ ਉਸ ਦਿਨ ਹੀ ਸ਼ੁਰੂ ਹੋ ਗਈ ਸੀ ਜਿਸ ਦਿਨ ਸੰਵਿਧਾਨ ਦੀ ਧਾਰਾ 25 ਬੀ ਵਿੱਚ ਸਿੱਖਾਂ ਨੂੰ ਹਿੰਦੂਆਂ ਦਾ ਅੰਗ ਦੱਸ ਦਿੱਤਾ ਗਿਆ ਸੀ। ਅੱਜ ਤੱਕ ਵਿਦਵਾਨਾਂ 'ਤੇ ਬੁੱਧੀਜੀਵਆਂ ਨੇ ਦਰਬਾਰ ਸਾਹਿਬ ਤੇ ਹਮਲੇ ਦੇ ਬਹੁਤ ਕਾਰਨ ਦਿੱਤੇ ਹਨ ਪਰ ਇੱਕ ਕਾਰਨ ਹਮੇਸ਼ਾਂ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਅਤੇ ਉਹ ਕਾਰਨ ਹੈ ਸਿੱਖਾਂ ਦਾ ਇੱਕ ਆਗੂ ਗੁਰੂ ਦੇ ਤੱਖਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਿੱਲੀ ਤਖ਼ਤ ਨੂੰ ਚੁਣੌਤੀ ਦੇਕੇ ਕਹਿ ਰਿਹਾ ਸੀ ਕਿ ਸਿੱਖ ਇੱਕ ਵੱਖਰੀ ਕੌਮ ਹੈ , ਲੜਾਈ ਦੀ ਜੜ ਹੀ ਇੱਥੇ ਪਈ ਹੈ। ਸਾਡੀ ਹੋਂਦ ਨੂੰ ਮਿਟਾਉਣ ਲਈ ਕਦੇ ਝੂਠੇ ਪੁਲਿਸ ਮੁਕਾਬਲੇ, ਕਦੇ ਲੱਚਰਵਾਦ, ਗੈਂਗਸ਼ਟਰਵਾਦ, ਕਦੇ ਨਸ਼ਿਆਂ ਦੇ ਦੌਰ ਚਲਾਏ ਗਏ ਪਰ ਅਸੀਂ ਸਮਝ ਨਹੀਂ ਸਕੇ। ਸਾਡੇ ਵੀਰ ਭਾਈ ਅੰਮ੍ਰਿਤਪਾਲ ਸਿੰਘ ਨੇ ਨਸ਼ਿਆਂ ਨਾਲ ਹੋ ਰਹੀ ਨਸਲਕੁਸ਼ੀ ਨੂੰ ਵੱਡੇ ਪੱਧਰ ਤੇ ਪ੍ਰਚਾਰਿਆ ਅਤੇ ਉਸਨੂੰ ਬੰਨ੍ਹ ਮਾਰਨ ਲਈ ਬੜਾ ਵੱਡਾ ਸੰਘਰਸ਼ ਲੜਿਆ।

'ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥ ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰਉਂ ਇਨ ਕੀ ਪ੍ਰਤੀਤ॥' ਇਹ ਚਾਰ ਛੰਦ ਹਨ ਜਿਹਨਾਂ ਵਿੱਚ ਗੁਰੂ ਜੀ ਨੇ ਆਪਣੀ ਹਰ ਕਾਮਯਾਬੀ, ਹਰ ਕਾਬਲੀਅਤ, ਹਰ ਸੋਭਾ ਦਾ ਸੇਹਰਾ ਖਾਲਸੇ ਦੇ ਸਿਰ ਉੱਤੇ ਬੰਨ੍ਹਿਆ ਹੈ। ਗੁਰੂ ਜੀ ਨੇ ਖਾਲਸੇ ਦੀ ਮਹਿਮਾ ਉਸ ਦੇ ਨਿਆਰੇਪਨ ਕਰ ਕੇ ਕਰਦੇ ਸਨ। ਉਹਨਾਂ ਦੀ ਰਹਿਤ ਮਰਿਯਾਦਾ ਦੀ ਪਾਲਣਾ ਮਨ ਨੂੰ ਭਾਉਂਦੀ ਸੀ। ਅਸੀਂ ਆਪਣੇ ਗੁਰੂ ਵੱਲ ਪਿੱਠ ਕਰਕੇ ਬਿਪਰਾਂ ਦੀ ਰੀਤ ਤੇ ਨਹੀਂ ਚੱਲਣਾ ਸਗੋਂ ਗੁਰੂ ਦੀ ਰੀਤ ਨੂੰ ਬਰਕਰਾਰ ਰੱਖਣਾ ਹੈ।

ਅੰਤ ਵਿਚ ਉਨ੍ਹਾਂ ਕਿਹਾ ਕਿ ਸਾਧਸੰਗਤ ਜੀ, ਅੱਜ ਚਾਲੀ ਸਾਲ ਬੀਤ ਗਏ ਹਨ ਅਤੇ ਇਸ ਸਮੇਂ 'ਚ ਬਹੁਤ ਕੁਝ ਬਦਲ ਚੁੱਕਾ ਹੈ ਪਰ ਸਿੱਖਾਂ ਅੰਦਰੋਂ ਬਗਾਵਤ ਦਾ ਕਣ ਨਹੀਂ ਬਦਲਿਆ। ਆਉਣ ਵਾਲੇ ਸਮੇਂ ਅੰਦਰ ਦੁਨੀਆ ਦੀ ਰਾਜਨੀਤੀ ਵਿੱਚ ਸਿੱਖ ਸੰਘਰਸ਼ ਨੂੰ ਬਹੁਤ ਵੱਡੀ ਥਾਂ ਮਿਲਣ ਜਾ ਰਹੀ ਹੈ। ਅੱਜ ਦੁਨੀਆ ਦੀ ਰਾਜਨੀਤੀ ਦੇ ਏਜੰਡੇ ਤੇ ਹੈ ਕਿ ਆਉਣ ਵਾਲੇ ਸਮੇਂ ਦੀ ਰਾਜ ਪ੍ਰਣਾਲੀ ਕੀ ਹੋਵੇਗੀ ਸੋ ਮੇਰੇ ਵੀਰ-ਭੈਣ ਕਮਰਕੱਸੇ ਕਰਕੇ ਤੁਰੋ ਅਤੇ ਸਿੱਖਾਂ ਦੇ ਪ੍ਰਭੂਸੱਤਾ ਸੰਪੰਨ ਰਾਜ ਖ਼ਾਲਿਸਤਾਨ ਦਾ ਖਾਕਾ ਦੁਨੀਆ ਸਾਮ੍ਹਣੇ ਰੱਖੋ।

# ਜੂਨ 1984 ਘੱਲੂਘਾਰੇ ਦੀ 40ਵੀਂ ਸਾਲਾਨਾ ਯਾਦ ਸਬੰਧੀ ਸ਼ਹੀਦੀ ਸਮਾਗਮ ਹੋਣਗੇ : ਧਾਮੀ

## ਸ਼ੋ੍ਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਪ੍ਰਬੰਧਾਂ ਨੂੰ ਲੈ ਕੇ ਅਧਿਕਾਰੀਆਂ ਨਾਲ ਕੀਤੀ ਬੈਠਕ

ਨਵੀਂ ਦਿੱਲੀ, 3 ਜੂਨ (ਮਨਪ੍ਰੀਤ ਸਿੰਘ ਖਾਲਸਾ):- ਜੂਨ 1984 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਭਾਰਤ ਦੀ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਕੀਤੇ ਗਏ ਫ਼ੌਜੀ ਹਮਲੇ ਦੀ 40ਵੀਂ ਸਾਲਾਨਾ ਯਾਦ ਦੇ ਸਬੰਧ ਵਿੱਚ ਸਾਰੇ ਗੁਰਦੁਆਰਾ ਸਾਹਿਬਾਨਾਂ 'ਚ ਸ਼ਹੀਦੀ ਸਮਾਗਮ ਕੀਤੇ ਜਾਣਗੇ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ-ਨਾਲ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਅੰਦਰ ਵੀ 6 ਜੂਨ ਨੂੰ ਸ਼ਹੀਦੀ ਸਮਾਗਮ ਕੀਤੇ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਦੇ ਪ੍ਰਬੰਧਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇਥੇ ਮੁੱਖ ਦਫ਼ਤਰ ਵਿਖੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਇਕੱਤਰਤਾ ਕੀਤੀ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਦੌਰਾਨ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਜੂਨ 1984 ਦਾ ਪਹਿਲਾ ਹਫ਼ਤਾ ਸਿੱਖ ਕੌਮ ਦੇ ਲਈ ਕਦੇ ਨਾ ਭੁੱਲਣਵਾਲਾ ਹੈ। ਦੇਸ਼ ਦੀ ਤਤਕਾਲੀ ਕਾਂਗਰਸ ਹਕੂਮਤ ਵੱਲੋਂ ਸਿੱਖਾਂ ਨੂੰ ਜੂਨ 1984 ਵਿਚ ਦਿੱਤੇ ਜ਼ਖ਼ਮ ਹਰ ਸਾਲ ਰਿਸਦੇ ਹਨ। ਇਸ ਸਾਲ ਸਿੱਖ ਕੌਮ ਜੂਨ 1984 ਘੱਲੂਘਾਰੇ ਦੀ 40ਵੀਂ ਸਾਲਾਨਾ ਯਾਦ ਮਨਾ ਰਹੀ ਹੈ, ਜਿਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸਮੁੱਚੇ ਗੁਰਦੁਆਰਾ ਸਾਹਿਬਾਨ ਵਿਚ ਸ਼ਹੀਦੀ ਸਮਾਗਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਘੱਲੂਘਾਰਾ ਦਿਵਸ ਸਿੱਖਾਂ ਲਈ ਬੇਹੱਦ ਭਾਵੁਕਤਾ ਵਾਲਾ ਸਮਾਂ ਹੈ, ਜਿਸ ਨੂੰ ਇਸਦੀ ਭਾਵਨਾ ਅਨੁਸਾਰ ਮਨਾਉਣਾ ਕੌਮ ਦਾ ਫਰਜ਼ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਕ 4 ਤੋਂ 6 ਜੂਨ ਤੱਕ ਕਾਲੀਆਂ ਦਸਤਾਰਾਂ ਸਜਾਈਆਂ ਜਾਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਘੱਲੂਘਾਰੇ ਦੀ 40ਵੀਂ ਯਾਦ ਮੌਕੇ ਸ਼ਾਂਤਮਈ ਤਰੀਕੇ ਨਾਲ ਗੁਰਬਾਣੀ ਜਾਪ ਕੀਤੇ ਜਾਣ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਮੈਂਬਰ ਸ. ਰਘਬੀਰ ਸਿੰਘ ਸਹਾਰਨਮਾਜਰਾ, ਮੈਂਬਰ ਸ. ਹਰਜਾਪ ਸਿੰਘ ਸੁਲਤਾਨਵਿੰਡ, ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਪ੍ਰੀਤਪਾਲ ਸਿੰਘ, ਆਦਿ ਮੌਜੂਦ ਸਨ।

# ਬੇਅਦਬੀ ਦਾ ਸਿਲਸਲਾ ਨਾ ਰੁਕਿਆ, ਸਮਰਾਲਾ 'ਚ ਬੇਅਦਬੀ ਦੀਆਂ ਦੋ ਘਟਨਾਵਾਂ ਵਾਪਰੀਆਂ

ਸਮਰਾਲਾ/ਏ.ਟੀ.ਨਿਊਜ਼ : ਲੋਕ ਸਭਾ ਚੋਣਾਂ ਦੌਰਾਨ ਬੇਅਦਬੀ ਦੀਆਂ ਦੋ ਘਟਨਾਵਾਂ ਵਾਪਰ ਚੁਕੀਆਂ ਹਨ, ਜਿਸ ਦੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਨਿਖੇਧੀ ਵੀ ਕੀਤੀ ਹੈ। ਸਿੱਖ ਸੰਗਤ ਵਿਚ ਇਨ੍ਹਾਂ ਘਟਨਾਵਾਂ ਬਾਰੇ ਸਖਤ ਰੋਸ ਪ੍ਰਗਟਾਇਆ ਜਾ ਰਿਹਾ ਹੈ।







ਯਾਦ ਰਹੇ ਕਿ ਪੰਜਾਬ ਵਿੱਚ 'ਗੁਰੂ ਗ੍ਰੰਥ ਸਾਹਿਬ' ਦੀ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ 2015 ਤੋਂ ਵਾਪਰ ਰਹੀਆਂ ਹਨ। ਜਦੋਂ 2015 ਵਿੱਚ ਬੁਰਜ ਜਵਾਹਰ ਸਿੰਘ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਪਾੜ੍ਹ ਕੇ ਗਲ਼ੀਆਂ ਵਿੱਚ ਖਿਲਾਰੇ ਗਏ ਤਾਂ ਉਸ ਤੋਂ ਬਾਅਦ ਦੇਸ਼-ਵਿਦੇਸ਼ ਵਿੱਚ ਸਿੱਖ ਜਗਤ ਅੰਦਰ ਇੱਕ ਵਿਆਪਕ ਰੋਸ ਦੇਖਣ ਨੂੰ ਮਿਲ਼ਿਆ ਸੀ। ਜਿਸ ਤੋਂ ਬਾਅਦ ਕੁਝ ਪੰਥਕ ਜਥੇਬੰਦੀਆਂ ਵੱਲੋਂ ਇਨਸਾਫ਼ ਲਈ ਮੋਰਚਾ ਵੀ ਲਗਾਇਆ ਗਿਆ, ਜਿਸ ਵਿੱਚ ਪੁਲਿਸ ਗੋਲ਼ੀ ਨਾਲ਼ ਬਰਗਾੜੀ ਵਿੱਚ ਦੋ ਸਿੱਖ ਨੌਜਵਾਨ ਵੀ ਮਾਰੇ ਗਏ ਸਨ। ਇਸ ਤੋਂ ਬਾਅਦ ਉਸ ਵੇਲੇ ਦੀ ਅਕਾਲੀ ਸਰਕਾਰ ਵੱਲੋਂ ਬੇਅਦਬੀਆਂ ਦੇ ਦੋਸ਼ੀਆਂ ਜਾਂ ਉਸਦੇ ਸਾਜ਼ਿਸ਼ਕਾਰਾਂ ਨੂੰ ਲੱਭਣ ਲਈ ਕਮਿਸ਼ਨ ਬਿਠਾਏ ਗਏ, ਫ਼ਿਰ 2017 ਵਿੱਚ ਸਰਕਾਰ ਬਦਲ ਗਈ ਤਾਂ ਨਵੀਂ ਕਾਂਗਰਸ ਸਰਕਾਰ ਵੱਲੋਂ ਵੀ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਨਵੇਂ ਕਮਿਸ਼ਨ ਬਿਠਾਏ, ਪਰ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆਏ। ਆਪ ਸਰਕਾਰ ਆਈ ਉਹ ਟਾਲਮਟੋਲ ਦੀ ਨੀਤੀ ਉਪਰ ਹੈ।

ਪਿਛਲ਼ੇ 9 ਸਾਲਾਂ ਵਿੱਚ ਇਨ੍ਹਾਂ ਧਿਰਾਂ ਵਲੋਂ ਕਈ ਵਾਰ ਮੋਰਚੇ ਲਾਏ ਗਏ ਤੇ ਕਈ ਵਾਰ ਉਠਾਏ ਗਏ। ਜਿਸ ਨਾਲ਼ ਉਨ੍ਹਾਂ ਪ੍ਰਤੀ ਵੀ ਸਿੱਖਾਂ ਵਿੱਚ ਬੇਭਰੋਸਗੀ ਵਧੀ ਹੈ। ਪਰ ਇਸ ਵਰਤਾਰੇ ਬਾਰੇ ਸਿੱਖ ਜਥੇਬੰਦੀਆਂ ਜਾਂ ਲੀਡਰਸ਼ਿਪ ਵੱਲੋਂ ਕਦੇ ਵੀ ਗੰਭੀਰਤਾ ਨਾਲ਼ ਵਿਚਾਰ ਨਹੀਂ ਕੀਤੀ ਗਈ ਕਿ ਆਖਿਰ ਅਜਿਹੀਆਂ ਘਟਨਾਵਾਂ ਸਿੱਖਾਂ ਨਾਲ਼ ਹੀ ਕਿਉਂ ਵਾਪਰ ਰਹੀਆਂ ਹਨ ? ਇਨ੍ਹਾਂ ਘਟਨਾਵਾਂ ਪਿਛਲੇ ਕਾਰਨਾਂ ਨੂੰ ਲੱਭਣ ਲਈ ਕੋਈ ਸੁਹਿਰਦ ਯਤਨ ਹੁੰਦਾ ਨਜ਼ਰ ਨਹੀਂ ਆਇਆ ? ਇਸੇ ਤਰ੍ਹਾਂ ਸਿੱਖਾਂ ਦੀ ਚੁਣੀ ਹੋਈ ਨੁਮਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀ ਆਪਣੇ ਤੌਰ 'ਤੇ ਇਨ੍ਹਾਂ ਘਟਨਾਵਾਂ ਦੀ ਨਿਰਪੱਖ ਜਾਂਚ ਕਰਨ, ਘਟਨਾਵਾਂ ਦੇ ਕਾਰਨਾਂ ਨੂੰ ਲੱਭਣ, ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਲਈ ਗੁਰਦੁਆਰਿਆਂ ਨੂੰ ਹਦਾਇਤਾਂ ਦੇਣ ਆਦਿ ਬਾਰੇ ਕੋਈ ਕਾਰਵਾਈ ਕੀਤੀ ਨਜ਼ਰ ਨਹੀਂ ਆਉਂਦੀ ? ਇਸ ਕਾਰਨ ਬੇਅਦਬੀ ਦੋਸ਼ੀਆਂ ਦੇ ਹੌਸਲੇ ਬੁਲੰਦ ਹਨ। ਬੇਅਦਬੀਆਂ ਦੇ ਜੇ ਦੋਸ਼ੀ ਫ਼ੜੇ ਜਾਂਦੇ ਹਨ, ਪੁਲਿਸ ਵੱਲੋਂ ਉਨ੍ਹਾਂ ਨੂੰ ਮਾਨਸਿਕ ਰੋਗੀ

(ਬਾਕੀ ਸਫ਼ਾ 30 'ਤੇ)

# ਵਿਸ਼ਵ 'ਚ ਮੌਤ ਦੀ ਸਜ਼ਾ ਦਾ ਅੰਕੜਾ ਪਿਛਲੇ ਸਾਲ ਨਾਲੋਂ 31 ਫ਼ੀਸਦੀ ਵਧਿਆ: ਐਮਨੈਸਟੀ ਇੰਟਰਨੈਸ਼ਨਲ

## ਸਾਲ 2023 ਵਿੱਚ ਮੌਤ ਦੀ ਸਜ਼ਾ ਦੇ 1153 ਕੇਸ ਕੀਤੇ ਦਰਜ

## ਚੀਨ ਵਿੱਚ ਪਿਛਲੇ ਸਾਲ ਹਜ਼ਾਰਾਂ ਲੋਕਾਂ ਨੂੰ ਮੌਤ ਦੀ ਸੁਣਾਈ ਗਈ ਸੀ ਸਜ਼ਾ

## ਰਿਕਾਰਡ ਕੀਤੇ ਗਏ ਮੌਤ ਦੀ ਸਜ਼ਾ ਦੇ ਮਾਮਲਿਆਂ ਵਿੱਚ ਭਾਰੀ ਵਾਧਾ ਮੁੱਖ ਤੌਰ 'ਤੇ ਇਰਾਨ ਕਾਰਨ ਹੋਇਆ

ਐਮਨੈਸਟੀ ਇੰਟਰਨੈਸ਼ਨਲ ਦੇ ਨਵੇਂ ਅੰਕੜਿਆਂ ਮੁਤਾਬਕ ਪੂਰੀ ਦੁਨੀਆਂ ਵਿੱਚ ਮੌਤ ਦੀ ਸਜ਼ਾ ਦੇ ਮਾਮਲੇ ਵਧ ਰਹੇ ਹਨ। ਸੰਸਥਾ ਨੇ ਸਾਲ 2023 ਵਿੱਚ ਮੌਤ ਦੀ ਸਜ਼ਾ ਦੇ 1153 ਕੇਸ ਦਰਜ ਕੀਤੇ ਸਨ, ਜੋ ਕਿ 2022 ਦੇ ਮੁਕਾਬਲੇ 31 ਫ਼ੀਸਦੀ ਵੱਧ ਹਨ। ਸਾਲ 2022 ਵਿੱਚ, ਐਮਨੈਸਟੀ ਇੰਟਰਨੈਸ਼ਨਲ ਨੇ ਮੌਤ ਦੀ ਸਜ਼ਾ ਦੇ 883 ਕੇਸ ਦਰਜ ਕੀਤੇ ਸਨ। ਇਹ 2015 ਤੋਂ ਬਾਅਦ ਐਮਨੈਸਟੀ ਇੰਟਰਨੈਸ਼ਨਲ ਵੱਲੋਂ ਸਭ ਤੋਂ ਵੱਡਾ ਅੰਕੜਾ ਦਰਜ ਕੀਤਾ ਗਿਆ ਸੀ। ਸਾਲ 2015 ਵਿੱਚ ਸੰਸਥਾ ਨੇ 1634 ਕੇਸ ਦਰਜ ਕੀਤੇ ਗਏ ਸਨ।

ਐਮਨੈਸਟੀ ਇੰਟਰਨੈਸ਼ਨਲ ਦੇ ਸਕੱਤਰ-ਜਨਰਲ ਐਗਨੇਸ ਕੈਲਾਮਾਰਡ ਦਾ ਕਹਿਣਾ ਹੈ, ਰਿਕਾਰਡ ਕੀਤੇ ਗਏ ਮੌਤ ਦੀ ਸਜ਼ਾ ਦੇ ਮਾਮਲਿਆਂ ਵਿੱਚ ਭਾਰੀ ਵਾਧਾ ਮੁੱਖ ਤੌਰ 'ਤੇ ਇਰਾਨ ਕਾਰਨ ਹੋਇਆ ਹੈ। ਇਰਾਨੀ ਅਧਿਕਾਰੀਆਂ ਨੇ ਮਨੁੱਖੀ ਜੀਵਨ ਪ੍ਰਤੀ ਪੂਰੀ ਤਰ੍ਹਾਂ ਅਣਗਹਿਲੀ ਦਿਖਾਈ ਹੈ। ਇਰਾਨ ਵਿੱਚ ਨਸ਼ੀਲੇ ਪਦਾਰਥਾਂ ਨਾਲ ਸਬੰਧਿਤ ਅਪਰਾਧਾਂ ਲਈ ਮੌਤ ਦੀ ਸਜ਼ਾ ਸੁਣਾਏ ਜਾਣ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਹੈ। ਇਰਾਨ ਵਿੱਚ 853 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

ਐਮਨੈਸਟੀ ਦਾ ਮੰਨਣਾ ਹੈ ਕਿ ਚੀਨ ਵਿੱਚ ਸਭ ਤੋਂ ਵੱਧ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ ਪਰ ਚੀਨ ਵਿੱਚ ਮੌਤ ਦੀ ਸਜ਼ਾ ਦੇ ਮਾਮਲਿਆਂ ਬਾਰੇ ਕੋਈ ਅਧਿਕਾਰਤ ਅੰਕੜੇ ਨਹੀਂ ਹਨ। ਚੀਨ ਆਪਣੇ ਵੱਲੋਂ ਵਰਤੀ ਜਾਂਦੀ ਮੌਤ ਦੀ ਸਜ਼ਾ ਬਾਰੇ ਜਾਣਕਾਰੀ ਜਨਤਕ ਨਹੀਂ ਕਰਦਾ। ਐਮਨੈਸਟੀ ਦਾ ਅੰਦਾਜ਼ਾ ਹੈ ਕਿ ਚੀਨ ਵਿੱਚ ਪਿਛਲੇ ਸਾਲ ਹਜ਼ਾਰਾਂ ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ।




ਐਮਨੈਸਟੀ ਦੀ ਆਪਣੀ ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 2023 ਵਿੱਚ ਵਿਸ਼ਵ ਪੱਧਰ 'ਤੇ ਮੌਤ ਦੀ ਸਜ਼ਾ ਦੇ ਮਾਮਲਿਆਂ ਵਿੱਚ 20 ਫੀਸਦੀ ਵਾਧਾ ਹੋਇਆ ਸੀ। ਇਹ 2018 ਤੋਂ ਬਾਅਦ ਮੌਤ ਦੀ ਸਜ਼ਾ ਦੀ ਸਭ ਤੋਂ ਵੱਡੀ ਗਿਣਤੀ ਹੈ।

**ਜਿਹੜੇ ਦੇਸ਼ ਸਭ ਤੋਂ ਵੱਧ ਮੌਤ ਦੀ ਸਜ਼ਾ ਦਿੰਦੇ ਨੇ :** ਐਮਨੈਸਟੀ ਮੁਤਾਬਕ, ਸਾਲ 2023 ਵਿੱਚ, ਪੰਜ ਦੇਸ਼ਾਂ ਚੀਨ, ਇਰਾਨ, ਸਾਊਦੀ ਅਰਬ, ਸੋਮਾਲੀਆ ਅਤੇ ਅਮਰੀਕਾ ਵਿੱਚ ਸਭ ਤੋਂ ਵੱਧ ਮੌਤ ਦੀ ਸਜ਼ਾ ਦਿੱਤੀ ਗਈ ਸੀ। ਇਨ੍ਹਾਂ ਵਿਚੋਂ 74 ਫੀਸਦੀ ਮੌਤ ਦੀ ਸਜ਼ਾ ਦੇ ਮਾਮਲੇ ਇਕੱਲੇ ਇਰਾਨ ਵਿਚ ਸਾਹਮਣੇ ਆਏ ਹਨ।

ਇਸ ਦੇ ਨਾਲ ਹੀ ਸਾਊਦੀ ਅਰਬ ਵਿੱਚ ਮੌਤ ਦੀ ਸਜ਼ਾ ਦੇ ਕੁੱਲ ਮਾਮਲਿਆਂ ਵਿਚੋਂ 15 ਫ਼ੀਸਦੀ ਮਾਮਲੇ ਸਾਹਮਣੇ ਆਏ ਹਨ।

ਐਮਨੈਸਟੀ ਦਾ ਕਹਿਣਾ ਹੈ ਕਿ ਚੀਨ ਵਾਂਗ ਹੀ ਉਸ ਕੋਲ ਉੱਤਰੀ ਕੋਰੀਆ, ਵੀਅਤਨਾਮ, ਸੀਰੀਆ, ਫ਼ਲਸਤੀਨ ਅਤੇ ਅਫ਼ਗਾਨਿਸਤਾਨ ਦੇ ਅਧਿਕਾਰਤ ਅੰਕੜੇ ਨਹੀਂ ਹਨ।

**ਮੌਤ ਦੀ ਸਜ਼ਾ ਖ਼ਤਮ ਕਰਨ ਵਾਲੇ ਦੇਸ਼**

ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਵਾਲੇ ਦੇਸ਼ਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। 2010 ਵਿੱਚ, ਅਲਜੀਰੀਆ, ਅਰਜਨਟੀਨਾ, ਕਜ਼ਾਕਿਸਤਾਨ, ਮੈਕਸੀਕੋ ਅਤੇ ਤੁਰਕੀ ਸਣੇ 14 ਦੇਸ਼ਾਂ ਨੇ ਮੌਤ ਦੀ ਸਜ਼ਾ ਵਿਰੁੱਧ ਕੌਮਾਂਤਰੀ ਕਮਿਸ਼ਨ ਦਾ ਗਠਨ ਕੀਤਾ ਸੀ। ਹੁਣ ਇਸ ਕਮਿਸ਼ਨ ਵਿੱਚ 24 ਮੈਂਬਰ ਦੇਸ਼ ਸ਼ਾਮਲ ਹੋ ਗਏ ਹਨ, ਜਿਨ੍ਹਾਂ ਵਿੱਚ ਬ੍ਰਿਟੇਨ, ਕੈਨੇਡਾ, ਆਸਟ੍ਰੇਲੀਆ, ਜਰਮਨੀ ਅਤੇ ਟੋਗੋ ਸ਼ਾਮਲ ਹਨ। ਸਾਲ 1991 ਵਿੱਚ ਇਸ ਸੂਚੀ ਵਿੱਚ 48 ਦੇਸ਼ ਸ਼ਾਮਲ ਕੀਤੇ ਗਏ ਸਨ। ਇਸ ਦੇ ਨਾਲ ਹੀ 2023 ਵਿੱਚ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਵਾਲੇ ਦੇਸ਼ਾਂ ਦੀ ਗਿਣਤੀ 112 ਹੋ ਗਈ ਹੈ। ਨੌਂ ਦੇਸ਼ ਅਜਿਹੇ ਹਨ, ਜਿੱਥੇ ਸਿਰਫ਼ ਗੰਭੀਰ ਅਪਰਾਧਾਂ ਲਈ ਹੀ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਜਦਕਿ 23 ਦੇਸ਼ ਅਜਿਹੇ ਹਨ ਜਿੱਥੇ ਪਿਛਲੇ ਦਹਾਕੇ ਤੋਂ ਮੌਤ ਦੀ ਸਜ਼ਾ ਦੀ ਵਰਤੋਂ ਨਹੀਂ ਕੀਤੀ ਗਈ। ਕਜ਼ਾਖਸਤਾਨ, ਪਾਪੂਆ ਨਿਊ ਗਿਨੀਆ, ਸਿਏਰਾ ਲਿਓਨ ਅਤੇ ਸੈਂਟਰਲ ਐਫਰੀਕਨ ਰਿਪਬਲਿਕ ਵਿੱਚ ਇਹ ਸਜ਼ਾ ਪੂਰਨ ਤੌਰ ਉੱਤੇ ਬੰਦ ਕਰ ਦਿੱਤੀ ਗਈ ਹੈ।

ਇਕੁਏਟੋਰਿਅਲ ਗੀਨੀਆ ਅਤੇ ਜ਼ਾਂਬੀਆਂ ਨੇ ਕਿਹਾ ਹੈ ਕਿ ਇਹ ਸਿਰਫ਼ ਗੰਭੀਰ ਅਪਰਾਧਾਂ ਲਈ ਹੀ ਵਰਤੀ ਜਾਵੇਗੀ।

ਅਪ੍ਰੈਲ 2023 ਵਿੱਚ ਮਲੇਸ਼ੀਆ ਦੀ ਪਾਰਲੀਮੈਂਟ ਨੇ ਵੀ ਕਤਲ ਅਤੇ ਅੱਤਵਾਦ ਸਣੇ 11 ਅਪਰਾਧਾਂ ਲਈ ਮੌਤ ਦੀ ਸਜ਼ਾ ਹਟਾਉਣ ਦੇ ਹੱਕ ਵਿੱਚ ਵੋਟ ਕੀਤਾ।

ਘਾਨਾ ਦੀ ਪਾਰਲੀਮੈਂਟ ਨੇ ਜੁਲਾਈ 2023 ਵਿੱਚ ਸਜ਼ਾ ਏ ਮੌਤ ਹਟਾਉਣ ਦੇ ਹੱਕ ਵਿੱਚ ਵੋਟ ਪਾਈ।

ਅਮਰੀਕਨ ਸਾਈਕੋਲਾਜੀਕਲ ਐਸੋਸੀਏਸ਼ਨ (ਏਪੀਏ) ਨੇ ਅਮਰੀਕੀ ਸੂਬਿਆਂ ਨੂੰ 21 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਲਈ ਮੌਤ ਦੀ ਸਜ਼ਾ 'ਤੇ ਪਾਬੰਦੀ ਲਗਾਉਣ ਲਈ ਕਿਹਾ ਹੈ।

**ਵੱਖ-ਵੱਖ ਦੇਸ਼ਾਂ ਵਿੱਚ ਮੌਤ ਦੀ ਸਜ਼ਾ ਨੂੰ ਲਾਗੂ ਕਰਨ ਦੇ ਤਰੀਕੇ ਕੀ ਹਨ ?**

ਸਾਲ 2023 ਵਿੱਚ ਪ੍ਰਤੱਖ ਤੌਰ 'ਤੇ ਮੌਤ ਦੀ ਸਜ਼ਾ ਦੇ ਚਾਰ ਜਾਣੇ-ਪਛਾਣੇ ਤਰੀਕੇ ਹਨ, ਜਿਨ੍ਹਾਂ ਵਿੱਚੋਂ ਸਿਰ ਕਲਮ ਕਰਨਾ ਸਿਰਫ਼ ਸਾਊਦੀ ਅਰਬ ਵਿੱਚ ਲਾਗੂ ਹੈ।

ਪਿਛਲੇ ਸਾਲ ਸੱਤ ਦੇਸ਼ਾਂ ਵਿੱਚ ਮੌਤ ਦੀ ਸਜ਼ਾ ਲਈ ਫਾਂਸੀ ਦਾ ਤਰੀਕਾ ਅਪਣਾਇਆ ਗਿਆ ਸੀ, ਛੇ ਦੇਸ਼ਾਂ ਵਿੱਚ ਗੋਲੀ ਮਾਰ ਕੇ ਕਤਲ ਕਰਨਾ ਅਤੇ ਤਿੰਨ ਦੇਸ਼ਾਂ ਵਿੱਚ ਮੌਤ ਦਾ ਟੀਕਾ ਲਗਾਇਆ ਗਿਆ ਸੀ।

ਸਾਊਦੀ ਅਰਬ ਸੰਸਾਰ ਦਾ ਇੱਕੋ-ਇੱਕ ਦੇਸ਼ ਹੈ ਜਿੱਥੇ ਸਾਲ 2022 ਵਿੱਚ ਸਿਰ ਕਲਮ ਕਰਨਾ ਮੌਤ ਦੇ ਤਰੀਕੇ ਵਜੋਂ ਵਰਤਿਆ ਜਾਂਦਾ ਹੈ।

ਅਲਬਾਮਾ ਅਤੇ ਅਮਰੀਕਾ ਦੇ ਦੋ ਹੋਰ ਸੂਬਿਆਂ ਨੇ ਨਾਈਟ੍ਰੋਜਨ ਗੈਸ ਦੀ ਮੌਤ ਦੀ ਸਜ਼ਾ ਦੇਣ ਲਈ ਵਰਤੋਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਜ਼ਹਿਰੀਲੇ ਟੀਕਿਆਂ ਵਿੱਚ ਵਰਤੀਆਂ ਜਾਣ ਵਾਲੀਆਂ ਡ੍ਰਗਜ਼ ਮਿਲਣੀਆਂ ਮੁਸ਼ਕਿਲ ਹੋ ਗਈਆਂ ਹਨ।

ਇਨ੍ਹਾਂ ਡ੍ਰਗਜ਼ ਦੀ ਕਮੀ ਵੀ ਅਮਰੀਕਾ ਵਿੱਚ ਮੌਤ ਦੀ ਸਜ਼ਾ ਦੇ ਮਾਮਲੇ ਘਟਣ ਦਾ ਇੱਕ ਕਾਰਨ ਰਹੀ ਹੈ।

ਭਾਰਤ ਵਿੱਚ ਕੁਲ 561 ਕੈਦੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਹ ਪਿਛਲੇ ਦੋ ਦਹਾਕਿਆਂ ਵਿੱਚ ਸਾਲ ਦੇ ਅੰਤ ਵਿੱਚ ਸਭ ਤੋਂ ਵੱਧ ਅੰਕੜਾ ਹੈ। ਸਾਲ 2015 ਤੋਂ ਲੈ ਕੇ ਹੁਣ ਤਕ ਅਜਿਹੇ ਕੈਦੀਆਂ ਦੀ ਗਿਣਤੀ ਵਿੱਚ 45.71 ਫੀਸਦੀ ਦਾ ਵਾਧਾ ਹੋਇਆ ਹੈ। ਇੱਕ ਰੀਪੋਰਟ ਵਿੱਚ ਇਹ ਜਾਣਕਾਰੀ ਦਿਤੀ ਗਈ ਹੈ।

ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਵਿੱਚ ਪ੍ਰਾਜੈਕਟ 39ਏ ਵੱਲੋਂ ਪ੍ਰਕਾਸ਼ਤ ਭਾਰਤ ਵਿੱਚ ਮੌਤ ਦੀ ਸਜ਼ਾ: ਸਾਲਾਨਾ ਅੰਕੜਾ ਰੀਪੋਰਟ ਦੇ ਅੱਠਵੇਂ ਸੰਸਕਰਣ ਵਿੱਚ ਕਿਹਾ ਗਿਆ ਸੀ ਕਿ ਹੇਠਲੀਆਂ ਅਦਾਲਤਾਂ ਨੇ 2023 ਵਿੱਚ 120 ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ, ਪਰ ਇਸ ਸਾਲ ਅਪੀਲੀ ਅਦਾਲਤਾਂ ਵੱਲੋਂ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਣ ਦੀ ਦਰ 2000 ਤੋਂ ਬਾਅਦ ਸਭ ਤੋਂ ਘੱਟ ਹੈ। ਸੁਪਰੀਮ ਕੋਰਟ ਨੇ 2021 ਤੋਂ ਬਾਅਦ ਕਿਸੇ ਵੀ ਸਾਲ ਕਿਸੇ ਦੋਸ਼ੀ ਦੀ ਮੌਤ ਦੀ ਸਜ਼ਾ ਨੂੰ ਬਰਕਰਾਰ ਨਹੀਂ ਰੱਖਿਆ।

ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ 2023 ਵਿੱਚ ਕਿਸੇ ਵੀ ਦੋਸ਼ੀ ਦੀ ਮੌਤ ਦੀ ਸਜ਼ਾ ਦੀ ਪੁਸ਼ਟੀ ਨਹੀਂ ਕੀਤੀ। ਹਾਈ ਕੋਰਟ ਵਿੱਚ ਕਤਲ ਦੇ ਸਾਧਾਰਨ ਮਾਮਲੇ 'ਚ ਕਰਨਾਟਕ ਹਾਈ ਕੋਰਟ ਨੇ ਸਿਰਫ਼ ਇੱਕ ਦੋਸ਼ੀ ਦੀ ਮੌਤ ਦੀ ਸਜ਼ਾ ਦੀ ਪੁਸ਼ਟੀ ਕੀਤੀ। ਇਸ ਤਰ੍ਹਾਂ 2023 'ਚ ਅਪੀਲ ਅਦਾਲਤਾਂ ਵੱਲੋਂ ਮੌਤ ਦੀ ਸਜ਼ਾ ਦੀ ਪੁਸ਼ਟੀ ਦੀ ਦਰ 2000 ਤੋਂ ਬਾਅਦ ਸਭ ਤੋਂ ਘੱਟ ਸੀ।

ਰੀਪੋਰਟ ਵਿੱਚ ਕਿਹਾ ਗਿਆ ਹੈ ਕਿ 2023 ਦੇ ਅੰਤ ਵਿੱਚ ਹੇਠਲੀਆਂ ਅਦਾਲਤਾਂ ਨੇ 120 ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਭਾਰਤ ਵਿੱਚ 561 ਕੈਦੀ ਹਨ ਜਿਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ।

(**ਬਾਕੀ ਸਫ਼ਾ 30 'ਤੇ**)

# ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਵੱਲੋਂ 20ਵੀਂ ਅੰਤਰਰਾਸ਼ਟਰੀ ਕਾਨਫ਼ਰੰਸ ਸਪੰਨ

## ਕਾਨਫ਼ਰੰਸ ਸੁਰਜੀਤ ਪਾਤਰ, ਮਹਿੰਦਰ ਸਿੰਘ ਘੱਗ ਅਤੇ ਰਬਿੰਦਰ ਸਿੰਘ ਅਟਵਾਲ ਨੂੰ ਕੀਤੀ ਗਈ ਸਮਰਪਿਤ

ਦੇਸ਼ਾਂ-ਵਿਦੇਸ਼ਾਂ ਤੋਂ ਪਹੁੰਚੇ ਸਾਹਿਤਕਾਰ

ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਵੱਲੋਂ 20ਵੀਂ ਅੰਤਰਰਾਸ਼ਟਰੀ ਕਾਨਫਰੰਸ ਕਰਵਾਈ ਗਈ। ਪੂਜਾ ਰੈਸਟੋਰੈਂਟ, ਵੈਸਟ ਸੈਕਰਾਮੈਂਟੋ ਦੇ ਹਾਲ ਵਿੱਚ ਹੋਈ, ਇਸ ਕਾਨਫਰੰਸ ਵਿੱਚ ਦੇਸ਼ਾਂ-ਵਿਦੇਸ਼ਾਂ ਤੋਂ ਸਾਹਿਤਕਾਰ ਅਤੇ ਬੁੱਧੀਜੀਵੀ ਪਹੁੰਚੇ। ਸਵੇਰੇ ਸ਼ੁਰੂ ਹੋ ਕੇ ਦੇਰ ਸ਼ਾਮ ਤੱਕ ਚੱਲੀ ਇਸ ਕਾਨਫਰੰਸ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਸੀ। ਇਹ ਕਾਨਫਰੰਸ ਮਰਹੂਮ ਕਵੀ ਸੁਰਜੀਤ ਪਾਤਰ, ਮਹਿੰਦਰ ਸਿੰਘ ਘੱਗ ਅਤੇ ਰਬਿੰਦਰ ਸਿੰਘ ਅਟਵਾਲ ਨੂੰ ਸਮਰਪਿਤ ਕੀਤੀ ਗਈ ਸੀ।ਮੰਚ ਸੰਚਾਲਕ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਦਲਵੀਰ 'ਦਿਲ' ਨਿੱਜਰ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਸ. ਨਿੱਜਰ ਨੇ ਸਮੂਹ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਇਸ ਉਪਰੰਤ ਜੋਤੀ ਸਿੰਘ, ਰਮਨ ਅਤੇ ਜਸਵੰਤ ਸੈਦੋਕੇ ਵੱਲੋਂ ਸ਼ਬਦ ਗਾਇਨ ਕੀਤਾ ਗਿਆ।



ਪਹਿਲੇ ਸੈਸ਼ਨ ਵਿੱਚ ਕਵੀ ਸੰਮੇਲਨ ਆਯੋਜਿਤ ਕੀਤਾ ਗਿਆ, ਜਿਸ ਦਾ ਮੰਚ ਸੰਚਾਲਨ ਮਨਜੀਤ ਕੌਰ ਸੇਖੋਂ ਨੇ ਕੀਤਾ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਹਰਬੰਸ ਸਿੰਘ ਜਗਿਆਸੂ, ਹਰਦਿਆਲ ਸਿੰਘ ਚੀਮਾ, ਤਾਰਾ ਸਿੰਘ ਕੋਮਲ, ਹਰਭਜਨ ਸਿੰਘ ਢੇਰੀ ਅਤੇ ਸੇਵਾ ਸਿੰਘ ਨੂਰਪੁਰੀ ਸੁਸ਼ੋਭਿਤ ਸਨ। ਇਸ ਕਵੀ ਸੰਮੇਲਨ 'ਚ ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ ਪੰਨੂੰ, ਜਗਜੀਤ ਨੌਸ਼ਹਿਰਵੀ, ਸੇਵਾ ਸਿੰਘ ਨੂਰਪੁਰੀ, ਜੀਵਨ ਰੱਤੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਦਿਲ ਨਿੱਜਰ, ਲਖਬੀਰ ਸਿੰਘ ਘੱਗ, ਹਰਪ੍ਰੀਤ ਕੌਰ ਧੂਤ, ਅਮਰਪਾਲ ਸਿੰਘ ਕੰਬੋਜ, ਡਾ. ਗੁਰਪਾਲ ਸਿੰਘ ਖਹਿਰਾ, ਰਮਨਜੀਤ, ਜੋਤੀ ਸਿੰਘ, ਗੁਰਜਤਿੰਦਰ ਸਿੰਘ ਰੰਧਾਵਾ, ਹਰਭਜਨ ਸਿੰਘ ਢੇਰੀ, ਹਰਬੰਸ ਸਿੰਘ ਜਗਿਆਸੂ ਨੇ ਆਪੋ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਮਹਿੰਦਰ ਸਿੰਘ ਘੱਗ ਦੇ ਸਪੁੱਤਰ ਮੇਅਰ ਲਖਬੀਰ ਸਿੰਘ ਘੱਗ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਪਾਕਿਸਤਾਨੀ ਲੇਖਕ ਮਕਸੂਦ ਅਲੀ ਅਤੇ ਇਮਤਿਆਜ਼ ਅਲੀ ਨੇ ਸਭਾ ਦੇ ਪ੍ਰਧਾਨ ਦਿਲ ਨਿੱਜਰ ਦਾ ਪਾਕਿਸਤਾਨੀ ਪੱਗ 'ਕੁੱਲ੍ਹਾ' ਸਿਰ 'ਤੇ ਸਜਾ ਕੇ ਸਨਮਾਨ ਕੀਤਾ।

ਪੰਜਾਬੀ ਸਾਹਿਤ ਸਭਾ ਵੱਲੋਂ ਸ਼ਾਨਦਾਰ ਸੋਵੀਨਰ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਵਿੱਚ ਵੱਖ-ਵੱਖ ਪੰਜਾਬੀ ਸਾਹਿਤ ਨਾਲ ਸੰਬੰਧਤ ਲੇਖ ਅਤੇ ਹੋਰ ਰਚਨਾਵਾਂ ਨੂੰ ਲੜੀਬੱਧ ਕੀਤਾ ਗਿਆ ਸੀ।ਇਸ ਸੋਵੀਨਰ ਨੂੰ ਸਭਾ ਦੇ ਮੈਂਬਰਾਂ ਵੱਲੋਂ ਰਿਲੀਜ਼ ਕੀਤਾ ਗਿਆ, ਜਿਨ੍ਹਾਂ ਵਿੱਚ ਦਿਲ ਨਿੱਜਰ, ਗੁਰਜਤਿੰਦਰ ਸਿੰਘ ਰੰਧਾਵਾ, ਹਰਬੰਸ ਸਿੰਘ ਜਗਿਆਸੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਮਨਜੀਤ ਕੌਰ ਸੇਖੋਂ, ਮੇਜਰ ਭੁਪਿੰਦਰ ਦਲੇਰ, ਅਜੈਬ ਚੀਮਾ, ਡਾ. ਪਰਗਟ ਸਿੰਘ ਹੁੰਦਲ, ਹਰਭਜਨ ਸਿੰਘ ਢੇਰੀ, ਜੋਤੀ ਸਿੰਘ, ਜੀਵਨ ਰੱਤੂ, ਫਕੀਰ ਸਿੰਘ ਮੱਲ੍ਹੀ, ਗੁਰਦੀਪ ਕੌਰ, ਭਾਗ ਸਿੰਘ ਸਿੱਧੂ ਅਤੇ ਹਰਜਿੰਦਰ ਮੱਟੂ ਸ਼ਾਮਲ ਸਨ।

ਇਸ ਸਮੇਂ ਕੁੱਝ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਕਵੀ ਰਾਜ, ਡਾ. ਦਲਬੀਰ ਸਿੰਘ ਕਥੂਰੀਆ (ਟੋਰਾਂਟੋ), ਡਾ. ਪਰਗਟ ਸਿੰਘ ਬੱਗਾ (ਟੋਰਾਂਟੋ), ਪ੍ਰਿਤਪਾਲ ਸਿੰਘ ਚੱਗੜ (ਟੋਰਾਂਟੋ), ਅਮਰ ਸਿੰਘ ਸੂਫੀ (ਪੰਜਾਬ), ਪ੍ਰੀਤਮ ਸਿੰਘ ਭਰੋਵਾਲ (ਪੰਜਾਬ), ਹਰਦਿਆਲ ਸਿੰਘ ਚੀਮਾ (ਸਿਆਟਲ), ਡਾ. ਤਾਰਾ ਸਿੰਘ ਕਮਲ (ਪੰਜਾਬ, ਇੰਡੀਆ), ਸੁਖਦੇਵ ਸਿੰਘ ਢਿੱਲੋਂ (ਸਰੀ), ਇੰਦਰਬੀਰ ਸਿੰਘ ਲਾਲੀ ਸੰਧੂ (ਸਿਆਟਲ), ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ, ਮੇਅਰ ਬੌਬੀ ਸਿੰਘ ਐਲਨ, ਮੇਅਰ ਪਰਗਟ ਸਿੰਘ ਸੰਧੂ, ਦਵਿੰਦਰ ਸਿੰਘ ਬੈਂਸ, ਨਰਿੰਦਰਪਾਲ ਸਿੰਘ ਹੁੰਦਲ, ਵਰਿੰਦਰ ਸਿੰਘ ਸੇਖੋਂ ਅਤੇ ਹਰਮਿੰਦਰ ਸਿੰਘ ਕਾਹਲੋਂ ਸ਼ਾਮਲ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਡਸਵੈਲੀ ਚੈਂਬਰ ਆਫ ਕਾਮਰਸ ਦੇ ਸੁਖਚੈਨ ਸਿੰਘ, ਦਲਜੀਤ ਸਿੰਘ ਸੰਧੂ, ਜਗਰੂਪ ਸਿੰਘ ਮਾਂਗਟ, ਮੁਖਤਾਰ ਸਿੰਘ ਗਿੱਲ, ਮਾਈਕ ਬੋਪਾਰਾਏ ਵੀ ਹਾਜ਼ਰ ਸਨ।

ਦੁਪਹਿਰ ਦੇ ਖਾਣੇ ਤੋਂ ਬਾਅਦ ਕਾਨਫਰੰਸ ਦਾ ਦੂਜਾ ਸੈਸ਼ਨ ਸ਼ੁਰੂ ਹੋਇਆ, ਜਿਸ ਵਿੱਚ ਪੰਜਾਬੀ ਮਾਂ ਬੋਲੀ 'ਤੇ ਵਿਚਾਰ-ਵਟਾਂਦਰੇ ਕੀਤੇ ਗਏ। ਪ੍ਰਧਾਨਗੀ ਮੰਡਲ ਵਿੱਚ ਦਿਲ ਨਿੱਜਰ, ਡਾ. ਦਲਬੀਰ ਸਿੰਘ ਕਥੂਰੀਆ, ਡਾ. ਪਰਗਟ ਸਿੰਘ ਬੱਗਾ, ਹਰਜਿੰਦਰ ਪੰਧੇਰ, ਸੁਖਵਿੰਦਰ ਕੰਬੋਜ ਸੁਸ਼ੋਭਿਤ ਸਨ। ਇਸ ਦੌਰਾਨ ਕੁੱਝ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ। ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਦੀ ਕਿਤਾਬ 'ਰੂਹਾਂ ਦਾ ਸੰਗਰਾਮ' ਉਨ੍ਹਾਂ ਦੀ ਸਤਿਕਾਰਯੋਗ ਮਾਤਾ ਜੀ ਵੱਲੋਂ ਰਿਲੀਜ਼ ਕੀਤੀ ਗਈ। ਜੀਵਨ ਰੱਤੂ ਨੇ ਦਿਲ ਨਿੱਜਰ ਦੀ ਇਸ ਨਵੀਂ ਕਿਤਾਬ ਵਿਚੋਂ ਇੱਕ ਗੀਤ ਵੀ ਗਾ ਕੇ ਸੁਣਾਇਆ।ਇਸ ਦੇ ਨਾਲ ਹੀ ਹਰਨੇਕ ਸਿੰਘ ਸਟਾਕਟਨ ਦੀ ਕਿਤਾਬ 'ਇਕੋ ਰੈਂਕ' ਜਿਹੜੀ ਕਿ 'ਮਿੰਨੀ ਕਹਾਣੀਆਂ' ਦਾ ਸੰਗ੍ਰਹਿ ਸੀ, ਵੀ ਰਿਲੀਜ਼ ਕੀਤੀ ਗਈ। ਹਰਪ੍ਰੀਤ ਕੌਰ ਧੂਤ ਦੀ ਕਹਾਣੀਆਂ ਦੀ ਕਿਤਾਬ 'ਸੂਰਜ ਹਾਰ ਗਿਆ' ਵੀ ਰਿਲੀਜ਼ ਕੀਤੀ ਗਈ। ਇਸ ਤੋਂ ਇਲਾਵਾ ਡਾ. ਦਲਬੀਰ ਕਥੂਰੀਆ ਅਤੇ ਸੁਖਿੰਦਰ ਵੱਲੋਂ ਸੰਪਾਦਿਤ ਕੀਤੀ ਗਈ ਕਿਤਾਬ 'ਪੰਜਾਬੀ ਸਾਹਿਤ ਅਤੇ ਸੱਭਿਆਚਾਰ' ਵੀ ਰਿਲੀਜ਼ ਕੀਤੀ ਗਈ।

(**ਬਾਕੀ ਸਫ਼ਾ 31 'ਤੇ**)

# ਕੀ ਇਜ਼ਰਾਈਲ ਹਮਾਸ ਬਾਰੇ ਬਦਲ ਰਿਹਾ ਹੈ ਨੀਤੀ ?

## ਅਮਰੀਕਾ ਦੇ ਜੰਗਬੰਦੀ ਪ੍ਰਸਤਾਵ 'ਤੇ ਹਮਾਸ ਤੇ ਇਜ਼ਰਾਈਲ ਜੰਗਬੰਦੀ ਲਈ ਤਿਆਰ

### ਹਮਾਸ ਯਹੂਦੀ ਬੰਧਕ ਰਿਹਾਅ ਕਰੇਗਾ, ਇਜ਼ਰਾਈਲ ਵੀ ਜੰਗ ਖ਼ਤਮ ਕਰਨ ਲਈ ਸਹਿਮਤ

ਤੇਲ ਅਵੀਵ/ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਜੰਗਬੰਦੀ ਪ੍ਰਸਤਾਵ 'ਤੇ ਇਜ਼ਰਾਇਲ-ਹਮਾਸ ਸਕਾਰਾਤਮਕ ਨਜ਼ਰ ਆ ਰਹੇ ਹਨ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੀ ਪ੍ਰਸਤਾਵਿਤ ਯੋਜਨਾ ਦੇ ਜਵਾਬ ਵਿੱਚ ਹਮਾਸ ਨੇ ਕਿਹਾ ਹੈ ਕਿ ਉਹ ਬੰਧਕਾਂ ਨੂੰ ਰਿਹਾਅ ਕਰਨ ਲਈ ਤਿਆਰ ਹੈ। ਇਜ਼ਰਾਈਲ ਵੀ ਜੰਗ ਨੂੰ ਖ਼ਤਮ ਕਰਨ ਲਈ ਸਹਿਮਤ ਹੋ ਗਿਆ ਹੈ। ਹਾਲਾਂਕਿ ਦੋਵਾਂ ਪਾਸਿਆਂ ਦੀਆਂ ਕੁਝ ਸ਼ਰਤਾਂ ਹਨ। ਇਜ਼ਰਾਈਲ ਨੇ ਕਿਹਾ ਹੈ ਕਿ ਹਮਾਸ ਵੱਲੋਂ ਸਾਰੇ ਬੰਧਕਾਂ ਦੀ ਰਿਹਾਈ ਜੰਗ ਖ਼ਤਮ ਕਰਨ ਦੀ ਸ਼ਰਤ ਹੈ। ਇਜ਼ਰਾਈਲ ਦੇ ਵਿਰੋਧੀ ਨੇਤਾ ਲੈਪਿਡ ਨੇ ਵੀ ਜੰਗਬੰਦੀ ਦਾ ਸਮਰਥਨ ਕੀਤਾ ਹੈ। ਬਾਈਡੇਨ ਨੇ ਬੀਤੇ ਦਿਨੀਂ ਕਿਹਾ ਕਿ ਯੁੱਧ ਖ਼ਤਮ ਕਰਨ ਦਾ ਸਮਾਂ ਆ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਬਾਈਡੇਨ ਦੀ ਤਿੰਨ ਪੜਾਅ ਦੀ ਯੋਜਨਾ ਦੇ ਪਹਿਲੇ ਪੜਾਅ ਵਿੱਚ ਇਜ਼ਰਾਈਲੀ ਬਲ ਰਿਹਾਇਸ਼ੀ ਇਲਾਕਿਆਂ ਤੋਂ ਹਟਣਗੇ। ਹਮਾਸ ਬੱਚਿਆਂ ਅਤੇ ਔਰਤਾਂ ਨੂੰ ਰਿਹਾਅ ਕਰੇਗਾ।6 ਹਫ਼ਤਿਆਂ ਤੱਕ ਚੱਲਣ ਵਾਲੇ ਦੂਜੇ ਪੜਾਅ ਵਿੱਚ ਇਜ਼ਰਾਈਲੀ ਬਲ ਗਾਜ਼ਾ ਤੋਂ ਪੂਰੀ ਤਰ੍ਹਾਂ ਪਿੱਛੇ ਹਟ ਜਾਣਗੇ। ਤੀਜੇ ਪੜਾਅ ਵਿੱਚ ਅਮਰੀਕਾ ਅੰਤਰਰਾਸ਼ਟਰੀ ਸਮੂਹਾਂ ਦੀ ਮਦਦ ਨਾਲ ਗਾਜ਼ਾ ਵਿੱਚ ਤਬਾਹ ਹੋਏ ਘਰਾਂ ਨੂੰ ਦੁਬਾਰਾ ਬਣਾਉਣ ਦੀ ਯੋਜਨਾ 'ਤੇ ਕੰਮ ਸ਼ੁਰੂ ਕਰੇਗਾ। ਇਸ ਦੌਰਾਨ ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਨੇ ਵੀ ਅਮਰੀਕੀ ਪ੍ਰਸਤਾਵ ਦਾ ਸਮਰਥਨ ਕੀਤਾ ਹੈ ਅਤੇ ਯੁੱਧ ਰੋਕਣ ਦੀ ਗੱਲ ਕਹੀ ਹੈ।



**ਘੋਰ ਤਬਾਹੀ ਬਾਅਦ ਮੁੜ ਨਿਰਮਾਣ ਹੋਵੇਗਾ**

ਜਾਰੀ ਹਮਲਿਆਂ ਵਿੱਚ ਹੁਣ ਤੱਕ 36,379 ਫਲਸਤੀਨੀ ਮਾਰੇ ਜਾ ਚੁੱਕੇ ਹਨ। 82,407 ਜ਼ਖਮੀ ਹੋਏ ਹਨ। 1,139 ਇਜ਼ਰਾਈਲੀ ਮਾਰੇ ਗਏ। 8,730 ਜ਼ਖਮੀ ਅਤੇ ਦਰਜਨਾਂ ਹਮਾਸ ਦੇ ਕਬਜ਼ੇ ਵਿੱਚ ਹਨ। ਪਿਛਲੇ ਮਹੀਨੇ ਜਾਰੀ ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ 3.70 ਲੱਖ ਤੋਂ ਵੱਧ ਘਰ ਤਬਾਹ ਹੋ ਚੁੱਕੇ ਹਨ। ਇਨ੍ਹਾਂ ਵਿੱਚੋਂ 80 ਹਜ਼ਾਰ ਤੋਂ ਵੱਧ ਪੂਰੀ ਤਰ੍ਹਾਂ ਤਬਾਹ ਹੋ ਚੁੱਕੇ ਹਨ। 200 ਤੋਂ ਵੱਧ ਵਿਦਿਅਕ ਅਦਾਰੇ ਵੀ ਤਬਾਹ ਹੋ ਗਏ ਹਨ। ਜੇਕਰ ਅੱਜ ਇਨ੍ਹਾਂ ਮਕਾਨਾਂ ਦੀ ਉਸਾਰੀ ਸ਼ੁਰੂ ਹੋ ਜਾਂਦੀ ਹੈ ਤਾਂ ਇਨ੍ਹਾਂ ਨੂੰ ਮੌਜੂਦਾ ਹਾਲਤ ਵਿੱਚ ਲਿਆਉਣ ਲਈ 2040 ਤੱਕ ਦਾ ਸਮਾਂ ਲੱਗ ਜਾਵੇਗਾ।

**ਹਮਾਸ ਦਾ ਅੰਤ, ਜੰਗਬੰਦੀ ਯੋਜਨਾ ਦਾ ਹਿੱਸਾ – ਨੇਤਨਯਾਹੂ**

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਕਿਹਾ ਹੈ ਕਿ ਯੁੱਧ ਖ਼ਤਮ ਕਰਨ ਲਈ ਇਜ਼ਰਾਈਲ ਦੀ ਸਥਿਤੀ ਨਹੀਂ ਬਦਲੀ ਹੈ। ਹਮਾਸ ਦਾ ਖਾਤਮਾ ਅਮਰੀਕਾ ਦੁਆਰਾ ਪ੍ਰਸਤਾਵਿਤ ਜੰਗਬੰਦੀ ਦਾ ਹਿੱਸਾ ਹੈ। ਸਾਡੀ ਸ਼ਰਤ ਹਮਾਸ ਦੀਆਂ ਸਮਰੱਥਾਵਾਂ ਨੂੰ ਨਸ਼ਟ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਹੈ ਕਿ ਗਾਜ਼ਾ ਹੁਣ ਇਜ਼ਰਾਈਲ ਲਈ ਖ਼ਤਰਾ ਨਾ ਬਣੇ।

# ਬਿਡੇਨ ਨੇ ਯੂਕਰੇਨ ਨੂੰ ਰੂਸ ਦੇ ਅੰਦਰ ਹਥਿਆਰ ਦਾਗਣ ਦੀ ਦਿੱਤੀ ਇਜਾਜ਼ਤ

## ਅਮਰੀਕੀ ਰਾਸ਼ਟਰਪਤੀ ਦੇ ਇਸ ਫੈਸਲੇ ਤੋਂ ਰੂਸ ਨਾਰਾਜ਼ , ਕਿਹਾ ਕਿ ਉਹ ਪ੍ਰਮਾਣੂ ਹਮਲੇ ਲਈ ਤਿਆਰ ਹੈ

ਮਾਸਕੋ/ਏ.ਟੀ.ਨਿਊਜ਼: ਰੂਸ ਅਤੇ ਯੂਕਰੇਨ ਵਿਚਾਲੇ ਲਗਾਤਾਰ ਜੰਗ ਜਾਰੀ ਹੈ। ਇਸ ਦੌਰਾਨ ਰੂਸ ਦੇ ਸੀਨੀਅਰ ਸੁਰੱਖਿਆ ਅਧਿਕਾਰੀ ਦਮਿਤਰੀ ਮੇਦਵੇਦੇਵ ਨੇ ਬੀਤੇ ਦਿਨੀਂ ਰੂਸ ਦੇ ਖ਼ਿਲਾਫ਼ ਰਣਨੀਤਕ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਬਾਰੇ ਗੱਲ ਕੀਤੀ ਅਤੇ ਕਿਹਾ ਕਿ ਉਹ ਮਜ਼ਾਕ ਨਹੀਂ ਕਰ ਰਹੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਪੱਛਮ ਨਾਲ ਰੂਸ ਦਾ ਟਕਰਾਅ ਸਰਬ-ਵਿਆਪਕ ਯੁੱਧ ਵਿੱਚ ਬਦਲ ਸਕਦਾ ਹੈ। ਦਮਿਤਰੀ ਮੇਦਵੇਦੇਵ ਰੂਸ ਦੇ ਸਾਬਕਾ ਰਾਸ਼ਟਰਪਤੀ ਰਹਿ ਚੁੱਕੇ ਹਨ ਅਤੇ ਪੁਤਿਨ ਦੇ ਕਰੀਬੀ ਹਨ।

ਮੇਦਵੇਦੇਵ ਦੀ ਚਿਤਾਵਨੀ ਉਦੋਂ ਆਈ ਜਦੋਂ ਅਮਰੀਕੀ ਰਾਸ਼ਟਰਪਤੀ ਬਿਡੇਨ ਵੱਲੋਂ ਯੂਕਰੇਨ ਨੂੰ ਰੂਸ ਦੇ ਅੰਦਰ ਫੌਜੀ ਠਿਕਾਣਿਆਂ 'ਤੇ ਅਮਰੀਕੀ ਹਥਿਆਰ ਚਲਾਉਣ ਲਈ ਹਰੀ ਝੰਡੀ ਦਿਤੀ।

ਮੇਦਵੇਦੇਵ ਨੇ ਕਿਹਾ ਕਿ ਪੱਛਮ ਨਾਲ ਰੂਸ ਦਾ ਟਕਰਾਅ ਸਭ ਤੋਂ ਮਾੜੀ ਸਥਿਤੀ ਦੇ ਅਨੁਸਾਰ ਵਿਕਸਤ ਹੋ ਰਿਹਾ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਰੂਸ ਦਾ ਮੰਨਣਾ ਹੈ ਕਿ ਨਾਟੋ ਦੇਸ਼ ਇਸ ਜੰਗ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹਨ। ਉਸ ਨੇ ਕਿਹਾ, 'ਰੂਸ ਪਹਿਲਾਂ ਹੀ ਮੰਨਦਾ ਹੈ ਕਿ ਯੂਕਰੇਨ ਦੁਆਰਾ ਲੰਬੀ ਦੂਰੀ ਦੇ ਹਥਿਆਰ ਦਾਗਣ ਪਿਛੇ ਨਾਟੋ ਦੇਸ਼ਾਂ ਦੀਆਂ ਫੌਜਾਂ ਦਾ ਕੰਟਰੋਲ ਹੈ।' ਉਨ੍ਹਾਂ ਕਿਹਾ ਕਿ ਇਹ ਫੌਜੀ ਸਹਾਇਤਾ ਨਹੀਂ ਹੈ ਸਗੋਂ ਸਾਡੇ ਖ਼ਿਲਾਫ਼ ਸਿੱਧੀ ਜੰਗ ਹੈ। ਅਜਿਹੀ ਕਾਰਵਾਈ ਜੰਗ ਨੂੰ ਭੜਕਾਉਣ ਵਾਲੀ ਕਾਰਵਾਈ ਹੈ।



**ਰੂਸ ਵੱਲੋਂ ਪ੍ਰਮਾਣੂ ਹਮਲੇ ਦੀ ਧਮਕੀ**

ਮੇਦਵੇਦੇਵ ਨੇ ਕਿਹਾ ਕਿ ਪੱਛਮ ਜੇਕਰ ਉਹ ਸੋਚਦਾ ਹੈ ਕਿ ਰੂਸ ਯੂਕਰੇਨ ਦੇ ਖ਼ਿਲਾਫ਼ ਰਣਨੀਤਕ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕਰੇਗਾ ਤਾਂ ਉਹ ਇੱਕ ਘਾਤਕ ਗਲਤੀ ਕਰ ਰਿਹਾ ਹੈ। ਉਸ ਨੇ ਆਪਣੇ ਦੁਸ਼ਮਣ ਦੇਸ਼ਾਂ 'ਤੇ ਹਮਲਾ ਕਰਨ ਲਈ ਰਣਨੀਤਕ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਸੰਭਾਵਨਾ ਦਾ ਵੀ ਜ਼ਿਕਰ ਕੀਤਾ। ਇਸ ਦੌਰਾਨ ਉਨ੍ਹਾਂ ਕਿਸੇ ਦੇਸ਼ ਦਾ ਨਾਂ ਨਹੀਂ ਲਿਆ।

**ਸਾਡੇ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ ਯੂਕਰੇਨ**

ਜਰਮਨ ਸਰਕਾਰ ਨੇ ਕਿਹਾ ਹੈ ਕਿ ਯੂਕਰੇਨ ਉਸ ਵੱਲੋਂ ਭੇਜੇ ਗਏ ਹਥਿਆਰਾਂ ਦੀ ਵਰਤੋਂ ਰੂਸੀ ਸਰਹੱਦ 'ਤੇ ਸਥਿਤ ਸਥਾਨਾਂ ਤੋਂ ਹਮਲਿਆਂ ਵਿਰੁੱਧ ਕਰ ਸਕਦਾ ਹੈ। ਸਰਕਾਰ ਨੇ ਹੁਣੇ ਜਿਹੇ ਕਿਹਾ ਕਿ ਉਹ ਜਰਮਨੀ ਅਤੇ ਯੂਕਰੇਨ ਦੇ ਨਜ਼ਦੀਕੀ ਦੇਸ਼ਾਂ ਨਾਲ ਚਰਚਾ ਕਰਦੇ ਹੋਏ ਯੁੱਧ ਸੰਬੰਧੀ ਘਟਨਾਵਾਂ ਨੂੰ ਲੈ ਕੇ ਲਗਾਤਾਰ ਸਹਿਯੋਗ ਪ੍ਰਦਾਨ ਕਰ ਰਿਹਾ ਹੈ। ਬਿਆਨ ਮੁਤਾਬਕ ਰੂਸ ਨੇ ਹਾਲ ਹੀ ਵਿੱਚ ਖਾਰਕਿਵ ਖੇਤਰ ਵਿੱਚ ਖਾਸ ਤੌਰ 'ਤੇ ਰੂਸੀ ਸਰਹੱਦ ਦੇ ਨੇੜੇ ਟਿਕਾਣਿਆਂ ਤੋਂ ਹਮਲੇ ਸ਼ੁਰੂ ਕੀਤੇ ਹਨ। ਬਿਆਨ ਵਿੱਚ ਕਿਹਾ ਗਿਆ ਹੈ, 'ਸਾਡਾ ਮੰਨਣਾ ਹੈ ਕਿ ਯੂਕਰੇਨ ਨੂੰ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਇਹਨਾਂ ਹਮਲਿਆਂ ਤੋਂ ਆਪਣਾ ਬਚਾਅ ਕਰਨ ਦਾ ਅਧਿਕਾਰ ਹੈ। ਇਸਦੇ ਲਈ, ਇਹ ਆਪਣੀਆਂ ਅੰਤਰਰਾਸ਼ਟਰੀ ਕਾਨੂੰਨੀ ਵਚਨਬੱਧਤਾਵਾਂ ਦੇ ਅਨੁਸਾਰ ਸਾਡੇ ਦੁਆਰਾ ਪ੍ਰਦਾਨ ਕੀਤੇ ਗਏ ਹਥਿਆਰਾਂ ਦੀ ਵਰਤੋਂ ਵੀ ਕਰ ਸਕਦਾ ਹੈ।'

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਕਰਨਾਟਕ 'ਚ ਭਾਜਪਾ ਗੱਠਜੋੜ ਦੇ ਆਗੂ ਪ੍ਰਜਵਲ ਵੱਲੋਂ ਸੈਂਕੜੇ ਔਰਤਾਂ ਨਾਲ ਜਿਨਸੀ ਸ਼ੋਸ਼ਣ

## ਘਿਣਾਉਣੇ ਜੁਰਮ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਵਿਦੇਸ਼ ਤੋਂ ਵਾਪਸ ਆਉਣ ਤੋਂ ਬਾਅਦ ਗ੍ਰਿਫ਼ਤਾਰ

ਅਦਾਲਤ ਨੇ ਜਿਨਸੀ ਸ਼ੋਸ਼ਣ ਅਤੇ ਸੈਕਸ ਸਕੈਂਡਲ ਦੇ ਦੋਸ਼ੀ ਪ੍ਰਜਵਲ ਰੇਵੰਨਾ ਨੂੰ ਛੇ ਦਿਨਾਂ ਲਈ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। 35 ਦਿਨਾਂ ਬਾਅਦ ਜਰਮਨੀ ਤੋਂ ਵਾਪਸ ਆਉਣ 'ਤੇ ਜੇ.ਡੀ.ਐਸ. ਦੇ ਕੱਢੇ ਗਏ ਸੰਸਦ ਮੈਂਬਰ ਰੇਵੰਨਾ ਨੂੰ ਬੇਂਗਲੁਰੂ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਬੀਤੇ ਹਫ਼ਤੇ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਕਰਨਾਟਕ ਪੁਲਿਸ ਦੀ ਐਸ.ਆਈ.ਟੀ. ਨੇ ਅਦਾਲਤ ਤੋਂ ਰੇਵੰਨਾ ਦੀ 14 ਦਿਨਾਂ ਦੀ ਹਿਰਾਸਤ ਦੀ ਮੰਗ ਕੀਤੀ ਸੀ। ਦੋਵਾਂ ਧਿਰਾਂ ਦੀ ਲੰਮੀ ਬਹਿਸ ਸੁਣਨ ਤੋਂ ਬਾਅਦ ਅਦਾਲਤ ਨੇ ਰੇਵੰਨਾ ਨੂੰ 6 ਜੂਨ ਤੱਕ ਐਸ.ਆਈ.ਟੀ. ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਪੁਲਿਸ ਹਿਰਾਸਤ ਲਈ ਅਦਾਲਤ ਨੂੰ ਦੱਸਿਆ ਗਿਆ ਕਿ ਪੁਲਿਸ ਨੂੰ ਹੋਰ ਪੁੱਛਗਿੱਛ ਅਤੇ ਤਫ਼ਤੀਸ਼ ਲਈ ਮੁਲਜ਼ਮ ਦੀ ਲੋੜ ਹੈ। ਵੀਡੀਓ ਵਿੱਚ ਸਾਰੀਆਂ ਔਰਤਾਂ ਦੀ ਪਛਾਣ ਸਾਹਮਣੇ ਆਈ ਹੈ। ਦੋਸ਼ੀ 'ਤੇ ਬਲਾਤਕਾਰ ਦੇ ਗੰਭੀਰ ਦੋਸ਼ ਹਨ, ਜੋ ਕਿ ਮਾਮਲੇ ਦਾ ਅਹਿਮ ਪਹਿਲੂ ਹੈ। ਐਸ.ਪੀ.ਪੀ. ਨੇ ਕਿਹਾ ਕਿ ਉਨ੍ਹਾਂ ਨੇ ਖ਼ਬਰਾਂ ਨੂੰ ਮੀਡੀਆ ਵਿੱਚ ਆਉਣ ਤੋਂ ਰੋਕਣ ਲਈ ਸਟੇਅ ਆਰਡਰ ਹਾਸਲ ਕੀਤਾ ਹੈ।

### ਕੀ ਹੈ ਮਾਮਲਾ

ਯਾਦ ਰਹੇ ਇਹ ਖ਼ਬਰ ਕਰਨਾਟਕ ਦੇ ਸ਼ਹਿਰ ਹਾਸਨ ਦੀ ਹੈ ਜਿੱਥੇ ਭਾਜਪਾ ਗੱਠਜੋੜ ਦਾ ਹਿੱਸਾ ਜਨਤਾ ਦਲ (ਸੈਕੁਲਰ) ਪਾਰਟੀ ਤੋਂ ਲੋਕ ਸਭਾ ਮੈਂਬਰ ਅਤੇ ਸਾਬਕਾ ਪ੍ਰਧਾਨ ਮੰਤਰੀ ਦੇਵ ਗੌੜਾ ਦੇ ਪੋਤੇ ਪ੍ਰਜਵਲ ਰੇਵੰਨਾ ਦੇ ਔਰਤਾਂ ਨਾਲ਼ ਜਿਨਸੀ ਸ਼ੋਸ਼ਣ ਦੇ ਹੈਵਾਨੀਅਤ ਭਰੇ ਕਾਰੇ ਦਾ ਬੀਤੇ ਹਫ਼ਤੇ ਪਰਦਾਫ਼ਾਸ਼ ਹੋਇਆ ਸੀ। ਇੱਕ ਅਜਿਹੀ ਪੈੱਨ ਡਰਾਈਵ ਸਾਹਮਣੇ ਆਈ ਜਿਸ ਦੇ ਵਿੱਚ ਪ੍ਰਜਵਲ ਰੇਵੰਨਾ ਦੀਆਂ ਔਰਤਾਂ ਨਾਲ਼ ਜਿਨਸੀ ਸ਼ੋਸ਼ਣ ਕਰਦਿਆਂ ਦੀਆਂ ਸੈਂਕੜੇ ਤਸਵੀਰਾਂ, ਵੀਡੀਓਆਂ ਅਤੇ ਸੈਂਕੜੇ ਔਰਤਾਂ ਨੂੰ ਭੇਜੇ ਲੱਚਰ ਸੁਨੇਹਿਆਂ ਦੇ ਸਕ੍ਰੀਨਸ਼ਾਟ ਪਾਏ ਗਏ ਨੇ। ਕੁੱਲ ਇਸ ਪੈੱਨ ਡਰਾਈਵ ਵਿੱਚ 2976 ਫ਼ਾਈਲਾਂ ਦੀ ਸਮੱਗਰੀ ਹੈ ਤੇ 400 ਔਰਤਾਂ ਨਾਲ਼ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਦਾ ਸਿੱਧਾ ਸਬੂਤ ਇਸ ਵਿੱਚ ਪਾਇਆ ਗਿਆ ਹੈ। ਜਦੋਂ ਇਸ ਪੈੱਨ ਡਰਾਈਵ ਦੀ ਜਾਣਕਾਰੀ ਬਾਹਰ ਆਈ ਅਤੇ ਪਰਚੇ ਦਰਜ ਕਰਨ ਦੀ ਗੱਲ ਸ਼ੁਰੂ ਹੋਈ ਤਾਂ ਪ੍ਰਜਵਲ ਰੇਵੰਨਾ ਰਾਜਦੂਤ ਪਾਸਪੋਰਟ ਉੱਤੇ ਜਰਮਨੀ ਨੂੰ ਭੱਜ ਗਿਆ ਸੀ। ਵਿਰੋਧੀਆਂ ਵੱਲੋਂ ਦੋਸ਼ ਹੈ ਕਿ ਮੋਦੀ ਸਰਕਾਰ ਦੋਸ਼ੀ ਦੀ ਸਿੱਧੀ-ਅਸਿੱਧੀ ਮਦਦ ਕਰ ਰਹੀ ਹੈ।

ਵੱਖੋ-ਵੱਖਰੇ ਸਮਾਜਿਕ-ਆਰਥਿਕ ਪਿਛੋਕੜ ਤੋਂ ਆਉਂਦੀਆਂ ਇਹਨਾਂ ਔਰਤਾਂ ਨਾਲ਼ ਜਿਨਸੀ ਸ਼ੋਸ਼ਣ ਕਰਦਿਆਂ ਪ੍ਰਜਵਲ ਰੇਵੰਨਾ ਨੇ ਧੱਕੇ ਨਾਲ਼ ਜਾਂ ਬਿਨਾਂ ਦੱਸੇ ਵੀਡੀਓ ਬਣਾਈਆਂ ਤਾਂ ਜੋ ਉਹ ਉਹਨਾਂ ਨੂੰ ਬਲੈਕਮੇਲ ਕਰ ਸਕੇ ਤੇ ਆਪਣੇ ਘਿਣਾਉਣੇ ਜੁਰਮ ਉੱਤੇ ਪਰਦਾ ਪਾ ਸਕੇ। ਹਾਸਨ ਸ਼ਹਿਰ ਦੀ ਇੱਕ ਸਾਬਕਾ ਜ਼ਿਲ੍ਹਾ ਪੰਚਾਇਤ ਮੈਂਬਰ ਨੇ ਬਲਾਤਕਾਰ ਦਾ ਕੇਸ ਦਰਜ ਕਰਾਉਂਦਿਆਂ ਦੱਸਿਆ ਕਿ



ਪ੍ਰਸ਼ਾਸਨਿਕ ਕਾਰਜਾਂ ਲਈ ਉਹ ਅਕਸਰ ਪ੍ਰਜਵਲ ਰੇਵੰਨਾ ਦੇ ਘਰ ਜਾਂਦੀ ਸੀ ਪਰ ਪ੍ਰਜਵਲ ਨੇ ਆਪਣੀ ਸਿਆਸੀ ਪਹੁੰਚ ਦਾ ਫ਼ਾਇਦਾ ਚੁੱਕਦਿਆਂ ਉਸ ਔਰਤ ਨਾਲ 3 ਸਾਲ ਬਲਾਤਕਾਰ ਕੀਤਾ ਅਤੇ ਬਲੈਕਮੇਲ ਵਾਸਤੇ ਵੀਡੀਓ ਵੀ ਬਣਾਈਆਂ। ਪ੍ਰਜਵਲ ਨੇ ਆਪਣੇ ਘਰ ਦੀ ਨੌਕਰਾਣੀ, ਜਿਸਦੀ ਉਮਰ 60 ਸਾਲਾਂ ਤੋਂ ਵੀ ਵੱਧ ਹੈ, ਨੂੰ ਵੀ ਨਹੀਂ ਬਖਸ਼ਿਆ। ਇਸ ਤੋਂ ਵੀ ਵੱਧ ਘਿਣਾਉਣੀ ਗੱਲ ਇਹ ਹੈ ਕਿ ਜਦੋਂ ਸਿੱਟ ਦੀ ਟੀਮ ਨੇ ਪੈੱਨ ਡਰਾਈਵ ਮਿਲ਼ਣ ਤੋਂ ਬਾਅਦ ਉਸ ਔਰਤ ਨਾਲ਼ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਿਆ ਕਿ ਪ੍ਰਜਵਲ ਦੇ ਪਿਓ ਹਰਦਾਨਾਲੀ ਦੇਵਗੌੜਾ ਰੇਵੰਨਾ ਨੇ ਆਪਣੇ ਮੁੰਡੇ ਨੂੰ ਬਲਾਤਕਾਰ ਦੇ ਇੱਕ ਹੋਰ ਪਰਚੇ ਤੋਂ ਬਚਾਉਣ ਲਈ ਉਸ ਔਰਤ ਨੂੰ ਹੀ ਅਗਵਾ ਕਰ ਲਿਆ ਸੀ। ਉਹ ਔਰਤ 3 ਦਿਨਾਂ ਬਾਅਦ ਇੱਕ ਸਿਆਸਤਦਾਨ ਦੇ ਫ਼ਾਰਮ ਹਾਊਸ ਤੋਂ ਗੰਭੀਰ ਹਾਲਤ ਵਿੱਚ ਲੱਭੀ। ਕੁੱਝ ਔਰਤਾਂ ਨੇ ਹਰਦਨਾਲੀ ਰੇਵੰਨਾ ਉੱਤੇ ਵੀ ਬਲਾਤਕਾਰ ਅਤੇ ਜਿਣਸੀ ਸ਼ੋਸ਼ਣ ਦੇ ਦੋਸ਼ ਲਾਏ ਹਨ। ਅਨੇਕਾਂ ਔਰਤਾਂ ਅਤੇ ਉਹਨਾਂ ਦੇ ਪਰਿਵਾਰ ਬਲਾਤਕਾਰ ਅਤੇ ਸ਼ੋਸ਼ਣ ਦੀਆਂ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਘਰ ਛੱਡ ਕੇ ਜਾ ਰਹੇ ਹਨ ,ਕਿਉਂਕਿ ਸਮਾਜ ਵਿੱਚ ਹੁਣ ਉਹਨਾਂ ਦੀ ਇੱਜਤ ਨਹੀਂ ਰਹੀ। ਪਰ ਪ੍ਰਜਵਲ ਰੇਵੰਨਾ ਦੀ ਵਹਿਸ਼ੀ ਦਰਿੰਦਗੀ ਦਾ ਦੋਸ਼ ਇਹਨਾਂ ਪੀੜਤ ਔਰਤਾਂ 'ਤੇ ਕਿਉਂ ਆਵੇ ਸਗੋਂ ਦੋਸ਼ੀ ਰੇਵੰਨਾ ਨੂੰ, ਉਸਦੇ ਪਿਓ ਤੇ ਇਸ ਜੁਰਮ ਵਿੱਚ ਸ਼ਰੀਕ ਹੋਰ ਸਾਰਿਆਂ ਨੂੰ ਸਖਤ ਤੋਂ ਸਖਤ ਸਜਾ ਦੇਣੀ ਚਾਹੀਦੀ ਹੈ।

ਕਰਨਾਟਕ ਦੇ ਭਾਜਪਾ ਅਤੇ ਜਨਤਾ ਦਲ (ਸੈਕੂਲਰ) ਦੇ ਆਗੂ ਇਸ ਪੂਰੇ ਮਾਮਲੇ ਨੂੰ ਫ਼ਰਜੀ ਦੱਸਕੇ ਮਾਮਲਾ ਰਫ਼ਾ-ਦਫ਼ਾ ਕਰਨਾ ਚਾਹੁੰਦੇ ਹਨ। ਇਹਨਾਂ ਘਿਣਾਉਣੇ ਵਹਿਸ਼ੀਆਂ ਨੂੰ ਸੈਂਕੜੇ ਔਰਤਾਂ ਦੀਆਂ ਜਿੰਦਗੀਆਂ ਨਾਲ਼ੋਂ ਆਪਣੀ ਸਿਆਸਤ ਪਿਆਰੀ ਹੈ। ਰੇਵੰਨਾਂ ਦੀ ਇਸ ਦਰਿੰਦਗੀ ਬਾਰੇ ਪਤਾ ਹੋਣ ਦੇ ਬਾਵਜੂਦ ਹੀ ਮੋਦੀ ਨੇ ਆਪ ਇਸ ਦੋਸ਼ੀ ਰੇਵੰਨਾ ਨਾਲ਼ ਸਿਆਸੀ ਰੈਲੀ ਕਰਕੇ ਵੋਟਾਂ ਮੰਗੀਆਂ।

ਗੋਦੀ ਮੀਡੀਆ ਨੇ ਬਲਾਤਕਾਰੀ ਪ੍ਰਜਵਲ ਰੇਵੰਨਾਂ ਬਾਰੇ ਚੂੰ ਤੱਕ ਨਹੀਂ ਕੀਤੀ ਜਦਕਿ 2023 ਵਿੱਚ ਵੀ ਹਾਸਨ ਵਿੱਚ ਔਰਤਾਂ ਨਾਲ਼ ਉਸ ਵੱਲੋਂ ਜਿਨਸੀ ਸ਼ੋਸ਼ਣ ਦੀਆਂ ਕੁੱਝ ਘਟਨਾਵਾਂ ਸਾਹਮਣੇ ਆਈਆਂ ਸਨ। ਇਸਦਾ ਕਾਰਨ ਸੀ ਕਿ ਰੇਵੰਨਾਂ ਨੇ ਜੂਨ 2023 ਵਿੱਚ 83 ਮੀਡੀਆ ਅਦਾਰਿਆਂ ਅਤੇ 3 ਵਿਅਕਤੀਆਂ ਉੱਤੇ ਜੁਬਾਨਬੰਦੀ (ਗੈਗ) ਹੁਕਮ ਲਵਾ ਲਿਆ ਸੀ, ਜਿਸ ਤਹਿਤ ਮੀਡੀਆ ਅਦਾਰੇ ਅਤੇ ਪੱਤਰਕਾਰ ਰੇਵੰਨਾਂ ਦੇ ਔਰਤਾਂ ਨਾਲ਼ ਅਪਰਾਧ ਕਰਨ ਬਾਰੇ ਕੋਈ ਖ਼ਬਰ ਨਹੀਂ ਛਾਪ ਸਕਦੇ ਸੀ ਕਿਉਂਕਿ ਇਸ ਨਾਲ਼ ਲੋਕਾਂ ਵਿੱਚ ਉਸਦਾ ਅਕਸ ਵਿਗੜ ਜਾਵੇਗਾ। ਪੱਤਰਕਾਰਾਂ ਦੀ ਆਵਾਜ਼ ਨੂੰ ਕਾਨੂੰਨ ਦੇ ਘੇਰੇ ਵਿੱਚ ਰਹਿ ਕੇ ਦਬਾਉਣ ਲਈ ਅਜਿਹੀ ਕਨੂੰਨੀ ਤਿਕੜਮਾਂ ਦਾ ਸਹਾਰਾ ਅਕਸਰ ਬਦਮਾਸ਼ ਲੀਡਰਾਂ ਵੱਲੋਂ ਲਿਆ ਜਾਂਦਾ ਹੈ। 2021 ਵਿੱਚ ਕਰਨਾਟਕ ਵਿੱਚ ਭਾਜਪਾ ਦੇ 6 ਮੰਤਰੀਆਂ ਨੇ 68 ਮੀਡੀਆ ਅਦਾਰਿਆਂ ਖ਼ਿਲਾਫ਼ ਇਹ ਹੁਕਮ ਜਾਰੀ ਕਰਾਇਆ ਸੀ ਕਿਉਂਕਿ ਕਰਨਾਟਕ ਦੇ ਜਲ ਸਰੋਤ ਮੰਤਰੀ ਨੂੰ ਇੱਕ ਅਸ਼ਲੀਲ ਵੀਡੀਓ ਸਾਹਮਣੇ ਆਉਣ ਕਰਕੇ ਅਸਤੀਫ਼ਾ ਦੇਣਾ ਪਿਆ ਸੀ ਅਤੇ ਮੀਡੀਆ ਵਿੱਚ ਇਹਨਾਂ ਮੰਤਰੀਆਂ ਦੀ ਉਸਦੇ ਨਾਲ਼ ਨੇੜਤਾ ਦਿਖਾਈ ਜਾ ਰਹੀ ਸੀ।

### ਭਾਜਪਾ ਦੇ ਕਈ ਸਿਆਸਤਦਾਨਾਂ ਉੱਪਰ ਔਰਤ ਸ਼ੋਸ਼ਣ ਦੇ ਦੋਸ਼ੀ

ਭਾਰਤ ਵਿੱਚ ਜਿਹੜੇ ਲੋਟੂ ਲੀਡਰ ਲੋਕਾਂ ਤੋਂ ਵੋਟ ਮੰਗਣ ਵੇਲੇ ਵੱਡੇ ਵੱਡੇ ਝੂਠੇ ਵਾਅਦੇ ਕਰਦੇ ਨੇ, ਉਹ ਅਕਸਰ ਆਪ ਹੀ ਬਹੁਤ ਵੱਡੇ ਮੁਜਰਮ ਹੁੰਦੇ ਹਨ। ਇਸ ਗੱਲ ਦੀ ਪੁਸ਼ਟੀ ਅਨੇਕਾਂ ਉਦਾਹਰਨਾਂ ਕਰਦੀਆਂ ਹਨ। ਭਾਰਤ ਦੇ ਲੋਕ ਸਭਾ ਅਤੇ ਵਿਧਾਨ ਸਭਾ ਮੈਂਬਰਾਂ ਵਿੱਚੋਂ 134 ਜਣਿਆਂ ਉੱਤੇ ਔਰਤਾਂ ਖ਼ਿਲਾਫ਼ ਅਪਰਾਧ ਦੇ ਪਰਚੇ ਦਰਜ ਹਨ। 18 ਮੈਂਬਰਾਂ ਉੱਤੇ ਬਲਾਤਕਾਰ ਦੇ ਪਰਚੇ ਦਰਜ ਹਨ, ਜਿਸ ਵਿੱਚੋਂ 7 ਭਾਜਪਾ ਦੇ ਮੈਂਬਰ ਹਨ। ਬਲਾਤਕਾਰੀਆਂ ਨੂੰ ਇਸ ਸੜ-ਗਲ਼ ਗਏ ਸਰਮਾਏਦਾਰਾ ਢਾਂਚੇ ਵਿੱਚ ਸ਼ਰਨ ਦਿੱਤੀ ਜਾਂਦੀ ਹੈ ਅਤੇ ਫ਼ਿਰ ਆਪਣੀ ਸਿਆਸੀ ਤਾਕਤ ਦਾ ਇਸਤੇਮਾਲ ਕਰਦਿਆਂ ਉਹ ਔਰਤਾਂ ਨਾਲ਼ ਅਣਮਨੁੱਖੀ ਅਪਰਾਧ ਕਰਦੇ ਹਨ। 2017 ਵਿੱਚ ਉੱਤਰ ਪ੍ਰਦੇਸ਼ ਦੇ ਉਨਾਓ ਵਿੱਚ ਇੱਕ 17 ਸਾਲ ਦੀ ਕੁੜੀ ਨਾਲ਼ ਸਮੂਹਿਕ ਬਲਾਤਕਾਰ ਦੇ ਅਪਰਾਧ ਵਿੱਚ ਭਾਜਪਾ ਦਾ ਵਿਧਾਇਕ ਕੁਲਦੀਪ ਸੇਂਗਰ ਮੁੱਖ ਦੋਸ਼ੀ ਸੀ। ਉਸਨੇ ਪੀੜਤ ਕੁੜੀ ਨੂੰ ਪਰਚਾ ਰੱਦ ਕਰਨ ਲਈ ਦਬਾਉਣ ਵਾਸਤੇ 2018 ਵਿੱਚ ਉਸਦੇ ਪਿਤਾ ਦਾ ਕਤਲ ਵੀ ਕਰਾ ਦਿੱਤਾ ਸੀ।

(ਬਾਕੀ ਸਫ਼ਾ 31 'ਤੇ)

# ਕੀ ਪੰਜਾਬ ਦੇ ਲੋਕ ਸਭਾ ਚੋਣਾਂ ਦੇ ਨਤੀਜੇ ਭਵਿੱਖ ਦੀ ਪੰਜਾਬ ਪੱਖੀ ਰਾਜਨੀਤੀ ਵਲ ਲੈ ਕੇ ਜਾਣਗੇ

## ਭਾਈ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਨੇ ਸਿੱਖ ਪੰਥ ਦੀ ਆਸਾਂ ਵਧਾਈਆਂ

## ਹਰਸਿਮਰਤ ਬਾਦਲ ਦੀ ਜਿੱਤ ਤੋਂ ਬਾਅਦ ਅਕਾਲੀ ਦਲ ਵਿੱਚ ਜਮਹੂਰੀ ਤੇ ਖੇਤਰੀ ਰਾਜਨੀਤੀ ਦੀ ਹੱਕ ਵਿੱਚ ਫੈਸਲੇ ਲੈਣੇ ਹੋਣਗੇ

ਰਜਿੰਦਰ ਸਿੰਘ ਪੁਰੇਵਾਲ

ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਸੱਤਾਧਾਰੀ ਆਪ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਆਦਿ ਪ੍ਰਮੁੱਖ ਸਿਆਸੀ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਸਮੇਤ ਕੁੱਲ 328 ਉਮੀਦਵਾਰ ਚੋਣ ਮੈਦਾਨ ਵਿੱਚ ਸਨ। ਵਿਸ਼ੇਸ਼ ਗੱਲ ਇਹ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਪਹਿਲੀ ਵਾਰ ਚੋਣ ਮੁਕਾਬਲਾ ਦੋ-ਧਿਰੀ ਦੀ ਬਜਾਇ ਚਹੁੰ-ਧਿਰੀ ਜਾਂ ਪੰਜ ਧਿਰੀ ਬਣਿਆ ਹੋਇਆ ਸੀ।

ਕਾਂਗਰਸ ਜਿਸ ਨੂੰ ਇਸ ਚੋਣ ਵਿੱਚ ਸਭ ਤੋਂ ਵੱਧ 7 ਸੀਟਾਂ 'ਤੇ ਜਿੱਤ ਮਿਲੀ, ਵਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 1,75,993 ਵੋਟਾਂ ਦੇ ਫਰਕ ਨਾਲ ਭਾਜਪਾ ਦੇ ਉਮੀਦਵਾਰ ਸੁਸ਼ੀਲ ਰਿੰਕੂ ਨੂੰ ਹਰਾਇਆ। ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜਿਨ੍ਹਾਂ ਨੂੰ 3,22,224 ਵੋਟ ਮਿਲੇ, ਵੱਲੋਂ ਲੁਧਿਆਣਾ ਤੋਂ ਸਾਬਕਾ ਸਾਂਸਦ ਰਵਨੀਤ ਸਿੰਘ ਬਿੱਟੂ ਨੂੰ 20,942 ਵੋਟਾਂ ਨਾਲ ਹਰਾਇਆ, ਅੰਮ੍ਰਿਤਸਰ ਤੋਂ ਕਾਂਗਰਸ ਦੇ ਮੌਜੂਦਾ ਸਾਂਸਦ ਗੁਰਜੀਤ ਸਿੰਘ ਔਜਲਾ ਵੀ 40,301 ਵੋਟਾਂ ਨਾਲ ਜੇਤੂ ਰਹੇ ਜਦੋਂ ਕਿ ਫਤਹਿਗੜ੍ਹ ਸਾਹਿਬ ਤੋਂ ਮੌਜੂਦਾ ਕਾਂਗਰਸ ਦੇ ਸਾਂਸਦ ਡਾ. ਅਮਰ ਸਿੰਘ ਵੀ 34,202 ਵੋਟਾਂ ਨਾਲ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ. ਨੂੰ ਹਰਾ ਕੇ ਜੇਤੂ ਰਹੇ। ਫ਼ਿਰੋਜ਼ਪੁਰ ਤੋਂ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ ਨੇ 3242 ਵੋਟਾਂ ਨਾਲ ਭਾਜਪਾ ਦੇ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਹਰਾਇਆ। ਪਟਿਆਲਾ ਤੋਂ ਕਾਂਗਰਸ ਦੇ ਡਾਕਟਰ ਧਰਮਵੀਰ ਗਾਂਧੀ ਵੀ 14831 ਵੋਟਾਂ ਨਾਲ ਜੇਤੂ ਰਹੇ । ਗੁਰਦਾਸਪੁਰ ਤੋਂ ਕਾਂਗਰਸ ਆਗੂ ਨੇ ਸੁਖਜਿੰਦਰ ਸਿੰਘ ਰੰਧਾਵਾ 82861 ਵੋਟਾਂ ਦੇ ਫ਼ਰਕ ਨਾਲ ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਨੂੰ ਹਰਾਇਆ।

ਇਨ੍ਹਾਂ ਚੋਣ ਨਤੀਜਿਆਂ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੇ ਮਿਸ਼ਨ 13-0 ਨੂੰ ਵੱਡੀ ਸੱਟ ਵੱਜੀ, ਜਦੋਂ ਆਪ ਪਾਰਟੀ ਦੀ ਜਿੱਤ ਕੇਵਲ 3 ਸੀਟਾਂ ਤਕ ਹੀ ਸੁੰਗੜ ਗਈ। ਆਮ ਆਦਮੀ ਪਾਰਟੀ ਗੈਰ ਮੰਤਰੀ ਜੇਤੂ ਰਹੇ ਦੋ ਉਮੀਦਵਾਰਾਂ ਵਿੱਚ ਸ੍ਰੀ ਆਨੰਦਪੁਰ ਸਾਹਿਬ ਤੋਂ ਪਾਰਟੀ ਦੇ ਬੁਲਾਰੇ ਮਲਵਿੰਦਰ ਸਿੰਘ ਕੰਗ 10,846 ਵੋਟਾਂ ਨਾਲ ਅਤੇ



ਹੁਸ਼ਿਆਰਪੁਰ ਤੋਂ ਡਾ. ਰਾਜ ਕੁਮਾਰ ਚੱਬੇਵਾਲ 44,111 ਵੋਟਾਂ ਨਾਲ ਜੇਤੂ ਰਹੇ। ਪੰਜਾਬ ਸਰਕਾਰ ਦੇ ਚਾਰ ਕੈਬਨਿਟ ਮੰਤਰੀ; ਗੁਰਮੀਤ ਸਿੰਘ ਖੁੱਡੀਆਂ, ਕੁਲਦੀਪ ਸਿੰਘ ਧਾਲੀਵਾਲ, ਡਾ. ਬਲਬੀਰ ਸਿੰਘ ਅਤੇ ਲਾਲਜੀਤ ਸਿੰਘ ਭੁੱਲਰ ਆਦਿ ਚੋਣ ਹਾਰ ਗਏ। ਸੰਗਰੂਰ ਤੋਂ ਚੋਣ ਲੜਨ ਵਾਲੇ ਇਕੋ-ਇਕ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਹੀ ਚੋਣ ਜਿੱਤ ਸਕੇ। ਦੋ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਮੌਕੇ ਬੇਮਿਸਾਲ ਫ਼ਤਵਾ ਲੈ ਕੇ ਸੱਤਾ ਵਿੱਚ ਆਉਣ ਵਾਲੀ ਆਪ ਪਾਰਟੀ ਲਈ ਇਹ ਵੱਡਾ ਝਟਕਾ ਹੈ, ਕਿਉਂਕਿ ਪਾਰਟੀ ਦੋ ਸਾਲ ਵਿੱਚ ਹੀ ਰਾਜ ਦੇ ਪੰਜਾਬੀਆਂ ਦਾ ਭਰੋਸਾ ਗੁਆ ਬੈਠੀ ਹੈ।

ਸਿਆਸੀ ਬਦਲਾਅ ਦੇ ਨਾਅਰੇ ਨਾਲ ਪੰਜਾਬ ਦੀ ਸੱਤਾ ਵਿੱਚ ਆਈ, ਬ਼ਗੈਰ ਕਿਸੇ ਸਿਧਾਂਤਕ ਪਿਛੋਕੜ ਵਾਲੀ ਆਪ ਪਾਰਟੀ ਦੀ ਸਰਕਾਰ ਦੌਰਾਨ ਪੰਜਾਬ ਦੀਆਂ ਖੇਤਰੀ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਕੇ ਲਏ ਕਈ ਵੱਡੇ ਫ਼ੈਸਲਿਆਂ, ਜਿਵੇਂ ਕਿ ਪੰਜਾਬ ਤੋਂ ਰਾਜ ਸਭਾ ਲਈ ਨਾਮਜ਼ਦ ਕੀਤੇ 7 ਮੈਂਬਰਾਂ ਵਿਚੋਂ 5 ਗ਼ੈਰ-ਪੰਜਾਬੀਆਂ ਨੂੰ ਚੁਣਨ, ਸਰਕਾਰੀ ਨੌਕਰੀਆਂ ਵਿੱਚ ਪੰਜਾਬੋਂ ਬਾਹਰਲੇ ਲੋਕਾਂ ਨੂੰ ਵੱਡੀ ਪੱਧਰ 'ਤੇ ਭਰਤੀ ਕਰਨ ਅਤੇ ਪੰਜਾਬ ਦੇ ਦਰਿਆਈ ਪਾਣੀ ਪ੍ਰਤੀ ਅਸਪੱਸ਼ਟ ਅਤੇ ਦੋਗਲੀ ਨੀਤੀ ਵਰਤਣ ਕਾਰਨ ਪੰਜਾਬ ਦੇ ਲੋਕਾਂ ਅੰਦਰ ਸੱਤਾਧਾਰੀ ਪਾਰਟੀ ਪ੍ਰਤੀ ਬੇਭਰੋਸਗੀ ਦੀ ਭਾਵਨਾ ਵਧੀ ਹੈ। ਇਨ੍ਹਾਂ ਕਾਰਣਾਂ ਕਰਕੇ ਪੰਜਾਬੀਆਂ ਨੇ ਆਪ ਨੂੰ ਨਕਾਰਿਆ ਹੈ।

ਬੇਸ਼ੱਕ 103 ਸਾਲ ਪੁਰਾਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ 2020 ਦੇ ਕਿਸਾਨੀ ਸੰਘਰਸ਼ ਦੌਰਾਨ ਕੇਂਦਰੀ ਜਮਾਤ ਭਾਰਤੀ ਜਨਤਾ ਪਾਰਟੀ ਨਾਲੋਂ 27 ਸਾਲ ਪੁਰਾਣਾ ਆਪਣਾ ਨਿਰੋਲ ਸਿਆਸੀ ਗੱਠਜੋੜ ਛੱਡ ਦਿੱਤਾ ਸੀ ਪਰ ਖੇਤਰੀ ਖ਼ੁਦਮੁਖਤਿਆਰੀ ਨੂੰ ਪ੍ਰਣਾਈ ਪਾਰਟੀ ਵੱਲੋਂ ਲੰਬਾ ਅਰਸਾ ਮਜ਼ਬੂਤ ਕੇਂਦਰ ਦੀ ਮੁੱਦਈ ਪਾਰਟੀ ਦੇ ਨਾਲ ਰਾਜਨੀਤਕ ਗੱਠਜੋੜ ਦੌਰਾਨ ਸੂਬਾਈ ਬਿਰਤਾਂਤ ਨੂੰ ਮੁਖ਼ਾਤਿਬ ਨਾ ਹੋਣ ਕਾਰਨ, ਬੇਵਿਸ਼ਵਾਸੀ ਵਿੱਚ ਪੰਜਾਬੀ ਖਾਸ ਕਰਕੇ ਸਿੱਖ ਪੰਥ ਏਨਾ ਬਦਜ਼ਨ ਹੋ ਚੁੱਕਾ ਹੈ ਕਿ ਉਸਨੇ ਖੇਤਰੀ ਰਾਜਨੀਤੀ ਵਿੱਚ ਪੈਦਾ ਹੋਏ ਖਲਾਅ ਨੂੰ ਭਰਨ ਲਈ ਅਕਾਲੀ ਦਲ ਨੂੰ ਰਦ ਕਰਕੇ ਅਜ਼ਾਦ ਪੰਥਕ ਉਮੀਦਵਾਰਾਂ ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਸਿੰਘ, ਫਰੀਦਕੋਟ ਤੋਂ ਸਰਬਜੀਤ ਸਿੰਘ ਖਾਲਸਾ ਨੂੰ ਜਿਤਾਕੇ ਪੰਥਕ ਰਾਜਨੀਤੀ ਦੀ ਹੋਂਦ ਦਾ ਪ੍ਰਗਟਾਵਾ ਕੀਤਾ ਹੈ। ਆਜ਼ਾਦ ਪੰਥਕ ਉਮੀਦਵਾਰਾਂ ਵਿੱਚ ਭਾਈ ਅੰਮਿਜ਼ਪਾਲ ਸਿੰਘ ਨੇ ਖਡੂਰ ਸਾਹਿਬ ਹਲਕੇ ਤੋਂ 1,97,120 ਵੋਟਾਂ ਨਾਲ ਵੱਡੀ ਜਿੱਤ ਹਾਸਲ ਕੀਤੀ ਹੈ। ਉਹ ਇਸ ਵੇਲੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਹਨ ।ਇਸ ਤਰ੍ਹਾਂ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਸਰਬਜੀਤ ਸਿੰਘ ਖਾਲਸਾ ਨੇ ਵੀ ਫ਼ਰੀਦਕੋਟ ਹਲਕੇ ਤੋਂ 70,053 ਵੋਟਾਂ ਦੇ ਫ਼ਰਕ ਨਾਲ ਆਪ ਪਾਰਟੀ ਦੇ ਉਮੀਦਵਾਰ ਨੂੰ ਹਰਾ ਕੇ ਵੱਡੀ ਜਿੱਤ ਹਾਸਲ ਕੀਤੀ।

ਖੇਤਰੀ ਹਿਤਾਂ ਦੀ ਪ੍ਰਾਸੰਗਿਕਤਾ ਵਿੱਚ ਇਨ੍ਹਾਂ ਦੀ ਜਿੱਤ ਬਾਰੇ ਗੱਲ ਕੀਤੀ ਜਾਵੇ ਤਾਂ ਇਹ ਜਿੱਤ ਪੰਜਾਬ ਦੀ ਖੇਤਰੀ ਰਾਜਨੀਤੀ ਦਾ ਭਵਿੱਖ ਤੈਅ ਕਰਨ ਵਾਲੀ ਸਾਬਤ ਹੋਵੇਗੀ।

ਭਾਵੇਂ ਕਿ ਅਕਾਲੀ ਦਲ ਬਾਦਲ ਬਠਿੰਡਾ ਤੋਂ ਆਪਣਾ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ ਜਿਤਾਕੇ ਆਪਣੀ ਸਿਆਸੀ ਤੇ ਖੇਤਰੀ ਹੋਂਦ ਬਚਾਉਣ ਵਿੱਚ ਸਫਲ ਹੋਇਆ ਹੈ।

(ਬਾਕੀ ਸਫ਼ਾ 30 'ਤੇ)

# ਸੱਤਾ ਦੇ ਦਬਦਬੇ ਨੂੰ ਵੰਗਾਰਿਆ ਤੇ ਲਲਕਾਰਿਆ ਪੰਜਾਬੀਆਂ ਨੇ



ਬਲਰਾਜ ਪੰਨੂੰ





ਕੱਲ੍ਹ ਦੇ ਲੋਕ ਸਭਾ ਦੇ ਨਤੀਜਿਆਂ ਨੂੰ ਵੇਖਦੇ ਹੋਏ ਲੱਗਿਆ ਕਿ ਜਿਉਂਦੀ ਹੋਈ ਲੋਕਤੰਤਰ ਦੀ ਝਲਕ ਅਜੇ ਕਾਇਮ ਹੈ। ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬੀਆਂ ਨੇ ਸੱਤਾ ਦੇ ਦਬਦਬੇ ਨੂੰ ਵੰਗਾਰਿਆ ਵੀ ਹੈ ਤੇ ਲਲਕਾਰਿਆ ਵੀ ਹੈ। ਸੱਤਾ ਦਾ ਮੂੰਹ ਮੋੜ ਕੇ ਰੱਖ ਦਿੱਤਾ ਪੰਜਾਬੀਆਂ ਨੇ। ਬੀਜੇਪੀ ਦੇ ਪੱਲੇ ਕੁਝ ਵੀ ਨਾ ਪੈਣਾ ਤੇ ਅਕਾਲੀਆਂ ਦਾ ਇੱਕ ਸੀਟ 'ਤੇ ਨਿਪਟ ਜਾਣਾ ਤੇ ਜ਼ਮਾਨਤਾਂ ਜ਼ਬਤ ਹੋਣੀਆਂ ਸੱਤਾ ਵਿੱਚ ਮਨਮਾਨੀ ਕਰਨ ਦਾ ਨਤੀਜਾ ਸ਼ੀਸ਼ੇ ਵਾਂਗੂ ਦਿਖਿਆ। ਪੰਜਾਬ ਦੇ ਨਵੇਂ ਬਣੇ ਸੰਸਦ ਮੈਂਬਰਾਂ ਵਿਚੋਂ ਲਗਾਤਾਰ ਚਾਰ ਵਾਰ ਜਿੱਤਣ ਦਾ ਰਿਕਾਰਡ ਹਰਸਿਮਰਤ ਕੌਰ ਬਾਦਲ ਦਾ ਰਿਹਾ। ਜੇਕਰ ਪਟਿਆਲਾ ਤੋਂ ਮਹਾਰਾਣੀ ਪ੍ਰਨੀਤ ਕੌਰ ਜਿੱਤਦੀ ਤਾਂ ਉਹਨਾਂ ਦਾ ਲਗਾਤਾਰ ਪੰਜ ਵਾਰ ਸਾਂਸਦ ਬਣਨ ਦਾ ਰਿਕਾਰਡ ਬਣਨਾ ਸੀ। ਪੰਜਾਬ ਦੀ ਸਾਰੀ ਲੀਡਰਸ਼ਿਪ ਭਾਵੇਂ ਬੀਜੇਪੀ ਦੀ ਬੁੱਕਲ ਵਿੱਚ ਜਾ ਕੇ ਸਿਮਟ ਗਈ ਸੀ, ਪਰ ਪੰਜਾਬ ਦੇ ਲੋਕਾਂ ਨੇ ਉਹਨਾਂ ਵੱਲ ਪਰਤ ਕੇ ਵੀ ਨਹੀਂ ਵੇਖਿਆ। ਸਭ ਤੋਂ ਵੱਡੀ ਗੱਲ ਪਟਿਆਲਾ ਦੀ ਰਾਜਾਸ਼ਾਹੀ ਧਿਰ ਨੂੰ ਵੀ ਕੰਢੇ ਲਗਾ ਦਿੱਤਾ ਪੰਜਾਬੀਆਂ ਨੇ।

ਵੱਡੀ ਧਿਰ ਬਣਕੇ ਭੁੱਖੀ ਰਾਜਨੀਤੀ ਦੇ ਸਾਹਮਣੇ ਅਨੇਕਾਂ ਹੀ ਸਵਾਲ ਖੜ੍ਹੇ ਕੀਤੇ ਲੋਕਾਂ ਨੇ । ਪੰਜਾਬ ਦੇ ਲੋਕ ਮੁਹਾਰਤ ਰੱਖਦੇ ਨੇ ਕਿ ਵੱਡੀ ਤੋਂ ਵੱਡੀ ਤਾਕਤ ਵੀ ਜਦੋਂ ਬੇਈਮਾਨੀ ਦੀ ਘਾਟ ਦਾ ਪਾਣੀ ਪੀਣ ਲੱਗ ਜਾਵੇ ਤਾਂ ਉਸ ਦੀ ਗੋਡਣੀ ਕਿਵੇਂ ਲਗਾਉਣੀ ਹੈ। ਬਸੰਤੀ ਪੱਗ 'ਤੇ ਪੰਜਾਬੀਆਂ ਨੇ ਬਹੁਤ ਭਰੋਸਾ ਜਤਾਇਆ ਸੀ, 'ਕੱਲਾ ਬਸੰਤੀ ਪੱਗ ਵਾਲਾ ਹੀ ਤਖ਼ਤ 'ਤੇ ਨਹੀਂ ਸੀ ਬੈਠਾਇਆ, ਨਾਲ 91 ਹੋਰ ਵੀ ਜਿਤਾਏ ਸਨ। 'ਆਪ' ਵਾਲੇ ਅਕਾਲੀਆਂ ਦੀ ਕਿੱਕਲੀ ਪਵਾਉਂਦੇ ਪਵਾਉਂਦੇ ਆਪ ਹੀ ਭੁਆਂਟਣੀ ਖਾ ਕੇ ਡਿੱਗ ਪਏ ਨੇ। ਦੂਜੀ ਧਿਰ ਦੀਆਂ ਧੌਣਾਂ ਵਿਚੋਂ ਕਿੱਲੇ ਕੱਢਦੇ ਕੱਢਦੇ ਆਪਣੇ ਕਿੱਲਿਆਂ ਦੀਆਂ ਜੜ੍ਹਾਂ ਪੋਲੀਆਂ ਕਰ ਬੈਠੇ ਨੇ। 13-0 ਦਾ ਮਿਸ਼ਨ ਲੈ ਕੇ ਤਿੰਨ ਸੀਟਾਂ 'ਤੇ ਆਮ ਆਦਮੀ ਪਾਰਟੀ ਸਿਮਟ ਗਈ। ਇਹ ਤਿੰਨ ਸੀਟਾਂ ਜਿੱਤਣ ਦੇ ਨਾਲ ਭਗਵੰਤ ਮਾਨ ਦੇ ਅਕਸ ਤੇ ਪ੍ਰਬੰਧਕੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਹੋ ਗਏ ਨੇ। ਪਾਰਟੀ ਨੂੰ ਦੋ ਸਾਲ ਦੀ ਕਾਰਗੁਜ਼ਾਰੀ ਤੋਂ ਬਾਅਦ ਵੱਡੇ ਇਮਤਿਹਾਨ ਵਿਚੋਂ ਲੰਘਣਾ ਪਿਆ ਹੈ। ਜਿਸ ਤੋਂ ਸਾਫ਼ ਹੈ ਕਿ ਪੰਜਾਬ ਸਰਕਾਰ ਕਿਸਾਨੀ ਸੰਕਟ, ਨਸ਼ੇ, ਰਿਸ਼ਵਤਖੋਰੀ, ਕਾਨੂੰਨ ਵਿਵਸਥਾ ਤੇ ਰਾਜ ਪ੍ਰਬੰਧ ਵਿੱਚ ਸੁਧਾਰ ਕਰਨ ਦੇ ਮਾਮਲੇ ਵਿੱਚ ਕਾਮਯਾਬ ਨਹੀਂ ਰਹੀ। ਜੇ ਇਹੀ ਹਾਲ ਰਿਹਾ ਤਾਂ 2027 ਵਿੱਚ ਪਾਰਟੀ ਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਦੋ ਆਜ਼ਾਦ ਉਮੀਦਵਾਰਾਂ ਦੀ ਜਿੱਤ ਭਾਵ ਭਾਈ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਖ਼ਾਲਸਾ ਸਰਕਾਰ ਦੀਆਂ ਨਾਕਾਮੀਆਂ ਤੇ ਲੋਕਾਂ ਦੀ ਨਾਰਾਜ਼ਗੀ

ਦਾ ਹੀ ਨਤੀਜਾ ਹੈ। ਆਮ ਆਦਮੀ ਪਾਰਟੀ ਨੂੰ ਵੇਖ ਕੇ ਕਈ ਵਾਰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਅਸੀਂ ਅੰਨ੍ਹੇ ਨਿਸ਼ਾਨਚੀ ਚੁਣ ਲਏ ਹਨ। ਤੀਰ ਤਾਂ ਉਹਨਾਂ ਦੇ ਹੱਥਾਂ ਵਿੱਚ ਹਨ, ਪਰ ਨਿਸ਼ਾਨੇ ਦਾ ਪਤਾ ਹੀ ਨਹੀਂ। ਆਮ ਆਦਮੀ ਪਾਰਟੀ ਭੁਲੇਖੇ ਦੇ ਵਿੱਚ ਰਹੀ, ਇਹਨਾਂ ਨੂੰ ਸਮਝ ਲੈਣਾ ਚਾਹੀਦਾ ਸੀ ਕਿ 2022 ਦੇ ਵਿੱਚ ਪੰਜਾਬੀਆਂ ਨੇ ਪੰਜਾਬ ਦੇ ਦੁਸ਼ਮਣਾਂ ਨੂੰ ਹਰਾਇਆ ਸੀ, ਨਾ ਕਿ ਤੁਹਾਨੂੰ ਜਿਤਾਇਆ ਸੀ। ਤੁਹਾਡਾ 'ਤੇ ਟੂੱਲ ਲੱਗ ਗਿਆ ਸੀ। ਪੰਜਾਬ ਦੇ ਨਾਲ ਹੇਰਾਫ਼ੇਰੀ ਕਰਨ ਵਾਲੇ ਸਿਆਸਤਦਾਨਾਂ ਦੇ ਸਿੰਗਾਂ ਨੂੰ ਤੇਲ ਲਗਾਉਣਾ ਪੰਜਾਬੀ ਚੰਗੀ ਤਰ੍ਹਾਂ ਜਾਣਦੇ ਨੇ। ਸੋ ਇਸ ਵਾਰੀ ਕਈਆਂ ਦੇ ਸਿੰਗਾਂ ਨੂੰ ਤੇਲ ਲਗਾਇਆ ਹੈ। ਪੰਜਾਬੀਆਂ ਨੇ ਦਲ ਬਦਲੂਆਂ ਨੂੰ ਡੇਲਿਆਂ ਵੱਟੇ ਵੀ ਨਹੀਂ ਪੁੱਛਿਆ। ਪੰਜਾਬ ਦੇ ਲੋਕਾਂ ਦੇ ਦਿਲਾਂ 'ਤੇ ਜੇ ਰਾਜ ਕਰਨਾ ਹੈ ਤਾਂ ਸਿਆਸਤਦਾਨਾਂ ਨੂੰ ਉਹਨਾਂ ਦੀ ਰਮਜ਼ ਸਮਝਣੀ ਪਵੇਗੀ।

ਪਤਾ ਨਹੀਂ ਹੁਣ ਹੰਸ ਰਾਜ ਹੰਸ ਦੇ ਲਲਕਾਰਿਆਂ ਦਾ ਕੀ ਹੋਵੇਗਾ? ਜਿਸ ਤਰ੍ਹਾਂ ਕਿਸਾਨਾਂ ਦੀ ਬਦਨਾਮੀ ਕੀਤੀ ਸੀ ਤੇ ਵੰਗਾਰਿਆ ਸੀ, ਡਰ ਲੱਗਦੈ ਕਿ ਕਿਧਰੇ ਹੰਸ ਰਾਜ ਵਾਲੇ ਸੁਰ ਪੰਜਾਬੀ ਕਸ ਨਾ ਦੇਣ। ਰਵਨੀਤ ਬਿੱਟੂ ਆਪਣੀ ਪੁਸ਼ਤੈਨੀ ਪਾਰਟੀ ਵਾਲੀ ਸਰਦਾਰੀ ਨੂੰ ਲੱਤ ਮਾਰ ਕੇ ਕੱਖੋਂ ਹੌਲਾ ਹੋਇਆ ਬੈਠਾ ਹੈ। ਕਰਮਜੀਤ ਅਨਮੋਲ ਛੋਟੀ ਜਿਹੀ ਗੱਲ ਤੋਂ ਤਿੜਕ ਗਿਆ ਅਖੇ ਮੈਨੂੰ ਨੌਜਵਾਨਾਂ ਨੇ ਨੌਕਰੀ ਬਾਰੇ ਸਵਾਲ ਕਿਉਂ ਕੀਤਾ।

ਆਮ ਆਦਮੀ ਪਾਰਟੀ ਦੇ ਵਿੱਚ ਸਹਿਣਸ਼ੀਲਤਾ ਘਟਦੀ ਜਾਪੀ। ਤੁਹਾਨੂੰ ਯਾਦ ਹੋਣਾ ਕਿ ਭਗਵੰਤ ਮਾਨ ਨੇ ਲੋਕਾਂ ਨੂੰ ਕਿਹਾ ਸੀ ਕਿ ਵਜ਼ੀਰੀਆਂ ਮਹਿਲਾਂ ਦੀਆਂ ਗ਼ੁਲਾਮ ਨਹੀਂ, ਇਹਨਾਂ ਨੂੰ ਤੁਸੀਂ ਆਮ ਘਰਾਂ ਦੀ ਦਹਿਲੀਜ਼ 'ਤੇ ਵੀ ਲਿਆ ਸਕਦੇ ਹੋ। ਲੋਕਾਂ ਨੇ ਜਾਤ ਪਾਤ ਤੋਂ ਉੱਚੇ ਉੱਠ ਕੇ ਕੁਰਸੀ ਚੁੱਕ ਕੇ 'ਮਾਸਟਰ ਦੇ ਮੁੰਡੇ' ਦੀ ਦਹਿਲੀਜ਼ 'ਤੇ ਲਿਆ ਕੇ ਰੱਖ ਦਿੱਤੀ ਸੀ ਪਰ ਲੋਕਾਂ ਨੂੰ ਪਤਾ ਨਹੀਂ ਸੀ ਕਿ ਪੰਜਾਬੀਆਂ ਦੇ ਲਈ ਫ਼ੈਸਲੇ ਦਿਲ ਤੋਂ ਨਹੀਂ ਦਿੱਲੀ ਤੋਂ ਹੋਇਆ ਕਰਨਗੇ। ਲੋਕਾਂ ਨੇ ਜਿੱਤਣ ਵਾਲਿਆਂ ਨਾਲੋਂ ਹਾਰਿਆਂ ਦਾ ਨਾਮ ਸੁਣਕੇ ਿ ਇ ਸ




ਵ ਾ ਰ ਜ਼ਿਆਦਾ ਖੁਸ਼ੀ ਮਨਾਈ ਹੈ। ਕਿਸੇ ਪਾਰਟੀ ਦਾ ਬੇੜਾ ਬੈਠਾਉਣ ਲਈ ਚਾਪਲੂਸਾਂ ਦਾ ਬੜਾ ਵੱਡਾ ਰੋਲ ਹੁੰਦਾ ਹੈ, ਚਾਪਲੂਸਾਂ ਵਿੱਚ ਵੀ ਕਲਾ ਹੁੰਦੀ ਹੈ। ਫਟੇ ਪੁਰਾਣੇ ਕੋਟ ਨੂੰ ਵੀ ਸੋਨੇ ਦਾ ਬਟਨ ਲਾ ਦਿੰਦੇ ਨੇ। 'ਆਪ' ਪਾਰਟੀ ਕੋਲ ਲੱਗਦੈ ਗਿਣਤੀ ਚੋਖੀ ਹੈ। ਪੰਜਾਬੀਆਂ ਦਾ ਤੁਹਾਡੇ 'ਤੇ ਜਤਾਇਆ ਯਕੀਨ ਇਤਿਹਾਸਿਕ ਸੀ ਤੇ ਹੁਣ ਖਡੂਰ ਸਾਹਿਬ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਤੇ ਫ਼ਰੀਦਕੋਟ ਵਾਲੇ ਸਰਬਜੀਤ ਸਿੰਘ ਖ਼ਾਲਸਾ 'ਤੇ ਲੋਕਾਂ ਦਾ ਜਤਾਇਆ ਵਿਸ਼ਵਾਸ ਇਤਿਹਾਸਿਕ ਰਹੇਗਾ। ਗਰਮ ਸੁਰ ਸਿਆਸਤ ਲਈ ਜਾਣੇ ਜਾਂਦੇ ਮਾਨ ਦਲ ਦੇ ਮੁਖੀ ਸਿਮਰਨਜੀਤ ਸਿੰਘ ਮਾਨ ਇਸ ਵਾਰ ਚੋਣ ਹਾਰ ਗਏ ਨੇ। ਪਤਾ ਨਹੀਂ ਕਿਉਂ ਲੱਗਦਾ ਏ ਕਿ ਸਿਮਰਨਜੀਤ ਸਿੰਘ ਮਾਨ ਨੇ ਆਖ਼ਰੀ ਦਿਨਾਂ ਦੇ ਵਿੱਚ ਸਰਬਜੀਤ ਸਿੰਘ ਖ਼ਾਲਸਾ ਬਾਰੇ ਉਸਦੀ ਸਖ਼ਸ਼ੀਅਤ ਨੂੰ ਢਾਹ ਲਾਉਣ ਲਈ ਜੋ ਟਿੱਪਣੀਆਂ ਕੀਤੀਆਂ, ਲੋਕਾਂ ਨੂੰ ਚੰਗੀਆਂ ਨਹੀਂ ਲੱਗੀਆਂ। ਖ਼ੈਰ ਉਮਰ ਦਾ ਤਕਾਜ਼ਾ ਹੈ। ਭਾਈ ਅੰਮ੍ਰਿਤਪਾਲ ਸਿੰਘ ਦੀ ਗੱਲ ਕਰੀਏ ਤਾਂ ਪੰਥਕ ਮੰਨੀ ਜਾਂਦੀ ਖਡੂਰ ਸਾਹਿਬ ਦੀ ਸੀਟ ਉਹਨਾਂ ਨੇ 197120 ਵੋਟਾਂ ਦੇ ਵੱਡੇ ਫ਼ਰਕ ਦੇ ਨਾਲ ਜਿੱਤੀ ਹੈ। ਭਾਈ ਅੰਮ੍ਰਿਤਪਾਲ ਸਿੰਘ ਦੀ ਇਹ ਜਿੱਤ ਪੰਜਾਬ ਦੀ ਸਭ ਤੋਂ ਵੱਡੀ ਜਿੱਤ ਹੈ। ਇਸ ਸੀਟ ਨੇ ਅਕਾਲੀ ਦਲ ਬਾਦਲ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਭਾਈ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਦੀ ਜਿੱਤ ਨੇ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਬੁੱਧੀਜੀਵੀਆਂ ਦਾ ਖ਼ਿਆਲ ਹੈ ਕਿ ਗਰਮ ਖ਼ਿਆਲੀਆਂ ਦਾ ਉਭਾਰ ਕਈ ਕਾਰਨਾਂ ਕਰਕੇ ਹੋਇਆ ਹੈ। ਸਿਆਸੀ ਪਾਰਟੀਆਂ ਲਈ ਵੀ ਇਹ ਸ਼ੁਭ ਸੰਕੇਤ ਨਹੀਂ ਹੈ। ਲੋਕਾਂ ਦੇ ਵਿੱਚ ਰੋਸ ਹੈ ਕਿ ਪੰਜਾਬ ਦੇ ਵਿੱਚ ਕਈ ਸਰਕਾਰਾਂ ਆਈਆਂ, ਗਈਆਂ ਪਰ ਨਾ ਬੇਅਦਬੀ ਦੀਆਂ ਘਟਨਾਵਾਂ ਦਾ ਇਨਸਾਫ਼ ਮਿਲਿਆ, ਨਾ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀ ਬਾਹਰ ਆਏ। ਸਿਆਸੀ ਪਾਰਟੀਆਂ ਦੇ ਲਾਰਿਆਂ ਤੋਂ ਅੱਕੇ ਹੋਏ ਲੋਕਾਂ ਨੇ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਦੇ ਹੱਕ ਵਿੱਚ ਫ਼ਤਵਾ ਦੇ ਦਿੱਤਾ ਹੈ। ਲੋਕਾਂ ਵਿੱਚ ਬੇਗਾਨਗੀ ਦੀ ਭਾਵਨਾ ਤੇ ਅਸੰਤੁਸ਼ਟੀ ਵਧ ਰਹੀ ਹੈ। ਲੋਕਾਂ ਨੇ ਰੈਲੀਆਂ ਦੇ ਵਿੱਚ ਆਪਣਾ ਰੋਸ ਪ੍ਰਗਟ ਕੀਤਾ ਪਰ ਸਿਆਸਤਦਾਨ ਇਹ ਗੱਲਾਂ ਸਮਝ ਨਾ ਸਕੇ। ਪੰਜਾਬ ਸੂਬਾ ਬਹੁਤ ਸਾਰੀਆਂ ਸਮੱਸਿਆਵਾਂ ਦੇ ਨਾਲ ਜੂਝ ਰਿਹਾ ਹੈ, ਜਿਵੇਂ ਕਿ ਖੇਤੀ ਸੰਕਟ, ਸੂਬੇ ਦਾ ਕਰਜ਼ਾ, ਨਸ਼ੇ ਦਾ ਮੁੱਦਾ, ਬੇਰੁਜ਼ਗਾਰੀ, ਆਰਥਿਕ ਮੰਦੀ। ਪਰ ਹਰ ਸਿਆਸੀ ਪਾਰਟੀ ਨੇ ਪੰਜਾਬ ਨੂੰ ਰੱਜ ਕੇ ਕੋਹਿਆ ਹੈ। ਲੋੜ ਤੋਂ ਵੱਧ ਗਲਤ ਬਿਆਨਬਾਜ਼ੀ ਵੀ ਪੰਜਾਬ ਦੇ ਸਿਆਸਤਦਾਨਾਂ ਦੀਆਂ ਜੜ੍ਹਾਂ ਵਿੱਚ ਬੈਠੀ ਹੈ। ਅਸੂਲਾਂ ਦੀ ਸਿਆਸਤ ਉਡੀਕਦਿਆਂ ਉਡੀਕਦਿਆਂ ਲੋਕ ਥੱਕ ਚੁੱਕੇ ਨੇ, ਗੱਲਾਂ ਦਾ ਕੜਾਹ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ। ਉਹ ਕੁਝ ਜ਼ਮੀਨੀ ਪੱਧਰ 'ਤੇ ਹੁੰਦਾ ਹੋਇਆ ਵੇਖਣਾ ਚਾਹੁੰਦੇ ਨੇ। ਵੈਸੇ ਗੁਰਬਾਣੀ ਦੀ ਇੱਕ ਤੁਕ ਹੈ

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥



# ਪੰਜਾਬ ਦੀ ਸਿਆਸਤ ’ਚ ਪਰਿਵਾਰਵਾਦ ਹੋਇਆ ਭਾਰੀ

## ਸੂਬੇ ਦੇ ਕੁਝ ਪਰਿਵਾਰਾਂ ਦੇ ਆਲ਼ੇ-ਦੁਆਲ਼ੇ ਘੁੰਮਦੀ ਹੈ ਪੰਜਾਬ ਦੀ ਸਿਆਸਤ








ਪੰਜਾਬ ਦੇ ਇੱਕ ਵੱਡੇ ਸਿਆਸਤਦਾਨ ਨੇ ਪਰਿਵਾਰਵਾਦ ਨੂੰ ਅੱਗੇ ਵਧਾਉਣ ਸਬੰਧੀ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਜੇ ਦੁਕਾਨਦਾਰ ਦਾ ਪੁੱਤਰ ਦੁਕਾਨਦਾਰ, ਵਪਾਰੀ ਦਾ ਪੁੱਤਰ ਵਪਾਰੀ, ਮਾਸਟਰ ਦਾ ਪੁੱਤਰ ਮਾਸਟਰ ਤੇ ਡਾਕਟਰ ਦਾ ਪੁੱਤਰ ਡਾਕਟਰ ਬਣ ਸਕਦਾ ਹੈ ਤਾਂ ਸਿਆਸਤਦਾਨ ਦਾ ਪੁੱਤਰ ਸਿਆਸਤਦਾਨ ਕਿਉਂ ਨਹੀਂ ਬਣ ਸਕਦਾ ? ਇਸ ਤੋਂ ਪਤਾ ਚੱਲ ਜਾਂਦਾ ਹੈ ਕਿ ਸਿਆਸਤ ਵਿੱਚ ਵੀ ਹੁਣ ਪਰਿਵਾਰਵਾਦ ਭਾਰੂ ਹੋ ਗਿਆ ਹੈ ਅਤੇ ਵੱਡੀ ਗਿਣਤੀ ਸਿਆਸੀ ਆਗੂ ਆਪੋ ਆਪਣੇ ਪਰਿਵਾਰ ਨੂੰ ਹੀ ਅੱਗੇ ਵਧਾਉਣ ਦਾ ਯਤਨ ਕਰ ਰਹੇ ਹਨ।

ਪੰਜਾਬ ਦੀ ਸਿਆਸਤ ਦੀ ਗੱਲ ਕੀਤੀ ਜਾਵੇ ਤਾਂ ਪਰਿਵਾਰਵਾਦ ਨੂੰ ਵੱਡਾ ਮੁੱਦਾ ਸਮਝਿਆ ਜਾਂਦਾ ਹੈ, ਪਰ ਪੰਜਾਬ ਦੀ ਸਿਆਸਤ ਵਿੱਚ ਵੀ ਪਰਿਵਾਰਵਾਦ ਛਾਇਆ ਹੋਇਆ ਹੈ। ਪੰਜਾਬ ਵਿੱਚ ਸਰਕਾਰਾਂ ਤਾਂ ਬਦਲਦੀਆਂ ਹਨ ਪਰ ਸੱਤਾ

ਇੱਕ ਪਰਿਵਾਰ ਤੋਂ ਦੂਜੇ ਪਰਿਵਾਰ ਵਿੱਚ ਜਾਂਦੀ ਹੈ। ਕਿਹਾ ਜਾ ਰਿਹਾ ਹੈ ਕਿ ਪੰਜਾਬ ਦੀ ਸਿਆਸਤ ਕੁਝ ਕੁ ਪਰਿਵਾਰਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਇਹੀ ਕਾਰਨ ਹੈ ਕਿ ਸੂਬੇ ਦੀ ਸਿਆਸਤ ਵਿੱਚ ਪਰਿਵਾਰਾਂ ਦੀ ਵਿਰਾਸਤ ਵਧਦੀ ਜਾ ਰਹੀ ਹੈ।ਪੰਜਾਬ ਦੀ ਸਿਆਸਤ ’ਤੇ ਨੇੜਿਓਂ ਨਜ਼ਰ ਮਾਰਨ ਨਾਲ ਪਤਾ ਚੱਲਦਾ ਹੈ ਕਿ ਪਟਿਆਲਾ ਤੋਂ ਕੈਪਟਨ ਦਾ ਸ਼ਾਹੀ ਪਰਿਵਾਰ, ਲੰਬੀ ਦਾ ਬਾਦਲ ਪਰਿਵਾਰ, ਮਾਲਵੇ ਦਾ ਬਰਾੜ ਪਰਿਵਾਰ, ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਪਰਿਵਾਰ, ਮਾਝੇ ਤੋਂ ਕੈਰੋਂ ਤੇ ਮਜੀਠੀਆ ਪਰਿਵਾਰ, ਜਾਖੜ ਪਰਿਵਾਰ, ਦਲਿਤਾਂ ਵਿੱਚੋਂ ਚੌਧਰੀ ਪਰਿਵਾਰ ਆਦਿ ਸੂਬੇ ਦੇ ਸਿਆਸੀ ਪਰਿਵਾਰ ਹਨ, ਜਿਨ੍ਹਾਂ ਦੇ ਆਲੇ-ਦੁਆਲੇ ਪੰਜਾਬ ਦੀ ਸਿਆਸਤ ਪਿਛਲੇ ਕਈ ਸਾਲਾਂ ਤੋਂ ਘੁੰਮ ਰਹੀ ਹੈ। ਇਹਨਾਂ ਵਿਚੋਂ ਵੱਡੀ ਗਿਣਤੀ ਪਰਿਵਾਰਾਂ ਦੇ ਵਿਚਾਲੇ ਆਪਸੀ ਰਿਸ਼ਤੇਦਾਰੀਆਂ ਹਨ, ਜਿਸ ਕਰਕੇ ਸਿਆਸੀ ਪਾਰਟੀਆਂ ਵੱਖ- ਵੱਖ ਹੋਣ ਦੇ ਬਾਵਜੂਦ ਇਹ ਪਰਿਵਾਰ ਹਰ ਸਰਕਾਰ ਵਿੱਚ ਸੱਤਾ ਦਾ ਸੁੱਖ ਪ੍ਰਤੱਖ ਜਾਂ ਗੁਪਤ ਰੂਪ ਵਿੱਚ ਮਾਣਦੇ ਆ ਰਹੇ ਹਨ।

### ਬਾਦਲ ਪਰਿਵਾਰ

ਦਸ ਵਾਰ ਵਿਧਾਇਕ ਅਤੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਭਾਵੇਂ ਇਸ ਦੁਨੀਆਂ ਵਿੱਚ ਨਹੀਂ ਰਹੇ ਪਰ ਉਨ੍ਹਾਂ ਦਾ ਪੁੱਤਰ ਸੁਖਬੀਰ ਬਾਦਲ ਅਕਾਲੀ ਦਲ ਦੀ ਵਿਰਾਸਤ ਨੂੰ ਅੱਗੇ ਤੋਰ ਰਿਹਾ ਹੈ। ਬਾਦਲ ਦੇ ਕਈ ਪਰਿਵਾਰਾਂ ਨਾਲ ਸਿਆਸੀ ਸਬੰਧ ਹਨ। ਹਰਸਿਮਰਤ ਕੌਰ, ਜੋ ਕਿ ਮਜੀਠੀਆ ਪਰਿਵਾਰ ਦੀ ਧੀ ਹੈ, ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਅਤੇ ਸੁਖਬੀਰ ਸਿੰਘ ਬਾਦਲ ਦੀ ਪਤਨੀ ਹੈ।ਹੁਣ ਬਾਦਲ ਪਰਿਵਾਰ ਦੀ ਤੀਜੀ ਪੀੜੀ ਭਾਵ ਸੁਖਬੀਰ ਬਾਦਲ ਦੀਆਂ ਦੋ ਧੀਆਂ ਅਤੇ ਇੱਕ ਪੁੱਤਰ ਵੀ ਸਿਆਸਤ ਵਿੱਚ ਦਿਲਚਸਪੀ ਲੈਣ ਲੱਗੇ ਹਨ। ਉਹਨਾਂ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਆਪਣੀ ਮਾਂ ਹਰਸਿਮਰਤ ਕੌਰ ਬਾਦਲ ਦਾ ਚੋਣ ਪ੍ਰਚਾਰ ਘਰ ਘਰ ਜਾ ਕੇ ਕੀਤਾ ਗਿਆ। ਪ੍ਰਕਾਸ਼ ਸਿੰਘ ਬਾਦਲ ਦੇ ਭਰਾ ਗੁਰਦਾਸ ਬਾਦਲ ਖੁਦ ਸੰਸਦ ਮੈਂਬਰ ਅਤੇ ਵਿਧਾਇਕ ਰਹੇ ਹਨ। ਉਨ੍ਹਾਂ ਦੇ ਪੁੱਤਰ ਮਨਪ੍ਰੀਤ ਬਾਦਲ ਨੇ ਆਪਣਾ ਸਿਆਸੀ ਕੈਰੀਅਰ ਅਕਾਲੀ ਦਲ ਤੋਂ ਸ਼ੁਰੂ ਕੀਤਾ ਸੀ, ਪਰ ਬਾਅਦ ਵਿੱਚ ਉਨ੍ਹਾਂ ਦਾ ਚਚੇਰੇ ਭਰਾ ਸੁਖਬੀਰ ਸਿੰਘ ਬਾਦਲ ਨਾਲ ਟਕਰਾਅ ਹੋ ਗਿਆ। ਇਨ੍ਹੀਂ ਦਿਨੀਂ ਮਨਪ੍ਰੀਤ ਬਾਦਲ ਭਾਜਪਾ ’ਚ ਹਨ।

### ਬਰਾੜ ਪਰਿਵਾਰ

ਬਰਾੜ ਪਰਿਵਾਰ ਦੱਖਣ-ਪੱਛਮੀ ਪੰਜਾਬ ਦਾ ਇੱਕ ਹੋਰ ਸ਼ਕਤੀਸ਼ਾਲੀ ਪਰਿਵਾਰ ਹੈ। ਇਸ ਪਰਿਵਾਰ ਨੇ ਸਰਪੰਚ ਤੋਂ ਪੰਜਾਬ ਦੇ ਮੁੱਖ ਮੰਤਰੀ ਤੱਕ ਦਾ ਸਫ਼ਰ ਤੈਅ ਕੀਤਾ ਹੈ।1919 ਵਿੱਚ ਇੱਕ ਜੱਟ ਸਿੱਖ ਪਰਿਵਾਰ ਵਿੱਚ ਜਨਮੇ ਹਰਚਰਨ ਸਿੰਘ ਬਰਾੜ 1995 ਵਿੱਚ ਕਾਂਗਰਸ ਤੋਂ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ। ਉਸ ਨੂੰ ਪੰਜਾਬ ਦੀ ਕੁਰਸੀ ਉਦੋਂ ਮਿਲੀ ਜਦੋਂ ਬੇਅੰਤ ਸਿੰਘ ਅੱਤਵਾਦੀ ਹਮਲੇ ਵਿੱਚ ਮਾਰਿਆ ਗਿਆ। ਹਰਚਰਨ ਸਿੰਘ ਬਰਾੜ ਦਾ ਵਿਆਹੁਤਾ ਰਿਸ਼ਤਾ ਵੀ ਇੱਕ ਸਿਆਸੀ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦਾ ਵਿਆਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਭਤੀਜੀ ਗੁਰਬਿੰਦਰ ਕੌਰ ਨਾਲ ਹੋਇਆ। ਹਰਚਰਨ ਸਿੰਘ ਬਰਾੜ ਅਤੇ ਗੁਰਬਿੰਦਰ ਕੌਰ ਦੇ ਦੋ ਬੱਚੇ ਹਨ। ਕੰਵਰਜੀਤ ਸਿੰਘ ਬਰਾੜ ਅਤੇ ਕਮਲਜੀਤ ਬਰਾੜ ਉਰਫ਼ ਬਬਲੀ। ਕੰਵਰਜੀਤ ਸਿੰਘ ਬਰਾੜ ਦੋ ਵਾਰ ਵਿਧਾਇਕ ਬਣੇ। ਉਨ੍ਹਾਂ ਨੇ ਪਹਿਲੀ ਵਾਰ 1977 ਵਿੱਚ ਅਤੇ ਦੂਜੀ ਵਾਰ 2007 ਵਿੱਚ ਵਿਧਾਇਕ ਦਾ ਅਹੁਦਾ ਹਾਸਲ ਕੀਤਾ। ਕੰਵਰਜੀਤ ਸਿੰਘ ਬਰਾੜ ਦਾ ਨਿੱਜੀ ਜੀਵਨ ਵੀ ਸਿਆਸਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ। ਉਸ ਦਾ ਵਿਆਹ ਕਰਨ ਕੌਰ ਬਰਾੜ ਨਾਲ ਹੋਇਆ। ਕਰਨ ਕੌਰ ਬਰਾੜ ਦੀ ਭੈਣ ਹਰੀਪ੍ਰਿਆ ਦਾ ਵਿਆਹ ਕੈਪਟਨ ਅਮਰਿੰਦਰ ਦੇ ਛੋਟੇ ਭਰਾ ਮਾਲਵਿੰਦਰ ਨਾਲ ਹੋਇਆ। ਹੁਣ ਕਰਨ ਕੌਰ ਬਰਾੜ ਦੇ ਛੋਟੇ ਪੁੱਤਰ ਕਰਨਬੀਰ ਬਰਾੜ, ਬਰਾੜ ਪਰਿਵਾਰ ਦੀ ਸਿਆਸੀ ਵਿਰਾਸਤ ਨੂੰ ਸੰਭਾਲ ਰਹੇ ਹਨ।

### ਕੈਪਟਨ ਪਰਿਵਾਰ

ਕੈਪਟਨ ਅਮਰਿੰਦਰ ਸਿੰਘ ਦੇ ਪਿਤਾ ਯਾਦਵਿੰਦਰ ਸਿੰਘ ਅਤੇ ਮਾਤਾ ਮਹਿੰਦਰ ਕੌਰ ਦੋਵੇਂ ਕਾਂਗਰਸ ਨਾਲ ਜੁੜੇ ਹੋਏ ਸਨ। ਮਹਿੰਦਰ ਕੌਰ ਪਹਿਲਾਂ ਕਾਂਗਰਸ ਤੋਂ ਰਾਜ ਸਭਾ ਗਈ, ਫਿਰ ਚੌਥੀ ਲੋਕ ਸਭਾ (1967-71) ਵਿੱਚ ਕਾਂਗਰਸ ਦੀ ਟਿਕਟ ’ਤੇ ਪਟਿਆਲਾ ਤੋਂ ਸੰਸਦ ਮੈਂਬਰ ਬਣੀ। ਕੈਪਟਨ ਦੀ ਪਤਨੀ ਪ੍ਰਨੀਤ ਕੌਰ ਕੇਂਦਰ ਦੀ ਕਾਂਗਰਸ ਸਰਕਾਰ ਵਿੱਚ ਮੰਤਰੀ ਰਹਿ ਚੁੱਕੀ ਹੈ ਅਤੇ ਹੁਣ ਭਾਜਪਾ ਵਿੱਚ ਹੈ। ਬੇਟੀ ਜੈਇੰਦਰ ਕੌਰ ਭਾਜਪਾ ਦੇ ਮਹਿਲਾ ਮੋਰਚਾ ਦੀ ਪ੍ਰਧਾਨ ਹੈ।1980 ਵਿੱਚ ਕੈਪਟਨ ਅਮਰਿੰਦਰ ਨੇ ਪਟਿਆਲਾ ਸੀਟ ਤੋਂ ਲੋਕ ਸਭਾ ਚੋਣ ਲੜੀ ਅਤੇ ਜਿੱਤੇ।1984 ਤੋਂ ਬਾਅਦ ਅਮਰਿੰਦਰ ਸਿੰਘ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਅਤੇ ਫਿਰ ਕਾਂਗਰਸ ਵਿੱਚ ਵਾਪਸ ਆ ਗਏ।

### ਮਜੀਠੀਆ ਪਰਿਵਾਰ

ਮਜੀਠਾ ਅੰਮ੍ਰਿਤਸਰ ਜ਼ਿਲ੍ਹੇ ਦਾ ਇੱਕ ਇਲਾਕਾ ਹੈ ਅਤੇ ਇੱਥੋਂ ਹੀ ਪੰਜਾਬ ਦੀ ਸਿਆਸਤ ਵਿੱਚ ਮਜੀਠੀਆ ਪਰਿਵਾਰ ਉਭਰਿਆ ਹੈ। ਮਜੀਠੀਆ ਪਰਿਵਾਰ ਨੇ ਪੰਜਾਬ ਨੂੰ ਮੁੱਖ ਮੰਤਰੀ ਤਾਂ ਨਹੀਂ ਦਿੱਤਾ ਪਰ ਸੂਬੇ ਵਿੱਚ ਉਨ੍ਹਾਂ ਦਾ ਰੁਤਬਾ ਵੀ ਕੋਈ ਘੱਟ ਨਹੀਂ ਹੈ। ਇਹ ਪਰਿਵਾਰ ਸਿੱਖਾਂ ਦੀ ਧਾਰਮਿਕ ਅਤੇ ਰਾਜਨੀਤਕ ਧਾਰਾ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ।

ਸੁੰਦਰ ਸਿੰਘ ਮਜੀਠੀਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਪ੍ਰਧਾਨ ਬਣੇ ਅਤੇ ਵੰਡ ਤੋਂ ਪਹਿਲਾਂ ਅਤੇ ਬਾਅਦ ਵਿੱਚ ਸੰਯੁਕਤ ਪੰਜਾਬ ਵਿੱਚ ਸਿੱਖ ਸਿਆਸਤ ਨੂੰ ਪ੍ਰਭਾਵਿਤ ਕੀਤਾ। ਬਿਕਰਮ ਮਜੀਠੀਆ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਭੈਣ-ਭਰਾ ਹਨ। ਬਿਕਰਮ ਮਜੀਠੀਆ 2007, 12 ਅਤੇ 17 ਵਿਚ ਲਗਾਤਾਰ ਇੱਥੋਂ ਵਿਧਾਨ ਸਭਾ ਚੋਣਾਂ ਜਿੱਤ ਚੁੱਕੇ ਹਨ। 2022 ਵਿੱਚ ਉਨ੍ਹਾਂ ਦੀ ਪਤਨੀ ਗਨੀਵ ਕੌਰ ਮਜੀਠੀਆ ਵਿਧਾਇਕ ਬਣੀ।

### ਕੈਰੋਂ ਪਰਿਵਾਰ

ਕੈਰੋਂ ਤਰਨਤਾਰਨ ਜ਼ਿਲ੍ਹੇ ਦਾ ਇੱਕ ਪਿੰਡ ਹੈ ਜਿੱਥੋਂ ਕੈਰੋਂ ਵੰਸ਼ ਦੀ ਸ਼ੁਰੂਆਤ ਹੋਈ ਸੀ। ਪੰਜਾਬ ਨੂੰ ਮੁੱਖ ਮੰਤਰੀ ਦੇਣ ਵਾਲੇ ਵਿਅਕਤੀ ਦਾ ਨਾਂ ਪ੍ਰਤਾਪ ਸਿੰਘ ਕੈਰੋਂ ਹੈ। ਪ੍ਰਤਾਪ ਸਿੰਘ ਕੈਰੋਂ ਦੀ ਸਿਆਸੀ ਵਿਰਾਸਤ ਉਨ੍ਹਾਂ ਦੇ ਪੁੱਤਰਾਂ ਸੁਰਿੰਦਰ ਸਿੰਘ ਕੈਰੋਂ ਅਤੇ ਗੁਰਿੰਦਰ ਸਿੰਘ ਕੈਰੋਂ ਨੇ ਸੰਭਾਲੀ। ਗੁਰਿੰਦਰ ਸਿੰਘ ਕੈਰੋਂ ਆਪਣੇ ਪਿਤਾ ਵਾਂਗ ਕਾਂਗਰਸੀ ਰਹੇ ਪਰ ਉਨ੍ਹਾਂ ਦਾ ਵੱਡਾ ਪੁੱਤਰ ਸੁਰਿੰਦਰ ਸਿੰਘ ਕੈਰੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਿਆ। ਉਹ ਤਰਨਤਾਰਨ ਤੋਂ ਸੰਸਦ ਮੈਂਬਰ ਬਣੇ ਅਤੇ ਤਿੰਨ ਵਾਰ ਵਿਧਾਇਕ ਵੀ ਰਹੇ।

ਸੁਰਿੰਦਰ ਸਿੰਘ ਕੈਰੋਂ ਦੀ ਸਿਆਸੀ ਵਿਰਾਸਤ ਇਸ ਸਮੇਂ ਸੀਨੀਅਰ ਆਗੂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਹੱਥਾਂ ਵਿੱਚ ਹੈ। ਉਹ ਅਕਾਲੀ ਸਰਕਾਰ ਵਿੱਚ ਖੁਰਾਕ ਤੇ ਸਪਲਾਈ ਮੰਤਰੀ ਰਹੇ। ਆਦੇਸ਼ ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਬਾਦਲ ਪ੍ਰਕਾਸ਼ ਸਿੰਘ ਬਾਦਲ ਦੇ ਜਵਾਈ ਹਨ।1982 ਵਿੱਚ ਉਨ੍ਹਾਂ ਦਾ ਵਿਆਹ ਸੁਖਬੀਰ ਬਾਦਲ ਦੀ ਭੈਣ ਪ੍ਰਨੀਤ ਕੌਰ ਨਾਲ ਹੋਇਆ।

### ਸਿਮਰਨਜੀਤ ਸਿੰਘ ਮਾਨ

ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਅਤੇ ਕੈਪਟਨ ਅਮਰਿੰਦਰ ਸਿੰਘ ਆਪਸ ਵਿੱਚ ਸਾਢੂੰ ਹਨ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਸਰਗਰਮ ਹਨ। ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਅਤੇ ਸਿਮਰਨਜੀਤ ਸਿੰਘ ਮਾਨ ਦੀ ਪਤਨੀ ਗੀਤਇੰਦਰ ਕੌਰ ਸੱਕੀਆਂ ਭੈਣਾਂ ਹਨ। ਪ੍ਰਨੀਤ ਅਤੇ ਗੀਤਇੰਦਰ ਦੇ ਪਿਤਾ ਗਿਆਨ ਸਿੰਘ ਕਾਹਲੋਂ ਇੱਕ ਨੌਕਰਸ਼ਾਹ ਰਹੇ ਹਨ। ਉਹ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਰਹਿ ਚੁੱਕੇ ਹਨ।

### ਜਾਖੜ ਪਰਿਵਾਰ

ਡਾ. ਬਲਰਾਮ ਜਾਖੜ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸਨ। ਭਾਰਤ ਦੀ ਲੋਕ ਸਭਾ ਦੇ ਸਾਬਕਾ ਸਪੀਕਰ ਹੋਣ ਤੋਂ ਇਲਾਵਾ ਉਹ ਮੱਧ ਪ੍ਰਦੇਸ਼ ਰਾਜ ਦੇ ਰਾਜਪਾਲ ਵੀ ਰਹਿ ਚੁੱਕੇ ਹਨ। ਬਲਰਾਮ ਜਾਖੜ ਦੇ ਸਭ ਤੋਂ ਛੋਟੇ ਪੁੱਤਰ ਸੁਨੀਲ ਜਾਖੜ ਨੇ 2002 ਤੋਂ 2012 ਤੱਕ ਲਗਾਤਾਰ ਤਿੰਨ ਵਾਰ ਅਬੋਹਰ ਸੀਟ ਤੋਂ ਜਿੱਤ ਹਾਸਲ ਕੀਤੀ।2012 ਤੋਂ 2017 ਤੱਕ ਉਹ ਵਿਰੋਧੀ ਧਿਰ ਦੇ ਨੇਤਾ ਰਹੇ। ਉਹ 2017 ਵਿੱਚ ਗੁਰਦਾਸਪੁਰ ਤੋਂ ਲੋਕ ਸਭਾ ਲਈ ਜ਼ਿਮਨੀ ਚੋਣ ਵਿੱਚ ਚੁਣੇ ਗਏ ਸਨ ਅਤੇ ਪਿਛਲੇ ਸਾਲ ਤੱਕ ਸੂਬਾ ਕਾਂਗਰਸ ਪ੍ਰਧਾਨ ਵੀ ਰਹੇ ਸਨ। ਇਸ ਸਮੇਂ ਸੁਨੀਲ ਜਾਖੜ ਭਾਜਪਾ ਦੇ ਸੂਬਾ ਪ੍ਰਧਾਨ ਹਨ ਅਤੇ ਉਨ੍ਹਾਂ ਦੇ ਭਤੀਜੇ ਸੰਦੀਪ ਜਾਖੜ ਅਬੋਹਰ ਤੋਂ ਕਾਂਗਰਸ ਦੇ ਵਿਧਾਇਕ ਹਨ।

### ਬੇਅੰਤ ਸਿੰਘ ਦਾ ਪਰਿਵਾਰ

ਬੇਅੰਤ ਸਿੰਘ ਦਾ ਪਰਿਵਾਰ ਵੀ ਰਾਜਨੀਤੀ ਦੀ ਤੀਜੀ ਪੀੜ੍ਹੀ ਵਿੱਚ ਹੈ। ਜਦੋਂ ਉਹ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਅੱਤਵਾਦੀਆਂ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਦੀ ਵਿਰਾਸਤ ਉਨ੍ਹਾਂ ਦੇ ਪੁੱਤਰ ਤੇਜਪ੍ਰਕਾਸ਼ ਸਿੰਘ ਨੇ ਸੰਭਾਲੀ ਜੋ ਪੰਜਾਬ ਵਿੱਚ ਮੰਤਰੀ ਸੀ। ਪੋਤਾ ਗੁਰਕੀਰਤ ਕੋਟਲੀ ਵਿਧਾਇਕ ਬਣ ਗਿਆ ਜਦੋਂਕਿ ਦੂਜਾ ਪੋਤਾ ਰਵਨੀਤ ਬਿੱਟੂ ਲੁਧਿਆਣਾ ਤੋਂ ਭਾਜਪਾ ਦੀ ਟਿਕਟ ’ਤੇ ਚੋਣ ਲੜ ਚੁੱਕਿਆ ਹੈ। ਧੀ ਗੁਰਕੰਵਲ ਕੌਰ ਪੰਜਾਬ ਦੀ ਮੰਤਰੀ ਰਹਿ ਚੁੱਕੀ ਹੈ।

### ਚੌਧਰੀ ਪਰਿਵਾਰ

ਮਾਸਟਰ ਗੁਰਬੰਤਾ ਸਿੰਘ ਪੰਜਾਬ ਦੇ ਦਲਿਤ ਆਗੂ ਰਹਿ ਚੁੱਕੇ ਹਨ ਅਤੇ ਮੰਤਰੀ ਵੀ ਰਹਿ ਚੁੱਕੇ ਹਨ। ਉਹਨਾਂ ਦੇ ਪੁੱਤਰ ਜਗਜੀਤ ਚੌਧਰੀ ਪੰਜਾਬ ਦੇ ਸਿਵਲ ਬਾਡੀ ਮੰਤਰੀ ਰਹਿ ਚੁੱਕੇ ਹਨ। ਦੂਜੇ ਪੁੱਤਰ ਚੌਧਰੀ ਸੰਤੋਖ ਸਿੰਘ, ਦੋ ਵਾਰ ਐਮ.ਪੀ., ਪੋਤਾ ਬਿਕਰਮ ਚੌਧਰੀ ਫਿਲੌਰ ਤੋਂ ਵਿਧਾਇਕ ਹੈ। ਦੂਜਾ ਪੋਤਾ ਚੌਧਰੀ ਸੁਰਿੰਦਰ 2017 ਵਿੱਚ ਕਾਂਗਰਸ ਦਾ ਵਿਧਾਇਕ ਸੀ ਪਰ 2022 ਵਿੱਚ ਹਾਰ ਗਿਆ।

# ਭਾਰਤ ਦੇ ਜਲ ਭੰਡਾਰਾਂ ’ਚ ਪਾਣੀ ਦਾ ਪੱਧਰ 24 ਫ਼ੀਸਦੀ ਤਕ ਡਿੱਗਿਆ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੇ 150 ਪ੍ਰਮੁੱਖ ਜਲ ਭੰਡਾਰਾਂ ਦੇ ਭੰਡਾਰਨ ਪੱਧਰ ’ਚ ਲਗਾਤਾਰ ਗਿਰਾਵਟ ਜਾਰੀ ਹੈ ਅਤੇ ਇਹ ਕੁਲ ਭੰਡਾਰਨ ਸਮਰੱਥਾ ਦੇ 24 ਫੀ ਸਦੀ ’ਤੇ ਆ ਗਿਆ ਹੈ। ਮੌਜੂਦਾ ਪਾਣੀ ਦੇ ਪੱਧਰ ’ਚ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 21 ਫ਼ੀ ਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ।

ਅਧਿਕਾਰਤ ਅੰਕੜਿਆਂ ਤੋਂ ਇਹ ਜਾਣਕਾਰੀ ਸਾਹਮਣੇ ਆਈ ਹੈ। ਕੇਂਦਰੀ ਜਲ ਕਮਿਸ਼ਨ (ਸੀ.ਡਬਲਿਊ.ਸੀ.) ਨੇ ਬੀਤੇ ਦਿਨ ਦੇਸ਼ ਭਰ ਦੇ 150 ਪ੍ਰਮੁੱਖ ਜਲ ਭੰਡਾਰਾਂ ਦੇ ਤਾਜ਼ੇ ਭੰਡਾਰਨ ਪੱਧਰ ਦੀ ਸਥਿਤੀ ’ਤੇ ਅਪਣਾ ਹਫਤਾਵਾਰੀ ਬੁਲੇਟਿਨ ਜਾਰੀ ਕੀਤਾ, ਜਿਸ ’ਚ ਪਿਛਲੇ ਸਾਲ ਦੇ ਮੁਕਾਬਲੇ ਪਾਣੀ ਦੇ ਪੱਧਰ ’ਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ।

ਉੱਤਰੀ ਸੂਬਿਆਂ ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਰਾਜਸਥਾਨ ’ਚ 19.663 ਬੀ.ਸੀ.ਐਮ. ਦੀ ਕੁਲ ਭੰਡਾਰਨ ਸਮਰੱਥਾ ਵਾਲੇ 10 ਜਲ ਭੰਡਾਰਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਪਰ, ਇਸ ਸਮੇਂ ਇਨ੍ਹਾਂ ਜਲ ਭੰਡਾਰਾਂ ’ਚ ਸਿਰਫ 5.554



ਬੀ.ਸੀ.ਐਮ. ਭੰਡਾਰਨ (ਕੁਲ ਉਲਟ, ਪੂਰਬੀ ਖੇਤਰ, ਜਿਸ ’ਚ ਸਮਰੱਥਾ ਦਾ 28%) ਹੈ। ਇਸ ਦੇ ਅਸਾਮ, ਝਾਰਖੰਡ, ਓਡੀਸ਼ਾ, ਪਛਮੀ ਬੰਗਾਲ, ਤ੍ਰਿਪੁਰਾ, ਨਾਗਾਲੈਂਡ ਅਤੇ ਬਿਹਾਰ ਸ਼ਾਮਲ ਹਨ, ’ਚ ਬਹੁਤ ਘੱਟ ਸੁਧਾਰ ਹੋਇਆ ਹੈ।

ਇਸ ਖੇਤਰ ’ਚ 23 ਜਲ ਭੰਡਾਰ ਹਨ, ਜਿਨ੍ਹਾਂ ਦੀ ਕੁਲ ਭੰਡਾਰਨ ਸਮਰੱਥਾ 20.430 ਬੀਸੀਐਮ ਹੈ ਜਿੱਥੇ ਮੌਜੂਦਾ ਭੰਡਾਰਨ 6.013 ਬੀਸੀਐਮ (ਕੁਲ ਭੰਡਾਰਨ ਸਮਰੱਥਾ ਦਾ 29%) ਹੈ। ਦੱਖਣੀ ਖੇਤਰ, ਜਿਸ ’ਚ ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਕੇਰਲ ਅਤੇ ਤਾਮਿਲਨਾਡੂ ਸ਼ਾਮਲ ਹਨ, ਸੱਭ ਤੋਂ ਵੱਧ ਪ੍ਰਭਾਵਤ ਹਨ। ਇਨ੍ਹਾਂ ਸੂਬਿਆਂ ’ਚ 42 ਜਲ ਭੰਡਾਰਾਂ ਦੀ ਕੁਲ ਭੰਡਾਰਨ ਸਮਰੱਥਾ 53.334 ਬਿਲੀਅਨ ਕਿਊਬਿਕ ਮੀਟਰ (ਬੀ.ਸੀ.ਐਮ.) ਹੈ। ਇਸ ਸਮੇਂ ਇਨ੍ਹਾਂ ਜਲ ਭੰਡਾਰਾਂ ਦਾ ਭੰਡਾਰਨ ਪੱਧਰ ਘਟ ਕੇ 7.455 ਬੀ.ਸੀ.ਐਮ. ਰਹਿ ਗਿਆ ਹੈ, ਜੋ ਕੁਲ ਭੰਡਾਰਨ ਸਮਰੱਥਾ ਦਾ 14 ਫੀ ਸਦੀ ਹੈ। ਇਹ ਪਿਛਲੇ ਸਾਲ ਦੇ 25 ਫ਼ੀ ਸਦੀ ਨਾਲੋਂ ਬਹੁਤ ਘੱਟ ਹੈ ਅਤੇ ਆਮ ਪੱਧਰ (ਕੁਲ ਸਮਰੱਥਾ ਦਾ 20 ਫ਼ੀ ਸਦੀ ) ਤੋਂ ਬਹੁਤ ਘੱਟ ਹੈ।

# ਹਰਪ੍ਰੀਤ ਸਿੰਘ ਪੋਪਲੀ ਬਣੇ ਕੈਨੇਡਾ ਵਿੱਚ ਪਹਿਲੇ 'ਦਸਤਾਰਧਾਰੀ ਸਿੱਖ ਜੱਜ'

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਵਿਭਿੰਨਤਾ ਅਤੇ ਪ੍ਰਤੀਨਿਧਤਾ ਲਈ ਇੱਕ ਇਤਿਹਾਸਕ ਪ੍ਰਾਪਤੀ ਵਿੱਚ, ਹਰਪ੍ਰੀਤ ਸਿੰਘ ਪੋਪਲੀ ਨੂੰ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੇ ਸੂਬੇ ਵਿੱਚ ਰੋਡਸੇਫ ਬੀਸੀ ਲਈ ਇੱਕ ਨਿਰਣਾਇਕ (ਜੱਜ) ਵਜੋਂ ਨਿਯੁਕਤ ਕੀਤਾ ਗਿਆ ਹੈ। ਖਾਸ ਤੌਰ 'ਤੇ, ਸਰਦਾਰ ਪੋਪਲੀ ਦੀ ਨਿਯੁਕਤੀ ਇੱਕ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦੀ ਹੈ ਕਿਉਂਕਿ ਉਹ ਸੂਬੇ ਵਿੱਚ ਅਜਿਹਾ ਵੱਕਾਰੀ ਅਹੁਦਾ ਸੰਭਾਲਣ ਵਾਲੇ ਪਹਿਲੇ ਦਸਤਾਰਧਾਰੀ ਸਿੱਖ ਬਣ ਗਏ ਹਨ। ਹਰਪ੍ਰੀਤ ਦੀ ਇਸ ਮਾਣਮੱਤੀ ਸਥਿਤੀ ਤੱਕ ਦੀ ਯਾਤਰਾ ਉਸ ਦੇ ਅਟੁੱਟ ਸਮਰਪਣ ਅਤੇ ਸ਼ਾਨਦਾਰ ਪ੍ਰਾਪਤੀਆਂ ਦਾ ਪ੍ਰਮਾਣ ਹੈ। 2004 ਵਿੱਚ ਦਿੱਲੀ ਯੂਨੀਵਰਸਿਟੀ ਦੀ ਵੱਕਾਰੀ ਫੈਕਲਟੀ ਆਫ਼ ਲਾਅ ਤੋਂ ਗ੍ਰੈਜੂਏਟ ਹੋ ਕੇ, ਉਸਨੇ 19 ਸਾਲਾਂ ਤੋਂ ਵੱਧ ਦੇ ਇੱਕ ਵਿਲੱਖਣ ਕਾਨੂੰਨੀ ਕੈਰੀਅਰ ਦੀ ਸ਼ੁਰੂਆਤ ਕੀਤੀ। ਕਾਨੂੰਨੀ ਪੇਸ਼ੇ ਵਿੱਚ ਉਸਦੀ ਮੁਹਾਰਤ ਨੇ ਉਸਨੂੰ ਦਿੱਲੀ ਹਾਈ ਕੋਰਟ ਵਿੱਚ ਦਿੱਲੀ ਸਰਕਾਰ ਲਈ ਪੈਨਲ ਵਕੀਲ ਦੇ ਨਾਲ-ਨਾਲ ਵਧੀਕ ਸਰਕਾਰੀ ਵਕੀਲ ਦੀ ਭੂਮਿਕਾ ਵੀ ਪ੍ਰਾਪਤ ਕੀਤੀ, ਜਿੱਥੇ ਉਸਨੇ ਅਹਿਮ ਕੇਸਾਂ ਵਿੱਚ ਦਿੱਲੀ ਪੁਲਿਸ ਦੀ ਨੁਮਾਇੰਦਗੀ ਕੀਤੀ। ਫਰਵਰੀ 2023 ਵਿੱਚ, ਹਰਪ੍ਰੀਤ ਨੇ ਨਵੇਂ ਮੌਕਿਆਂ ਅਤੇ ਚੁਣੌਤੀਆਂ ਦੀ ਭਾਲ ਵਿੱਚ ਕੈਨੇਡਾ ਆਵਾਸ ਕਰਨ ਦਾ ਜੀਵਨ ਬਦਲਣ



ਵਾਲਾ ਫੈਸਲਾ ਲਿਆ। ਉਸਦੇ ਆਉਣ 'ਤੇ, ਉਸਨੇ ਆਪਣੇ ਗੋਦ ਲਏ ਵਤਨ ਵਿੱਚ ਕਾਨੂੰਨ ਲਈ ਆਪਣੇ ਜਨੂੰਨ ਦਾ ਪਿੱਛਾ ਕਰਨ ਵਿੱਚ ਕੋਈ ਸਮਾਂ ਬਰਬਾਦ ਨਹੀਂ ਕੀਤਾ। ਦ੍ਰਿੜ ਇਰਾਦੇ ਅਤੇ ਲਗਨ ਨਾਲ, ਉਸਨੇ ਸਿਰਫ ਦੋ ਮਹੀਨਿਆਂ ਦੇ ਰਿਕਾਰਡ ਸਮੇਂ ਵਿੱਚ ਨੈਸ਼ਨਲ ਕਮੇਟੀ ਆਫ ਐਕਰੀਡੇਸ਼ਨ ਦੁਆਰਾ ਕੈਨੇਡੀਅਨ ਲਾਅ ਸਮਾਨਤਾ ਪ੍ਰਕਿਰਿਆ ਨੂੰ ਪੂਰਾ ਕੀਤਾ।

ਅਕਤੂਬਰ 2023 ਵਿੱਚ, ਹਰਪ੍ਰੀਤ ਦੀ ਬੇਮਿਸਾਲ ਪ੍ਰਤਿਭਾ ਨੇ ਅਟਾਰਨੀ ਜਨਰਲ ਮੰਤਰਾਲੇ ਦਾ ਧਿਆਨ ਖਿੱਚਿਆ, ਜਿਸ ਨਾਲ ਉਸਦੀ ਨਿਯੁਕਤੀ ਸੰਸਥਾ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਲਈ ਹੋਈ। ਕੈਨੇਡੀਅਨ ਕਾਨੂੰਨੀ ਲੈਂਡਸਕੇਪ ਵਿੱਚ ਉਸਦਾ ਤੇਜ਼ੀ ਨਾਲ ਏਕੀਕਰਨ ਅਤੇ ਉੱਤਮਤਾ ਪ੍ਰਤੀ ਉਸਦੀ ਵਚਨਬੱਧਤਾ ਨੇ ਉਸਨੂੰ ਆਪਣੇ ਸਾਥੀਆਂ ਵਿੱਚ ਜਲਦੀ ਹੀ ਮਾਨਤਾ ਅਤੇ ਸਤਿਕਾਰ ਪ੍ਰਾਪਤ ਕੀਤਾ। ਰੋਡਸੇਫ ਬੀਸੀ ਲਈ ਨਿਰਣਾਇਕ ਵਜੋਂ ਹਰਪ੍ਰੀਤ ਦੀ ਨਿਯੁਕਤੀ ਨਾ ਸਿਰਫ਼ ਇੱਕ ਨਿੱਜੀ ਜਿੱਤ ਹੈ, ਸਗੋਂ ਸਿੱਖ ਭਾਈਚਾਰੇ ਅਤੇ ਸਮੁੱਚੇ ਤੌਰ 'ਤੇ ਕਾਨੂੰਨੀ ਪੇਸ਼ੇ ਲਈ ਇੱਕ ਮਹੱਤਵਪੂਰਨ ਮੌਕਾ ਹੈ। ਉਨ੍ਹਾਂ ਦੀ ਨਿਯੁਕਤੀ ਪ੍ਰਸ਼ਾਸਨਿਕ ਨਿਆਂ ਪ੍ਰਣਾਲੀ ਵਿੱਚ ਵਿਭਿੰਨਤਾ ਅਤੇ ਪ੍ਰਤੀਨਿਧਤਾ ਲਈ ਵੀ ਇੱਕ ਮਹੱਤਵਪੂਰਨ ਕਦਮ ਹੈ। ਇਹ ਸ਼ਮੂਲੀਅਤ ਅਤੇ ਬਰਾਬਰ ਮੌਕੇ ਦਾ ਇੱਕ ਸ਼ਕਤੀਸ਼ਾਲੀ ਸੰਦੇਸ਼ ਭੇਜਦਾ ਹੈ, ਜੋ ਕਿ ਵਿਭਿੰਨ ਪਿਛੋਕੜ ਵਾਲੇ ਵਿਅਕਤੀਆਂ ਨੂੰ ਗਲੇ ਲਗਾਉਣ ਲਈ ਕੈਨੇਡਾ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਕੈਨੇਡਾ ਦੇ ਬੀਸੀ ਵਿੱਚ ਪਹਿਲੇ ਦਸਤਾਰਧਾਰੀ ਸਿੱਖ ਨਿਰਣਾਇਕ ਵਜੋਂ, ਹਰਪ੍ਰੀਤ ਦੀ ਪ੍ਰਾਪਤੀ ਚਾਹਵਾਨ ਕਾਨੂੰਨੀ ਪੇਸ਼ੇਵਰਾਂ ਲਈ ਇੱਕ ਪ੍ਰੇਰਨਾ ਦੇ ਰੂਪ ਵਿੱਚ ਕੰਮ ਕਰਦੀ ਹੈ ਅਤੇ ਰੁਕਾਵਟਾਂ ਨੂੰ ਤੋੜਨ ਅਤੇ ਇੱਕ ਵਧੇਰੇ ਸਮਾਵੇਸ਼ੀ ਸਮਾਜ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੀ ਹੈ। ਜਿਵੇਂ ਹੀ ਹਰਪ੍ਰੀਤ ਆਪਣੀ ਨਵੀਂ ਭੂਮਿਕਾ ਨਿਭਾਉਂਦਾ ਹੈ, ਉਹ ਆਪਣੇ ਨਾਲ ਬਹੁਤ ਸਾਰਾ ਤਜ਼ਰਬਾ, ਮੁਹਾਰਤ ਅਤੇ ਨਿਆਂ ਅਤੇ ਨਿਰਪੱਖਤਾ ਨੂੰ ਕਾਇਮ ਰੱਖਣ ਲਈ ਵਚਨਬੱਧਤਾ ਰੱਖਦਾ ਹੈ। ਉਸਦੀ ਨਿਯੁਕਤੀ ਇੱਕ ਇਤਿਹਾਸਕ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦੀ ਹੈ ਅਤੇ ਬ੍ਰਿਟਿਸ਼ ਕੋਲੰਬੀਆ ਦੀ ਪ੍ਰਸ਼ਾਸਨਿਕ ਨਿਆਂ ਪ੍ਰਣਾਲੀ ਵਿੱਚ ਸ਼ਮੂਲੀਅਤ ਅਤੇ ਨੁਮਾਇੰਦਗੀ ਲਈ ਇੱਕ ਮਿਸਾਲ ਕਾਇਮ ਕਰਦੀ ਹੈ।

## ਆਸਟ੍ਰੇਲੀਆ ਦੇ ਸ਼ਹਿਰ ਗ੍ਰਿਫਿਥ ਵਿਖੇ 26ਵਾਂ ਸ਼ਹੀਦੀ ਖੇਡ ਮੇਲਾ 8-9 ਜੂਨ ਨੂੰ

ਮੈਲਬੌਰਨ/ਸਿਡਨੀ/ਏ.ਟੀ.ਨਿਊਜ਼: ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਆਸਟ੍ਰੇਲੀਆ ਦੇ ਗ੍ਰਿਫਿਥ ਸ਼ਹਿਰ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰਿਫਿਥ ਦੀ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ 26ਵਾਂ ਸ਼ਹੀਦੀ ਖੇਡ ਮੇਲਾ 8 ਅਤੇ 9 ਜੂਨ ਨੂੰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਮੁੱਖ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸ਼ਹੀਦੀ ਖੇਡ ਮੇਲੇ ਵਿੱਚ ਆਸਟ੍ਰੇਲੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਟੀਮਾਂ ਹਿੱਸਾ ਲੈ ਰਹੀਆਂ ਹਨ ਤੇ ਕਬੱਡੀ, ਫੁੱਟਬਾਲ, ਵਾਲੀਬਾਲ, ਖੋ-ਖੋ, ਬੱਚਿਆਂ ਦੀਆਂ ਦੌੜਾਂ ਅਤੇ ਰੱਸਾਕੱਸ਼ੀ ਦੇ ਮੁਕਾਬਲੇ ਕਰਵਾਏ ਜਾਣਗੇ।

ਖਾਲਸਾਈ ਸ਼ਾਨ ਦਾ ਪ੍ਰਤੀਕ ਗਤਕਾ, ਦਸਤਾਰ ਮੁਕਾਬਲੇ ਅਤੇ ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀ ਜਾਣਕਾਰੀ ਭਰਪੂਰ ਪ੍ਰਦਰਸ਼ਨੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੇ। ਜ਼ਿਕਰਯੋਗ ਹੈ ਕਿ ਇਸ ਖੇਡ ਮੇਲੇ ਨੂੰ ਸਿੱਖ ਖੇਡਾਂ ਤੋਂ ਬਾਅਦ ਆਸਟ੍ਰੇਲੀਆ ਦਾ ਦੂਜਾ ਸਭ ਤੋਂ ਵੱਡਾ ਖੇਡ ਮੇਲਾ ਹੋਣ ਦਾ ਮਾਣ ਹਾਸਲ ਹੈ।

# ਕਲਾਉਡੀਆ ਸ਼ੇਨਬੌਮ ਚੁਣੀ ਗਈ ਮੈਕਸੀਕੋ ਦੀ ਪਹਿਲੀ ਮਹਿਲਾ ਰਾਸ਼ਟਰਪਤੀ

ਮੈਕਸੀਕੋ ਸਿਟੀ/ਏ.ਟੀ.ਨਿਊਜ਼: ਮੈਕਸੀਕੋ ਦੇ ਰਾਸ਼ਟਰਪਤੀ ਚੋਣ ਦੀ ਸੰਭਾਵਿਤ ਜੇਤੂ ਕਲਾਉਡੀਆ ਸ਼ੇਨਬੌਮ ਦੇਸ਼ ਦੇ 200 ਸਾਲਾਂ ਦੇ ਇਤਿਹਾਸ ਵਿੱਚ ਇਸ ਅਹੁਦੇ 'ਤੇ ਕਾਬਜ਼ ਹੋਣ ਵਾਲੀ ਪਹਿਲੀ ਮਹਿਲਾ ਹੋਵੇਗੀ। ਇੱਕ ਜਲਵਾਯੂ ਵਿਗਿਆਨੀ ਅਤੇ ਮੈਕਸੀਕੋ ਸਿਟੀ ਦੇ ਸਾਬਕਾ ਮੇਅਰ ਸ਼ੀਨਬੌਮ ਨੇ ਕਿਹਾ ਕਿ ਉਸਦੇ ਦੋ ਵਿਰੋਧੀਆਂ ਨੇ ਉਸਦੀ ਜਿੱਤ ਨੂੰ ਸਵੀਕਾਰ ਕਰ ਲਿਆ ਹੈ। ਸ਼ੀਨਬੌਮ ਨੇ ਇੱਕ ਹੋਟਲ ਦੇ ਬਾਹਰ ਮੁਸਕਰਾਉਂਦੇ ਹੋਏ ਕਿਹਾ, 'ਮੈਂ ਮੈਕਸੀਕੋ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਹੋਵਾਂਗੀ।'

ਇਸ ਤੋਂ ਕੁਝ ਸਮਾਂ ਪਹਿਲਾਂ ਚੋਣ



ਅਧਿਕਾਰੀਆਂ ਨੇ ਕੁਝ ਅੰਕੜੇ ਪੇਸ਼ ਕੀਤੇ ਹਨ, ਜਿਸ ਵਿੱਚ ਉਹ ਲੀਡ ਹਾਸਲ ਕਰਦੀ ਨਜ਼ਰ ਆ ਰਹੀ ਹੈ। ਸ਼ੀਨਬੌਮ ਨੇ ਕਿਹਾ 'ਮੈਂ ਇਹ ਇਕੱਲੀ ਨਹੀਂ ਕਰ ਸਕਦੀ ਸੀ। ਅਸੀਂ ਸਾਰਿਆਂ ਨੇ ਮਿਲ ਕੇ ਇਹ ਕੀਤਾ ਹੈ। ਇਸ ਵਿੱਚ ਸਾਡੀ ਮਾਤ ਭੂਮੀ ਦੀਆਂ ਬਹਾਦਰ ਔਰਤਾਂ, ਮਾਵਾਂ ਅਤੇ ਧੀਆਂ ਦਾ ਪੂਰਾ ਸਹਿਯੋਗ ਰਿਹਾ। ਅਸੀਂ ਦਿਖਾਇਆ ਹੈ ਕਿ ਮੈਕਸੀਕੋ ਇੱਕ ਲੋਕਤੰਤਰੀ ਦੇਸ਼ ਹੈ, ਜਿੱਥੇ ਸ਼ਾਂਤੀਪੂਰਨ ਚੋਣਾਂ ਹੋਈਆਂ ਹਨ।' ਨੈਸ਼ਨਲ ਇਲੈਕਟੋਰਲ ਇੰਸਟੀਚਿਊਟ ਦੇ ਮੁਖੀ ਨੇ ਦੱਸਿਆ ਕਿ ਅੰਕੜਿਆਂ ਮੁਤਾਬਕ ਸ਼ੇਨਬੌਮ ਨੂੰ 58.3 ਫੀਸਦੀ ਤੋਂ 60.7 ਫੀਸਦੀ ਵੋਟਾਂ ਮਿਲੀਆਂ ਹਨ। ਵਿਰੋਧੀ ਉਮੀਦਵਾਰ ਜ਼ੋਚਿਟਲ ਗਾਲਵੇਜ਼ ਨੂੰ 26.6 ਤੋਂ 28.6 ਫੀਸਦੀ ਵੋਟਾਂ ਮਿਲੀਆਂ ਜਦਕਿ ਜੋਰਜ ਅਲਵਾਰੇਜ਼ ਮੇਨੇਜ਼ ਨੂੰ 9.9 ਤੋਂ 10.8 ਫੀਸਦੀ ਵੋਟਾਂ ਮਿਲੀਆਂ।

# ਯੂਰਪ ਐਲ.ਜੀ.ਬੀ.ਟੀ.ਕਿਯੂ. ਭਾਈਚਾਰੇ ਲਈ ਸੁਰੱਖਿਅਤ ਪਨਾਹਗਾਹ ਬਣਿਆ

## ਵੱਖ-ਵੱਖ ਦੇਸ਼ਾਂ ਵਿੱਚ ਸਖ਼ਤ ਕਾਨੂੰਨਾਂ ਕਾਰਨ ਯੂਰਪ ਵਿੱਚ ਸਮਲਿੰਗੀ ਸ਼ਰਨ ਲੈਣ ਲਗੇ

ਜ਼ਬਰਦਸਤੀ ਵਿਆਹ ਅਤੇ ਕੌੜੀ ਘਰੇਲੂ ਜ਼ਿੰਦਗੀ ਤੋਂ ਬਚਣ ਲਈ ਏਲਾ ਐਂਟਨੀ ਨੂੰ ਆਪਣਾ ਦੇਸ਼ ਨਾਈਜੀਰੀਆ ਛੱਡਣ ਲਈ ਮਜਬੂਰ ਕੀਤਾ ਗਿਆ ਸੀ। ਉਸਦੇ ਰਿਸ਼ਤੇਦਾਰਾਂ ਨੇ ਉਸਨੂੰ ਧਮਕੀ ਦਿੱਤੀ ਕਿ ਜੇਕਰ ਉਸਨੇ ਵਿਆਹ ਤੋਂ ਇਨਕਾਰ ਕੀਤਾ ਤਾਂ ਉਸਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਜਾਵੇਗਾ, ਕਿਉਂਕਿ ਉਹ ਸਮਲਿੰਗੀ ਹੈ। ਨਾਈਜੀਰੀਆ ਵਿੱਚ ਸਮਲਿੰਗਤਾ ਗੈਰ-ਕਾਨੂੰਨੀ ਹੈ।

ਨਾਈਜੀਰੀਆ ਨੇ ਸਮਲਿੰਗੀ ਸਬੰਧਾਂ ਨੂੰ ਅਪਰਾਧਕ ਕਰਾਰ ਦਿੱਤਾ ਹੈ, ਐਂਟਨੀ ਆਪਣੇ ਸਾਥੀ ਨਾਲ 2014 ਵਿੱਚ ਲੀਬੀਆ ਅਤੇ ਫਿਰ ਇਟਲੀ ਚਲੀ ਗਈ, ਜਿੱਥੇ ਦੋਵਾਂ ਨੂੰ ਸ਼ਰਨ ਦਿੱਤੀ ਗਈ ਸੀ।

ਅਫ਼ਰੀਕਾ ਅਤੇ ਮੱਧ ਪੂਰਬ ਤੋਂ ਹਜ਼ਾਰਾਂ ਲੋਕ ਯੁੱਧ ਅਤੇ ਹੋਰ ਸੰਘਰਸ਼ਾਂ ਤੋਂ ਭੱਜ ਕੇ ਇਟਲੀ ਆ ਰਹੇ ਹਨ, ਪਰ ਮਨੁੱਖੀ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣੀ ਪਸੰਦ ਦੇ ਕਾਰਨ ਕਈ ਦੇਸ਼ਾਂ ਵਿੱਚ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਦੇਸ਼ ਵਿੱਚ ਹਿੰਸਾ ਅਤੇ ਵਿਤਕਰੇ ਦਾ ਸਾਹਮਣਾ ਕਰ ਰਹੇ ਸਮਲਿੰਗੀ ਭਾਈਚਾਰੇ ਦੇ ਮੈਂਬਰ ਇੱਥੇ ਸੁਰੱਖਿਅਤ ਪਨਾਹਗਾਹ ਲੱਭਣ ਲਈ ਯੂਰਪ ਆ ਰਹੇ ਹਨ।

ਹਾਲਾਂਕਿ ਸਮਲਿੰਗਤਾ ਦੇ ਆਧਾਰ 'ਤੇ ਸਫਲ ਸ਼ਰਨ ਬਾਰੇ ਅਰਜ਼ੀਆਂ ਵਿੱਚ ਬਹੁਤ ਸਾਰੀਆਂ



ਰੁਕਾਵਟਾਂ ਹਨ, ਪਰ ਐਂਟਨੀ ਅਤੇ ਉਸ ਦੇ ਸਾਥੀ ਡੋਰਿਸ ਇਜ਼ੁਰਾਈਕੇ ਚਿਨੋਸੋ ਨੇ ਸਾਬਤ ਕੀਤਾ ਹੈ ਕਿ ਉਹ ਸਾਰੀਆਂ ਅੰਕੜਾਂ ਦੇ ਵਿਰੁੱਧ ਡਟੇ ਰਹਿ ਸਕਦੇ ਹਨ ਅਤੇ ਯੂਰਪ ਵਿੱਚ ਸ਼ਰਨ ਲੈਣ ਦੇ ਚਾਹਵਾਨ ਹਨ।

34 ਸਾਲਾ ਚਿਨੋਸੋ ਕਹਿੰਦਾ ਹੈ ਕਿ ਯਕੀਨਨ, ਇੱਥੇ ਜੀਵਨ ਇਥੇ 100 ਪ੍ਰਤੀਸ਼ਤ ਉਹੋ ਜਿਹਾ ਨਹੀਂ ਹੈ ਜੋ ਅਸੀਂ ਚਾਹੁੰਦੇ ਸੀ, ਪਰ ਇਹ ਸਾਡੇ ਦੇਸ਼ ਨਾਲੋਂ 80 ਪ੍ਰਤੀਸ਼ਤ ਬਿਹਤਰ ਹੈ।

ਚਿਨੋਸੋ ਹੁਣ ਐਂਟਨੀ ਨਾਲ ਇਟਲੀ ਦੀ ਰਾਜਧਾਨੀ ਰੋਮ ਦੇ ਉੱਤਰ ਵਿੱਚ ਇੱਕ ਰੇਤਲੇ ਖੇਤਰ ਵਿੱਚ ਰਹਿੰਦਾ ਹੈ। ਉਹ ਆਖਦਾ ਹੈ ਕਿ ਨਾਈਜੀਰੀਆ ਵਿੱਚ, ਜੇ ਤੁਸੀਂ ਖੁਸ਼ਕਿਸਮਤ ਹੋ ਤਾਂ ਤੁਸੀਂ ਜੇਲ੍ਹ ਵਿੱਚ ਹੋਵੋਗੇ, ਜੇ ਤੁਸੀਂ ਬਦਕਿਸਮਤ ਹੋ ਤਾਂ ਤੁਹਾਨੂੰ ਮਾਰ ਦਿੱਤਾ ਜਾਵੇਗਾ।

ਯੂਰਪ ਦੇ ਜ਼ਿਆਦਾਤਰ ਦੇਸ਼ ਸਮਲਿੰਗੀ ਸਬੰਧਾਂ 'ਤੇ ਆਧਾਰਿਤ ਸ਼ਰਨ ਲਈ ਅਰਜ਼ੀਆਂ ਦੇ ਅੰਕੜੇ ਜਾਰੀ ਨਹੀਂ ਕਰਦੇ ਹਨ, ਪਰ ਕਈ ਗੈਰ-ਸਰਕਾਰੀ ਸੰਗਠਨਾਂ ਦੇ ਅਨੁਸਾਰ, ਜਿਹਨਾਂ ਦੇਸਾਂ ਵਿੱਚ ਸਮਲਿੰਗਤਾ 'ਤੇ ਕਾਨੂੰਨ ਸਖ਼ਤ ਕੀਤੇ ਜਾ ਰਹੇ ਹਨ, ਉਥੋਂ ਭੱਜ ਕੇ ਯੂਰਪ ਵਿੱਚ ਸ਼ਰਨ ਮੰਗਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ।

ਇਸ ਸਮੇਂ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ, ਜ਼ਿਆਦਾਤਰ ਅਫਰੀਕਾ, ਮੱਧ ਪੂਰਬ ਅਤੇ ਏਸ਼ੀਆ ਦੇ ਦੇਸ਼ਾਂ ਵਿੱਚ ਸਮਲਿੰਗੀ ਸਬੰਧਾਂ ਵਿਰੁੱਧ ਸਖ਼ਤ ਕਾਨੂੰਨ ਹਨ।

ਅਜਿਹੇ ਲੋਕਾਂ ਨੂੰ ਵਿੱਤੀ, ਕਾਨੂੰਨੀ ਅਤੇ ਹੋਰ ਸਹਾਇਤਾ ਪ੍ਰਦਾਨ ਕਰਨ ਵਾਲੀ ਸੰਸਥਾ ਰੇਨਬੋ ਰੇਲਰੋਡ ਦੀ ਕਿਮਾਹਲੀ ਪਾਵੇਲ ਕਹਿੰਦੀ ਹੈ ਕਿ ਅੰਤਿਮ ਨਤੀਜਾ ਇਹ ਹੈ ਕਿ ਲੋਕ ਇਹਨਾਂ ਦੇਸ਼ਾਂ ਤੋਂ ਭੱਜ ਰਹੇ ਹਨ ਅਤੇ ਕਿਤੇ ਹੋਰ ਸੁਰੱਖਿਅਤ ਪਨਾਹ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ।

ਪਾਵੇਲ ਨੇ ਕਿਹਾ ਕਿ ਉਸ ਦੀ ਸੰਸਥਾ ਨੂੰ ਪਿਛਲੇ ਸਾਲ ਮਦਦ ਲਈ ਲਗਭਗ 15,000 ਬੇਨਤੀਆਂ ਪ੍ਰਾਪਤ ਹੋਈਆਂ ਸਨ। ਜੋ ਪਿਛਲੇ ਸਾਲ 9,500 ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਅਰਜ਼ੀਆਂ ਯੂਗਾਂਡਾ ਦੇ ਲੋਕਾਂ ਦੀਆਂ ਸਨ, ਜਿਨ੍ਹਾਂ ਦੀ ਗਿਣਤੀ 1500 ਦੇ ਕਰੀਬ ਸੀ। ਯੂਗਾਂਡਾ ਨੇ ਹਾਲ ਹੀ ਵਿੱਚ ਸਮਲਿੰਗੀ ਸਬੰਧਾਂ 'ਤੇ ਸਭ ਤੋਂ ਸਖ਼ਤ ਕਾਨੂੰਨ ਬਣਾਇਆ ਹੈ। ਯੂਗਾਂਡਾ ਵਿੱਚ ਸਮਲਿੰਗੀ ਸਬੰਧ ਹੁਣ ਇੱਕ ਅਪਰਾਧ ਹੈ ਅਤੇ ਇਸ ਵਿੱਚ ਸ਼ਾਮਲ ਵਿਅਕਤੀ ਨੂੰ 14 ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

ਇਸੇ ਤਰ੍ਹਾਂ ਨਾਈਜੀਰੀਆ ਨੇ 2014 ਵਿੱਚ ਇੱਕ ਬਿੱਲ ਪਾਸ ਕੀਤਾ ਸੀ, ਜਿਸ ਵਿੱਚ ਸਮਲਿੰਗੀ ਸਬੰਧਾਂ ਲਈ 14 ਸਾਲ ਦੀ ਕੈਦ ਦੀ ਵਿਵਸਥਾ ਕੀਤੀ ਗਈ ਸੀ।

37 ਸਾਲਾ ਐਂਟਨੀ ਦਾ ਕਹਿਣਾ ਹੈ ਕਿ ਅਸਲ ਵਿੱਚ ਉਸ ਨੂੰ ਆਪਣੇ ਦੇਸ਼ ਵਿੱਚ ਜੇਲ੍ਹ ਦੀ ਧਮਕੀ ਦਿੱਤੀ ਗਈ ਸੀ, ਜਿਸ ਕਾਰਨ ਉਸ ਨੂੰ ਦੇਸ਼ ਛੱਡਣ ਲਈ ਮਜਬੂਰ ਕੀਤਾ ਗਿਆ ਸੀ। ਉਸ ਨੇ ਦੱਸਿਆ ਕਿ ਉਸ ਦੇ ਪਰਿਵਾਰ ਨੇ ਉਸ ਨੂੰ ਵਿਆਹ ਲਈ ਵੇਚ ਦਿੱਤਾ ਸੀ ਪਰ ਉਸ ਦਾ ਪਤੀ ਵਾਰ-ਵਾਰ ਉਸ ਨਾਲ ਦੁਰਵਿਵਹਾਰ ਕਰਦਾ ਸੀ। ਇਸ ਕਾਰਨ ਉਸਨੇ ਪਤੀ ਨੂੰ ਛੱਡ ਦਿੱਤਾ। ਜਦੋਂ ਉਹ ਘਰ ਵਾਪਸ ਆਈ ਤਾਂ ਉਸਦੇ ਭਰਾ ਅਤੇ ਚਾਚੇ ਨੇ ਉਸਨੂੰ ਪੁਲਿਸ ਦੇ ਹਵਾਲੇ ਕਰਨ ਦੀ ਧਮਕੀ ਦਿੱਤੀ, ਕਿਉਂਕਿ ਉਹ ਸਮਲਿੰਗੀ ਸੀ।

ਡਰ ਅਤੇ ਅਲੱਗ-ਥਲੱਗਤਾ ਨੇ ਉਸ ਨੂੰ ਪਹਿਲਾਂ ਆਤਮ ਹੱਤਿਆ ਦੀ ਕੋਸ਼ਿਸ਼ ਕਰਨ ਲਈ ਮਜ਼ਬੂਰ ਕੀਤਾ ਅਤੇ ਫਿਰ ਉਸਨੇ ਯੂਰਪ ਜਾਣ ਲਈ ਇੱਕ ਤਸਕਰ ਦੀ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ।

ਲੀਬੀਆ ਪਹੁੰਚਣ ਤੋਂ ਬਾਅਦ, ਐਂਟੋਨੀ ਅਤੇ ਚਿਨੋਸੋ ਨੇ ਭੂਮੱਧ ਸਾਗਰ ਤੋਂ ਪਾਰ ਇਟਲੀ ਲਈ ਇੱਕ ਜੋਖਮ ਭਰੀ ਕਿਸ਼ਤੀ ਯਾਤਰਾ ਲਈ ਤਸਕਰਾਂ ਨੂੰ ਭੁਗਤਾਨ ਕੀਤਾ, ਜਿੱਥੇ ਉਨ੍ਹਾਂ ਦੋਵਾਂ ਨੇ ਐਲਜੀਬੀਟੀ+ ਲੋਕਾਂ ਦੇ ਇੱਕ ਸਮੂਹ ਦੇ ਮੈਂਬਰਾਂ ਵਜੋਂ ਸ਼ਰਨ ਲਈ ਅਰਜ਼ੀ ਦਿੱਤੀ।

ਸ਼ਰਨਾਰਥੀ ਨਿਯਮਾਂ ਦੇ ਅਨੁਸਾਰ, ਸ਼ਰਨ ਲਈ ਬਿਨੈਕਾਰਾਂ ਨੂੰ 'ਕਿਸੇ ਖਾਸ ਸਮਾਜਿਕ ਸਮੂਹ ਦਾ ਮੈਂਬਰ' ਹੋਣ ਦੇ ਆਧਾਰ 'ਤੇ ਅੰਤਰਰਾਸ਼ਟਰੀ ਸੁਰੱਖਿਆ ਦਿੱਤੀ ਜਾ ਸਕਦੀ ਹੈ।

## ਕਮਲਜੀਤ ਸਿੰਘ ਜਗਤ ਸਟੂਡੀਓ ਵਾਲੇ ਨਹੀਂ ਰਹੇ

ਸੈਕਰਾਮੈਂਟੋ/ ਹੁਸਨ ਲੜੋਆ ਬੰਗਾ: ਕਰੀਬ 50 ਸਾਲ ਤੋਂ ਜਗਤ ਸਟੂਡੀਓ ਰਾਹੀਂ ਸੇਵਾਵਾਂ ਦੇ ਰਹੇ ਪਰਿਵਾਰ ਦੇ ਵੱਡੇ ਜੀਅ ਸ.ਕਮਲਜੀਤ ਸਿੰਘ 23 ਮਈ 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਹ ਜਗਤ ਸਟੂਡੀਓ ਅੱਪਰਾ ਤੇ ਬੰਗਿਆਂ ਦੇ ਮਾਲਕ ਸਨ ਤੇ ਜਿਨ੍ਹਾਂ ਦਾ ਸਥਾਨਕ ਲੋਕਾਂ ਵਿੱਚ ਬਹੁਤ ਸਤਿਕਾਰ ਸੀ। ਸ.ਕਮਲਜੀਤ ਸਿੰਘ ਅੱਜ ਕੱਲ੍ਹ ਅਮਰੀਕਾ/ ਨਿਊਯਾਰਕ ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਅਮਰੀਕਾ ਰਹਿੰਦੇ ਉਨ੍ਹਾਂ ਦੇ ਭਰਾ ਹਰਪਾਲ ਪਾਲੀ, ਜੋ ਅਮਰੀਕਾ 'ਚ ਵੀ ਜਗਤ ਸਟੂਡੀਓ ਦੇ ਮਾਲਕ ਹਨ,



ਨੇ ਦੱਸਿਆ ਕਿ ਭਾਵੇਂ ਉਹ ਨੁਮਾਰਦ ਬਿਮਾਰੀ ਤੋਂ ਪੀੜਤ ਸਨ ਪਰ ਠੀਕ ਹੋ ਗਏ ਸਨ ਤੇ ਫਿਰ ਅਚਾਨਕ ਚਲ ਵਸੇ। ਉਨ੍ਹਾਂ ਦੱਸਿਆ ਕਿ ਕਮਲਜੀਤ ਸਿੰਘ ਦਾ ਸਸਕਾਰ ਵੀਰਵਾਰ 6 ਜੂਨ 2024 ਨੂੰ 10 ਤੋਂ 12 ਵਜੇ ਤੱਕ ਫਿਊਨਰਲ ਹੋਮ 132 ਰੋਨਕੌਨਕੋਮਾ ਐਵੀਨਿਊ, ਲੇਕ ਰੋਨਕੌਨਕੋਮਾ, ਨਿਊਯਾਰਕ 11779 'ਤੇ ਹੋਵੇਗਾ ਅਤੇ ਉਸ ਤੋਂ ਬਾਅਦ ਗੁਰਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ, ਲੋਂਗ ਆਇਲੈਂਡ, 11 ਸਾਉਥ ਬਰੋਡਵੇ, ਹਿੱਕਸਵਿਲ ਨਿਊਯਾਰਕ 11801 ਵਿਖੇ ਅੰਤਿਮ ਅਰਦਾਸ 1 ਤੋਂ 3 ਵਜੇ ਤੱਕ ਹੋਵੇਗੀ। ਉਨ੍ਹਾਂ ਨਾਲ ਅਫਸੋਸ ਕਰਨ ਲਈ ਫੋਨ +18179959230 ਵਟਸਐਪ +919814023521 'ਤੇ ਸੰਪਰਕ ਕਰ ਸਕਦੇ ਹੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

5 ਜੂਨ ਤੋਂ 11 ਜੂਨ, 2024

## ਨੇਤਾ ਜਿੱਤ ਗਏ, ਤੇ ਆਮ ਲੋਕ ਮੁੜ ਹਾਰ ਗਏ

ਭਾਰਤ ਵਿੱਚ 18ਵੀਂ ਲੋਕ ਸਭਾ ਲਈ ਪਈਆਂ ਵੋਟਾਂ ਦੇ ਨਤੀਜੇ ਆ ਗਏ ਹਨ, ਜਿਸ ਤੋਂ ਨਵੀਂ ਸਰਕਾਰ ਦੇ ਗਠਨ ਦਾ ਰਾਹ ਪੱਧਰਾ ਹੋ ਗਿਆ ਹੈ, ਪਰ ਜੇ ਇਹਨਾਂ ਨਤੀਜਿਆਂ ਨੂੰ ਧਿਆਨ ਨਾਲ ਵੇਖਿਆ ਜਾਵੇ ਤਾਂ ਇਹਨਾਂ ਚੋਣਾਂ ਵਿੱਚ ਨੇਤਾ ਤਾਂ ਜਿੱਤ ਗਏ ਹਨ ਅਤੇ ਆਮ ਲੋਕ ਮੁੜ ਹਾਰ ਗਏ ਹਨ। ਵੋਟਾਂ ਵੇਲੇ ਜਿਹੜੇ ਉਮੀਦਵਾਰ ਅਤੇ ਸਿਆਸੀ ਆਗੂ ਆਮ ਲੋਕਾਂ ਦੇ ਅੱਗੇ ਹੱਥ ਜੋੜ ਕੇ ਬੇਨਤੀਆਂ ਕਰਦੇ ਨਹੀਂ ਸੀ ਥੱਕਦੇ, ਉਹ ਹੁਣੇ ਤੋਂ ਗਾਇਬ ਹੋਣੇ ਸ਼ੁਰੂ ਹੋ ਗਏ ਹਨ। ਹੁਣ ਸਭ ਤੋਂ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹਨਾਂ ਚੋਣਾਂ ਵਿੱਚ ਨੇਤਾਵਾਂ ਦੇ ਜਿੱਤਣ ਤੋਂ ਬਾਅਦ ਆਮ ਲੋਕਾਂ ਦਾ ਕਿੰਨਾ ਕੁ ਭਲਾ ਹੋਵੇਗਾ ?

ਚੋਣ ਨਤੀਜੇ ਆਉਣ ਤੋਂ ਪਹਿਲਾਂ ਹੀ ਭਾਰਤ ਵਿੱਚ ਦੁੱਧ ਕੰਪਨੀਆਂ ਵੱਲੋਂ ਆਪੋ ਆਪਣੇ ਦੁੱਧ ਦੇ ਪੈਕਿਟਾਂ ਦੇ ਰੇਟ ਵਧਾ ਦਿੱਤੇ ਗਏ। ਇਸ ਤੋਂ ਇਲਾਵਾ ਦਿੱਲੀ- ਜਲੰਧਰ ਸੜਕ ਮਾਰਗ ’ਤੇ ਵਾਹਨ ਚਲਾਉਣ ਵਾਲਿਆਂ ਦਾ ਸਫਰ ਹੋਰ ਮਹਿੰਗਾ ਹੋ ਗਿਆ ਕਿਉਂਕਿ ਇਸ ਮਾਰਗ ’ਤੇ ਪੈਂਦੇ ਟੋਲ ਪਲਾਜਿਆਂ ਵੱਲੋਂ ਵਾਹਨਾਂ ਤੋਂ ਲਏ ਜਾਂਦੇ ਟੋਲ ਟੈਕਸ ਦੇ ਰੇਟ ਵਧਾ ਦਿੱਤੇ ਗਏ। ਇਸ ਤੋਂ ਇਲਾਵਾ ਹੋਰ ਜ਼ਰੂਰੀ ਵਸਤੂਆਂ ਦੇ ਭਾਅ ਵੀ ਇੱਕ ਦਮ ਚੜ੍ਹ ਗਏ, ਜਿਸ ਕਾਰਨ ਆਮ ਲੋਕਾਂ ਦੀ ਰਸੋਈ ਦਾ ਬਜਟ ਚੋਣ ਨਤੀਜੇ ਆਉਣ ਤੋਂ ਪਹਿਲਾਂ ਹੀ ਗੜਬੜਾ ਗਿਆ, ਜਿਸ ਕਰਕੇ ਨਵੀਂ ਸਰਕਾਰ ਦੇ ਗਠਨ ਤੋਂ ਪਹਿਲਾਂ ਹੀ ਭਾਰਤੀਆਂ ’ਤੇ ਮਹਿੰਗਾਈ ਦਾ ਬੋਝ ਪੈਣਾ ਸ਼ੁਰੂ ਹੋ ਗਿਆ ਸੀ। ਇਸ ਤੋਂ ਪਤਾ ਚਲ ਜਾਂਦਾ ਹੈ ਕਿ ਇਹਨਾਂ ਆਮ ਚੋਣਾਂ ਦਾ ਭਾਰਤ ਦੇ ਆਮ ਲੋਕਾਂ ਨੂੰ ਕਿੰਨਾ ਕੁ ਫਾਇਦਾ ਹੋ ਰਿਹਾ ਹੈ।

ਚੋਣ ਨਤੀਜਿਆਂ ਤੋਂ ਬਾਅਦ ਹੁਣ ਸਪਸ਼ਟ ਹੋ ਗਿਆ ਹੈ ਕਿ ਭਾਰਤ ਵਿੱਚ ਤੀਜੀ ਵਾਰ ਮੋਦੀ ਸਰਕਾਰ ਬਣਨ ਜਾ ਰਹੀ ਹੈ ਪਰ ਭਾਜਪਾ ਦਾ 400 ਪਾਰ ਸੀਟਾਂ ਦਾ ਸੁਪਨਾ ਪੂਰਾ ਨਹੀਂ ਹੋਇਆ ਅਤੇ ਪੂਰਨ ਬਹੁਮਤ ਵੀ ਨਹੀਂ ਮਿਲਿਆ, ਜਿਸ ਕਰਕੇ ਭਾਜਪਾ ਆਪਣੀਆਂ ਸਹਿਯੋਗੀ ਪਾਰਟੀਆਂ ਦੇ ਸਹਾਰੇ ਹੀ ਸਰਕਾਰ ਬਣਾਉਣ ਵਿੱਚ ਕਾਮਯਾਬ ਹੋਈ ਹੈ। ਭਾਜਪਾ ਨੂੰ ਪੂਰਨ ਬਹੁਮਤ ਨਾ ਮਿਲਣ ਦੇ ਬਹੁਤ ਕਾਰਨ ਹਨ। ਪਿਛਲੀ ਮੋਦੀ ਸਰਕਾਰ ਵੱਲੋਂ ਪਿਛਲੀਆਂ ਚੋਣਾਂ ਸਮੇਂ ਜੋ ਵਾਅਦੇ ਭਾਰਤ ਦੇ ਵੋਟਰਾਂ ਨਾਲ ਕੀਤੇ ਗਏ ਸਨ, ਉਹਨਾਂ ਵਿਚੋਂ ਵੱਡੀ ਗਿਣਤੀ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਇਹਨਾਂ ਚੋਣ ਵਾਅਦਿਆਂ ਨੂੰ ਪ੍ਰਧਾਨ ਮੰਤਰੀ ਮੋਦੀ ਵੱਲੋਂ ਵੀ ‘ਚੋਣ ਜੁਮਲੇ’ ਕਿਹਾ ਗਿਆ। ਪਿਛਲੀ ਮੋਦੀ ਸਰਕਾਰ ਦੀ ਕਾਰਗੁਜਾਰੀ ਤੋਂ ਆਮ ਲੋਕ ਕੁਝ ਹੱਦ ਤੱਕ ਨਾਰਾਜ਼ ਹੁੰਦੇ ਗਏ, ਜਿਸ ਕਰਕੇ ਪੂਰੇ ਦੇਸ਼ ਵਿੱਚ ਮੋਦੀ ਲਹਿਰ ਦਿਖਾਈ ਨਹੀਂ ਦਿਤੀ ਪਰ ਦੂਜੇ ਪਾਸੇ ਮੋਦੀ ਸਰਕਾਰ ਖ਼ਿਲਾਫ਼ ਵੋਟਰਾਂ ਵਿੱਚ ਵੱਡੀ ਬੇਰੁਖ਼ੀ ਵੀ ਦਿਖਾਈ ਨਹੀਂ ਦਿੱਤੀ, ਜਿਸ ਕਾਰਨ ਹੀ ਭਾਜਪਾ ਅਤੇ ਉਸਦੀਆਂ ਸਹਿਯੋਗੀ ਪਾਰਟੀਆਂ ਭਾਰਤ ਵਿੱਚ ਤੀਜੀ ਵਾਰ ਮੋਦੀ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈਆਂ ਹਨ।

ਭਾਰਤ ਵਿੱਚ ਨਵੀਂ ਮੋਦੀ ਸਰਕਾਰ ਅੱਗੇ ਮਹਿੰਗਾਈ ਹੀ ਸਭ ਤੋਂ ਵੱਡੀ ਚੁਣੌਤੀ ਬਣ ਕੇ ਖੜੀ ਹੋਵੇਗੀ। ਭਾਜਪਾ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਪਿਛਲੀ ਮੋਦੀ ਸਰਕਾਰ ’ਤੇ ਅਕਸਰ ਦੋਸ਼ ਲਗਾਇਆ ਜਾਂਦਾ ਹੈ ਕਿ ਉਸ ਦੇ ਕਾਰਜਕਾਲ ਵਿੱਚ ਮਹਿੰਗਾਈ ਛੜੱਪੇ ਮਾਰ ਕੇ ਵਧੀ ਅਤੇ ਸਰਕਾਰ ਮਹਿੰਗਾਈ ਨੂੰ ਕਾਬੂ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਹੋ ਗਈ। ਮਹਿੰਗਾਈ ਤੋਂ ਇਲਾਵਾ ਬੇਰੁਜ਼ਗਾਰੀ ਵੀ ਨਵੀਂ ਸਰਕਾਰ ਅੱਗੇ ਵੱਡੀ ਚੁਣੌਤੀ ਹੋਵੇਗੀ ਅਤੇ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਨਵੀਂ ਸਰਕਾਰ ਭਾਰਤ ਵਿੱਚ ਵਿਹਲੇ ਫਿਰਦੇ ਲੱਖਾਂ ਬੇਰੁਜਗਾਰਾਂ ਦੀ ਸਮੱਸਿਆ ਨੂੰ ਕਿਵੇਂ ਹੱਲ ਕਰਦੀ ਹੈ। ਇਸ ਤੋਂ ਇਲਾਵਾ ਖੇਤਰੀਵਾਦ, ਭਾਸ਼ਾਵਾਦ, ਧਰਮ ਆਧਾਰਿਤ ਦੰਗੇ, ਨਸ਼ਾ, ਭ੍ਰਿਸ਼ਟਾਚਾਰ, ਨਵੀਂ ਜਨਗਣਨਾ, ਕਾਲਾ ਧਨ, ਆਰਥਿਕ ਮੰਦੀ, ਖ਼ੂਨ ਪੀਣੀਆਂ ਸੜਕਾਂ, ਭਾਰਤੀ ਨੌਜਵਾਨਾਂ ਦਾ ਵਿਦੇਸ਼ਾਂ ਨੂੰ ਪਰਵਾਸ, ਪ੍ਰਦੂਸ਼ਣ, ਮਹਿਲਾ ਸੁਰੱਖਿਆ ਕਾਨੂੰਨ ਵਰਗੀਆਂ ਅਨੇਕਾਂ ਹੋਰ ਚੁਣੌਤੀਆਂ ਨਵੀਂ ਸਰਕਾਰ ਅੱਗੇ ਖੜੀਆਂ ਹੋਣਗੀਆਂ। ਪਿਛਲੀ ਸਰਕਾਰ ਸਮੇਂ ਆਰਥਿਕ ਮੰਦੀ ਪੂਰੀ ਦੁਨੀਆਂ ਵਿੱਚ ਛਾ ਗਈ ਸੀ, ਜਿਸ ਕਾਰਨ ਅਮਰੀਕਾ ਵਰਗੇ ਮੁਲਕਾਂ ਦੀਆਂ ਵੀ ਮਜ਼ਬੂਤ ਆਰਥਿਕ ਵਿਵਸਥਾਵਾਂ ਵੀ ਘਾਟੇ ਵਿੱਚ ਆ ਗਈਆਂ ਸਨ, ਜਿਸ ਦਾ ਅਸਰ ਸਾਰੀ ਦੁਨੀਆਂ ਦੀ ਅਰਥ ਵਿਵਸਥਾ ਉੱਪਰ ਪਿਆ ਸੀ। ਹੁਣ ਵੀ ਵਿਸ਼ਵ ਵਿੱਚ ਆਰਥਿਕ ਮੰਦੀ ਵਰਗੇ ਹੀ ਹਾਲਾਤ ਹਨ। ਇਸ ਕਰਕੇ ਹੁਣ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਨਵੀਂ ਸਰਕਾਰ ਆਰਥਿਕ ਮੰਦੀ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਿਸ ਤਰਾਂ ਕਰੇਗੀ ?ਨਵੀਂ ਮੋਦੀ ਸਰਕਾਰ ਅੱਗੇ ਸਭ ਤੋਂ ਵੱਡੀ ਚੁਣੌਤੀ 2021 ਦੀ ਜਨਗਣਨਾ ਦੀ ਵੀ ਹੋਵੇਗੀ ਜੋ ਕੋਵਿਡ ਕਾਰਨ ਵਾਰ-ਵਾਰ ਮੁਲਤਵੀ ਕੀਤੀ ਗਈ ਹੈ।ਕੁਝ ਵਰਗਾਂ ਨੂੰ ਡਰ ਹੈ ਕਿ ਜਨਗਣਨਾ ਦੀ ਵਰਤੋਂ ਸੰਸਦੀ ਹੱਦਬੰਦੀ ਲਈ ਕੀਤੀ ਜਾਵੇਗੀ ਅਤੇ ਭਵਿੱਖ ਵਿੱਚ ਇਸ ਨੂੰ ਰਾਸ਼ਟਰੀ ਨਾਗਰਿਕ ਰਜਿਸਟਰ (ਐਨ.ਆਰ.ਸੀ.) ਨਾਲ ਜੋੜਿਆ ਜਾਵੇਗਾ। ਇਸ ਨਾਲ ਭਵਿੱਖ ਵਿੱਚ ਲੋਕ ਸਭਾ ਸੀਟਾਂ ਅਤੇ ਟੈਕਸ ਹਿੱਸੇਦਾਰੀ ਨੂੰ ਲੈ ਕੇ ਉੱਤਰ-ਦੱਖਣੀ ਤਣਾਅ ਵਧ ਸਕਦਾ ਹੈ। ਇਸ ਤੋਂ ਬਾਅਦ ਮਹਿਲਾ ਰਿਜ਼ਰਵੇਸ਼ਨ ਬਿੱਲ ਦੀ ਵਾਰੀ ਆਉਂਦੀ ਹੈ। ਇਸ ਨੂੰ ਲਾਗੂ ਕਰਨ ਲਈ ਲੋਕ ਸਭਾ ਸੀਟਾਂ ਦੀ ਗਿਣਤੀ ਵਧਾਉਣੀ ਜ਼ਰੂਰੀ ਹੋਵੇਗੀ।

ਅਗਲੀ ਜਨਗਣਨਾ ਸਿਆਸੀ ਤੌਰ ’ਤੇ ਵਿਸਫੋਟਕ ਹੋਵੇਗੀ ਅਤੇ ਇਸ ਨੂੰ ਧਿਆਨ ਨਾਲ ਸੰਭਾਲਣਾ ਹੋਵੇਗਾ।ਇਸ ਨੂੰ ਲਾਗੂ ਕਰਨ ਅਤੇ ਵਿਆਪਕ ਪ੍ਰਭਾਵ ਦੋਨਾਂ ਪੱਖੋਂ ਸਾਵਧਾਨ ਰਹਿਣਾ ਚਾਹੀਦਾ ਹੈ। ਇਸ ਦਾ ਮਤਲਬ ਹੈ ਕਿ ਘੱਟੋ-ਘੱਟ ਸਰਕਾਰ ਨੂੰ ਪਹਿਲਾਂ ਇਹ ਐਲਾਨ ਕਰਨਾ ਹੋਵੇਗਾ ਕਿ ਇਸ ਦੇ ਨਤੀਜਿਆਂ ਦੀ ਵਰਤੋਂ ਐਨ.ਆਰ.ਸੀ. ਨੂੰ ਲਾਗੂ ਕਰਨ ਲਈ ਨਹੀਂ ਕੀਤੀ ਜਾਵੇਗੀ।ਪਰ ਜੇਕਰ ਘੱਟ-ਗਿਣਤੀਆਂ ਨੂੰ ਇਸ ਗੱਲ ਦਾ ਯਕੀਨ ਹੈ ਤਾਂ ਜਨਗਣਨਾ ਦੇ ਨਤੀਜੇ ਹੀ ਤੈਅ ਕਰਨਗੇ ਕਿ ਕਿਸ ਰਾਜ ਵਿੱਚ ਲੋਕ ਸਭਾ ਦੀਆਂ ਕਿੰਨੀਆਂ ਸੀਟਾਂ ਹੋਣਗੀਆਂ। ਜੇਕਰ ਭਾਰੀ ਆਬਾਦੀ ਵਾਲੇ ਹਿੰਦੀ ਬੋਲਣ ਵਾਲੇ ਖੇਤਰਾਂ ਵਿੱਚ ਸੀਟਾਂ ਵਿੱਚ ਉਚਿਤ ਵਾਧਾ ਨਾ ਕੀਤਾ ਜਾਵੇ ਤਾਂ ਇਹ ਸਹੀ ਨਹੀਂ ਹੋਵੇਗਾ। ਦੂਜੇ ਪਾਸੇ ਜੇਕਰ ਮੌਜੂਦਾ ਪੱਧਰ ’ਤੇ ਲੋਕ ਸਭਾ ਸੀਟਾਂ ਦੀ ਗਿਣਤੀ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਇਸ ਲਈ ਵੀ ਸਿਆਸੀ ਲੜਾਈ ਲੜਨੀ ਪਵੇਗੀ।

ਭਾਰਤ ਵਿੱਚ ਲੋਕਤੰਤਰੀ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ, ਜਿਸ ਤਹਿਤ ਭਾਰਤ ਵਿੱਚ ਲੋਕਾਂ ਦੀ, ਲੋਕਾਂ ਦੇ ਲਈ ਅਤੇ ਲੋਕਾਂ ਵੱਲੋਂ ਹੀ ਸਰਕਾਰ ਹੁੰਦੀ ਹੈ, ਪਰ ਇਸ ਸਮੇਂ ਇਸ ਸਰਕਾਰ ਦਾ ਰੂਪ ਬਦਲਣ ਲੱਗ ਪਿਆ ਹੈ। ਇਹ ਸਰਕਾਰ ਲੋਕਾਂ ਦੀ ਤੇ ਲੋਕਾਂ ਦੇ ਲਈ ਤਾਂ ਹੁੰਦੀ ਹੈ ਪਰ ਲੋਕਾਂ ਵੱਲੋਂ ਨਹੀਂ ਹੁੰਦੀ। ਵਿਦਵਾਨ ਜੀ.ਬੀ.ਸ਼ਾਹ ਨੇ ਵੀ ਤਾਂ ਅਜਿਹਾ ਹੀ ਕਿਹਾ ਸੀ। ਇਸ ਕਰਕੇ ਸਰਕਾਰ ਅਤੇ ਆਮ ਲੋਕਾਂ ਵਿਚਾਲੇ ਜਿਹੜਾ ਵੱਡਾ ਅੰਤਰ ਹੈ, ਉਹ ਹਰ ਸਿਆਸੀ ਪਾਰਟੀ ਦੀ ਸਰਕਾਰ ਸਮੇਂ ਰਹਿਣਾ ਹੀ ਹੈ।

ਹੁਣ ਜੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਤੋਂ ਨਵੇਂ ਬਣੇ ਸੰਸਦ ਮੈਂਬਰਾਂ ਤੋਂ ਪੰਜਾਬੀ ਆਸ ਕਰਦੇ ਹਨ ਕਿ ਉਹ ਸੰਸਦ ਵਿੱਚ ਪੰਜਾਬ ਦੇ ਹੱਕਾਂ ਅਤੇ ਸਿੱਖ ਮੁੱਦਿਆਂ ਦੀ ਗੱਲ ਵੱਡੇ ਪੱਧਰ ’ਤੇ ਉਠਾਉਣਗੇ ਅਤੇ ਸਿੱਖਾਂ ਨਾਲ ਹੋ ਰਿਹਾ ਵਿਤਕਰਾ ਬੰਦ ਕਰਵਾਉਣ ਵਿੱਚ ਆਪਣਾ ਯੋਗਦਾਨ ਪਾਉਣਗੇ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਘੱਲੂਘਾਰਾ ਜੂਨ ’84 ਦਾ ਦੁਖਾਂਤ ਤੇ ਸਿੱਖ ਰਾਜਨੀਤੀ ਦੀ ਪੁਨਰ ਉਸਾਰੀ ਦਾ ਮਸਲਾ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ



ਸਿੱਖਾਂ ਦੇ ਇਤਿਹਾਸ ਵਿੱਚ ਘੱਲੂਘਾਰੇ ਪਹਿਲਾਂ ਵੀ ਵਾਪਰੇ ਹਨ ਪ੍ਰੰਤੂ ਜੂਨ ’84 ਦਾ ਖ਼ੂਨੀ ਘੱਲੂਘਾਰਾ ਪਿਛਲੇ ਵਾਪਰੇ ਘੱਲੂਘਾਰਿਆਂ ਨਾਲੋਂ ਕਿਤੇ ਵੱਧ ਭਿਆਨਕ ਅਤੇ ਦੁਖਾਂਤਕ ਇਸ ਲਈ ਸੀ, ਕਿਉਂਕਿ ਇਹ ਆਜ਼ਾਦ ਭਾਰਤ ਦੇ ਵਿੱਚ ਆਜ਼ਾਦੀ ਦੇ ਲਈ ਕੁਰਬਾਨੀ ਦੇਣ ਵਾਲੀ ਸਿੱਖ ਕੌਮ ਨਾਲ ਵਾਪਰਿਆ। ਇਸ ਭਿਅੰਕਰ ਘੱਲੂਘਾਰੇ ਦਾ ਸੰਤਾਪ ਖ਼ਾਲਸਾ ਪੰਥ ਹਾਲੇ ਵੀ ਭੋਗ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਭਾਜਪਾ, ਖੱਬੇ ਪੱਖੀ ਤੇ ਹੋਰ ਬਹੁਤ ਸਾਰੀਆਂ ਰਾਸ਼ਟਰਵਾਦੀ ਪਾਰਟੀਆਂ ਸਿੱਖ ਪੰਥ ਦੇ ਵਿਰੋਧ ਵਿੱਚ ਖੜੀਆਂ ਰਹੀਆਂ ਹਨ। ਭਗਵੇਂਵਾਦੀ ਜਥੇਬੰਦੀਆਂ ਇਸ ਸਾਕੇ ਦੀ ਖ਼ੁਸ਼ੀ ਮਨਾਉਂਦੇ ਹੋਏ ਲੱਡੂ ਵੰਡਦੀਆਂ ਰਹੀਆਂ ਤੇ ਹੁਣ ਵੀ ਇਸ ਦਿਹਾੜੇ ਦੌਰਾਨ ਸ਼ਿਵ ਸੈਨਾ ਵਰਗੀਆਂ ਫਿਰਕੂ ਜਥੇਬੰਦੀਆਂ ਸਿੱਖਾਂ ਦੇ ਜ਼ਖ਼ਮਾਂ ਉੱਪਰ ਲੂਣ ਭੂਕਦੀਆਂ ਹਨ। ਭਾਜਪਾ ਨੇਤਾ ਐਲ ਕੇ ਅਡਵਾਨੀ ਨੇ ਆਪਣੀ ਜੀਵਨ ਕਥਾ ‘ਮਾਈ ਕੰਟਰੀ ਮਾਈ ਲਾਈਫ’ ਵਿੱਚ ਲਿਖਿਆ ਹੈ ਕਿ ਉਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ’ਤੇ ਜ਼ੋਰ ਪਾ ਕੇ ਕਿਹਾ ਸੀ ਕਿ ਜਲਦੀ ਤੋਂ ਜਲਦੀ ਦਰਬਾਰ ਸਾਹਿਬ ’ਤੇ ਫ਼ੌਜੀ ਹਮਲਾ ਕੀਤਾ ਜਾਵੇ।

ਯਾਦ ਰਹੇ ਕਿ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲੇ ਦੀ ਵਿਉਂਤਬੰਦੀ ਬਹੁਤ ਵੱਡੀ ਪੱਧਰ ’ਤੇ ਕਈ ਮਹੀਨੇ ਪਹਿਲਾਂ ਤੋਂ ਹੀ ਹੋ ਚੁੱਕੀ ਸੀ। ਇੱਕ ਪਹਾੜੀ ਇਲਾਕੇ ਵਿੱਚ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ, ਇਸ ਉੱਪਰ ਫ਼ੌਜੀ ਅਪਰੇਸ਼ਨ ਕਰਨ ਦੀ ਸਾਜ਼ਿਸ਼ ਰਚੀ ਗਈ ਸੀ। ਬਰਤਾਨੀਆ ਸਰਕਾਰ ਤੋਂ ਵੀ ਇਸ ਮੰਤਵ ਲਈ ਸਲਾਹਕਾਰ ਮੰਗਵਾਏ ਗਏ ਸਨ ਜਿਨ੍ਹਾਂ ਨੇ ਖ਼ੁਫ਼ੀਆ ਤੌਰ ’ਤੇ ਦਰਬਾਰ ਸਾਹਿਬ ਜਾ ਕੇ ਪੂਰਾ ਸਰਵੇਖਣ ਕਰ ਕੇ, ਭਾਰਤ ਸਰਕਾਰ ਨੂੰ ਅਪਣੀ ਸਲਾਹ ਪੇਸ਼ ਕੀਤੀ ਸੀ। ਇਸ ਸੰਬੰਧੀ ਸਾਰੇ ਸਬੂਤ ਸਾਹਮਣੇ ਆ ਚੁੱਕੇ ਹਨ, ਪਰ ਉਨ੍ਹਾਂ ਦਾ ਅਜੇ ਵੀ ਅਧਿਐਨ ਕਰਨਾ ਬਾਕੀ ਹੈ। ਹੈਰਾਨੀ ਦਾ ਵਿਸ਼ਾ ਹੈ ਕਿ ਭਾਰਤ ਦੀ ਪ੍ਰਧਾਨ ਮੰਤਰੀ ਇੱਕ ਪਾਸੇ ਪੰਜਾਬ ਸਮੱਸਿਆ ਦੇ ਹੱਲ ਲਈ ਸ਼੍ਰੋਮਣੀ ਅਕਾਲੀ ਦਲ ਨਾਲ ਮੀਟਿੰਗਾਂ ਕਰ ਰਹੀ ਸੀ ਤੇ ਦੂਸਰੇ ਪਾਸੇ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਕਰ ਦਿੱਤਾ ਤੇ ਇਹੋ ਜਿਹੇ ਖਤਰਨਾਕ ਹਾਲਾਤ ਜਾਣ ਬੁੱਝ ਕੇ ਬਣਾਏ ਗਏ ਤਾਂ ਜੋ ਸਿੱਖ ਪੰਥ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਸਕੇ। ਆਈ ਕੇ ਗੁਜਰਾਲ ਨੇ ਮੀਡੀਆ ਵਿੱਚ ਸਾਫ ਦੱਸਿਆ ਸੀ ਕਿ ਪ੍ਰਧਾਨ ਮੰਤਰੀ ਦਾ ਅਕਾਲੀਆਂ ਨਾਲ ਸਮਝੌਤਾ ਕਰਨ ਦਾ ਕੋਈ ਇਰਾਦਾ ਹੀ ਨਹੀਂ ਸੀ। 2 ਜੂਨ 1984 ਨੂੰ ਜਦੋਂ ਕਿ ਦਰਬਾਰ ਸਾਹਿਬ ਨੂੰ ਚਾਰੇ ਪਾਸਿਉਂ ਫ਼ੌਜਾਂ ਨੇ ਘੇਰ ਲਿਆ ਸੀ ਅਤੇ ਫ਼ਾਇਰਿੰਗ ਸ਼ੁਰੂ ਹੋ ਚੁੱਕੀ ਸੀ, ਤਾਂ ਵੀ ਪ੍ਰਧਾਨ ਮੰਤਰੀ ਨੇ ਇੱਕ ਟੈਲੀਵਿਜ਼ਨ ਸੰਦੇਸ਼ ਦੁਆਰਾ ਅਕਾਲੀਆਂ ਨੂੰ ਗੱਲਬਾਤ ਦਾ ਸੱਦਾ ਦੇਣ ਦਾ ਨਾਟਕ ਰਚਿਆ ਤਾਂ ਜੋ ਦੁਨੀਆਂ ਨੂੰ ਗੁਮਰਾਹ ਕੀਤਾ ਜਾ ਸਕੇ। ਸਿੱਖਾਂ ਨਾਲ ਟਕਰਾਓ ਤੇ ਦਰਬਾਰ ਸਾਹਿਬ ਉੱਪਰ ਹਮਲੇ ਦਾ ਵਿਚਾਰ ਇੰਦਰਾ ਪਹਿਲਾਂ ਹੀ ਬਣਾ ਚੁੱਕੀ ਸੀ, ਕਿਉਂਕਿ ਇੰਦਰਾ ਵੱਲੋਂ ਲਗਾਈ ਐਮਰਜੈਂਸੀ ਦਾ ਵਿਰੋਧ ਸਿੱਖਾਂ ਨੇ ਵੱਡੇ ਪੱਧਰ ’ਤੇ ਕੀਤਾ ਸੀ। ਇਸੇ ਕਰਕੇ ਇੰਦਰਾ ਨੂੰ ਐਮਜਰੈਂਸੀ ਵਾਪਸ ਲੈਣ ਲਈ ਮਜ਼ਬੂਰ ਹੋਣਾ ਪਿਆ। ਇਸ ਹਾਰ ਨੂੰ ਇੰਦਰਾ ਬਰਦਾਸ਼ਤ ਨਹੀਂ ਕਰ ਸਕੀ, ਜਿਸ ਵਿਚੋਂ ਇਹ ਘੱਲੂਘਾਰਾ ਨਿਕਲਿਆ। ਇਸ ਘੱਲੂਘਾਰੇ ਦੇ ਜਨਮ ਦਾ ਇਹ ਵੀ ਕਾਰਨ ਸੀ ਕਿ ਇੰਦਰਾ ਹਿੰਦੂਤਵ ਦੀ ਰਚਨਾ ਕਰਕੇ ਤੇ ਸਿੱਖ ਕੌਮ ਨੂੰ ਅੱਤਵਾਦੀ ਐਲਾਨ ਕੇ ਫੌਜੀ ਅਪਰੇਸ਼ਨ ਕਰਕੇ ਆਪਣੀ ਸੱਤਾ ਕਾਇਮ ਰੱਖਣਾ ਚਾਹੁੰਦੀ ਸੀ। ਹਾਲਾਂਕਿ ਸੰਨ 1982 ਦੌਰਾਨ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਧਰਮ ਯੁੱਧ ਮੋਰਚਾ ਬਹੁਤ ਹੀ ਸ਼ਾਂਤਮਈ ਮੋਰਚਾ ਸੀ ਜਿਸ ਵਿੱਚ ਤਕਰੀਬਨ ਦੋ ਲੱਖ ਦੇ ਕਰੀਬ ਸਿੱਖ ਜੇਲ੍ਹਾਂ ਵਿੱਚ ਗਏ ਸਨ। ਪਰ ਇੰਦਰਾ ਗਾਂਧੀ ਨੇ ਇਸ ਨੂੰ ਅੱਤਵਾਦ ਨਾਲ ਜੋੜ ਕੇ ਇਹ ਫਿਰਕੂ ਖੇਡ ਖੇਡੀ। ਇੱਕ ਸਾਜ਼ਿਸ਼ ਤਹਿਤ ਅਧੀਨ ਦਰਬਾਰ ਸਾਹਿਬ ’ਤੇ ਹਮਲਾ ਕਰਨ ਲਈ ਗੁਰੂ ਅਰਜਨ ਦੇਵ ਦੀ ਸ਼ਹਾਦਤ ਵਾਲੇ 6 ਜੂਨ ਦਾ ਦਿਨ ਜਾਣ ਬੁਝ ਕੇ ਚੁਣਿਆ ਗਿਆ ਤਾਂ ਜੋ ਉੱਥੇ ਇਕੱਠੀਆਂ ਸੰਗਤਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਹਮਲੇ ਦੌਰਾਨ ਮਸ਼ੀਨ ਗੰਨਾਂ, ਹੈਲੀਕਾਪਟਰਾਂ, ਟੈਂਕਾਂ ਤੇ ਰਾਕਟਾਂ ਦੀ ਵਰਤੋਂ ਕੀਤੀ ਗਈ। ਅਕਾਲ ਤਖ਼ਤ ਢਹਿ ਢੇਰੀ ਕੀਤਾ ਗਿਆ। ਤਕਰੀਬਨ ਹਜ਼ਾਰਾਂ ਸੰਗਤਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਮੌਕੇ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਨਾਲ ਲੜਨ ਵਾਲਿਆਂ ਦੀ ਗਿਣਤੀ ਤਾਂ ਪੰਜਾਹ ਤੋਂ ਲੈ ਕੇ ਸੌ ਦੇ ਕਰੀਬ ਹੀ ਦਸੀ ਜਾਂਦੀ ਹੈ। ਪਰ ਸੁਆਲ ਇਹ ਹੈ ਕਿ ਏਨੀ ਕੁ ਗਿਣਤੀ ਨੂੰ ਗ੍ਰਿਫ਼ਤਾਰ ਕਰਨ ਦੇ ਲਈ ਏਨਾ ਵੱਡਾ ਫ਼ੌਜੀ ਅਪਰੇਸ਼ਨ ਕਿਉਂ ਕੀਤਾ ਗਿਆ ? ਸਿੱਖ ਰੈਫ਼ਰੈਂਸ ਲਾਇਬਰੇਰੀ ਨੂੰ ਸਾੜ ਕੇ ਸੁਆਹ ਕਰ ਦਿਤਾ ਗਿਆ। ਹੁਣ ਤੱਕ ਇਹ ਸਾਹਿਤਕ ਖਜ਼ਾਨਾ ਪੂਰਾ ਵਾਪਸ ਨਹੀਂ ਕੀਤਾ ਗਿਆ। ਦਰਬਾਰ ਸਾਹਿਬ ਦੇ ਨਾਲ ਪੰਜਾਬ ਵਿੱਚ 72 ਹੋਰ ਗੁਰਦੁਆਰਿਆਂ ਉੱਪਰ ਵੀ ਭਾਰਤੀ ਫ਼ੌਜ ਨੇ ਇੰਦਰਾ ਸਰਕਾਰ ਦੇ ਹੁਕਮ ਅਨੁਸਾਰ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ ਇਨ੍ਹਾਂ ਗੁਰਦੁਆਰਿਆਂ ਅੰਦਰ ਕੋਈ ਖਾੜਕੂ ਮੌਜੂਦ ਨਹੀਂ ਸੀ। ਪਰ ਉੱਥੇ ਵੀ ਸਿੱਖ ਸੰਗਤਾਂ ਨੂੰ ਜ਼ਲੀਲ ਕੀਤਾ ਗਿਆ ਤੇ ਫ਼ੌਜ ਵੱਲੋਂ ਤਸ਼ੱਦਦ ਢਾਹਿਆ ਗਿਆ। ਮਨੁੱਖੀ ਅਧਿਕਾਰਾਂ ਦਾ ਜੋ ਘਾਣ 84 ਤੋਂ ਬਾਅਦ ਪੰਜਾਬ ਵਿੱਚ ਹੋਇਆ, ਝੂਠੇ ਪੁਲਿਸ ਮੁਕਾਬਲੇ ਹੋਏ, ਲਾਵਾਰਸ ਲਾਸ਼ਾਂ ਦਾ ਕੇਸ ਮਨੁੱਖੀ ਅਧਿਕਾਰਾਂ ਦੇ ਨੇਤਾ ਜਸਵੰਤ ਸਿੰਘ ਖਾਲੜਾ ਨੇ ਲਿਆਂਦਾ ਉਸ ਦੀ ਮਿਸਾਲ ਸਾਰੇ ਭਾਰਤ ਵਿੱਚ ਨਹੀਂ ਮਿਲਦੀ। ਆਖਿਰ ਜਸਵੰਤ ਸਿੰਘ ਖਾਲੜਾ ਨੂੰ ਵੀ ਲਾਵਾਰਸ ਲਾਸ਼ ਬਣਾ ਦਿੱਤਾ ਗਿਆ। ਇਹ ਭਾਰਤੀ ਜਮਹੂਰੀਅਤ ਦਾ ਕਤਲ ਸੀ। ਅੱਜ ਤੱਕ ਸਿੱਖ ਕੌਮ ਇਸ ਘੱਲੂਘਾਰੇ ਕਾਰਨ ਬੇਗਾਨਗੀ ਦਾ ਅਹਿਸਾਸ ਕਰ ਰਹੀ ਹੈ।

ਵਰਣਨਯੋਗ ਹੈ ਕਿ ਪੰਜਾਬੀ ਸਾਹਿਤਕਾਰਾਂ ਨੇ ਇਸ ਘਟਨਾ ਦਾ ਯਥਾਰਥਕ ਪੱਖ ਆਪਣੀ ਲਿਖਤਾਂ ਵਿੱਚ ਕਦੇ ਵੀ ਪੇਸ਼ ਨਹੀਂ ਕੀਤਾ ਤੇ ਉਹ ਸਰਕਾਰੀ ਇਨਾਮਾਂ ਪਦਮ ਸ੍ਰੀ, ਪਦਮ ਵਿਭੂਸ਼ਨ ਵਰਗੇ ਪੁਰਸਕਾਰਾਂ ਦੀ ਝਾਕ ਵਿੱਚ ਆਪਣੀਆਂ ਜਮੀਰਾਂ ਵੇਚਦੇ ਰਹੇ। ਗ਼ੈਰਾਂ ਤੋਂ ਇਲਾਵਾ ਸਾਡੇ ਆਪਣੇ ਪੰਥਕ ਆਗੂਆਂ ਨੇ ਵੀ ਇਸ ਘੱਲੂਘਾਰੇ ਦੌਰਾਨ ਪੰਥ ਨਾਲ ਧੋਖਾ ਕੀਤਾ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਥ ਦੀ ਸੋਚ ਤੋਂ ਪਰੇ ਜਾ ਕੇ ਲੰਗੜਾ ਲੂਲਾ ਰਾਜੀਵ-ਲੌਂਗੋਵਾਲ ਸਮਝੌਤਾ ਕੀਤਾ। ਬਾਦਲ ਪਰਿਵਾਰ ਹੁਣ ਤੱਕ ਗੁਰੂ ਨਾਨਕ ਪੰਥ ਦੀ ਸੋਚ ਦੇ ਉਲਟ ਭੁਗਤਦੇ ਰਹੇ ਤੇ ਸੱਤਾ ਪ੍ਰਾਪਤੀ ਦੇ ਲਈ ਕੇਂਦਰ ਸਰਕਾਰ ਖਾਸ ਕਰਕੇ ਭਾਜਪਾ ਦੇ ਅਧੀਨ ਰਾਜਨੀਤੀ ਕਰਦੇ ਰਹੇ ਹਨ। ਨਿਰੰਕਾਰੀ ਕਾਂਡ, ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ, ਸੌਦਾ ਸਾਧ, ਦਰਿਆਈ ਪਾਣੀ , ਕਸ਼ਮੀਰ ਦੇ ਮਸਲੇ ਇਸ ਗੱਲ ਦੇ ਗਵਾਹ ਹਨ ਕਿ ਬਾਦਲ ਪਰਿਵਾਰ ਦੀ ਨਿਸ਼ਠਾ ਪੰਥ ਪ੍ਰਤੀ ਕਦਾਚਿਤ ਨਹੀਂ ਸੀ। ਸ਼੍ਰੋਮਣੀ ਅਕਾਲੀ ਦਲ ਦਾ ਵਾਰ ਵਾਰ ਚੋਣਾਂ ਹਾਰਨਾ ਸਿਆਸੀ ਤੌਰ ’ਤੇ ਭੋਗ ਪੈਣਾ ਅਤੇ ਰਾਜਾਂ ਦੀ ਖੁਦਮੁਖਤਿਆਰੀ ਢਾਂਚੇ ਤੋਂ ਪਰੇ ਹੱਟਣਾ ਪੰਥ ਲਈ ਇਕ ਹੋਰ ਵੱਡਾ ਦੁਖਾਂਤ ਹੈ। ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਹੋਂਦ ਨਾ ਉਭਰਨ ਦੇਣਾ ਬਾਦਲ ਦਲ ਦੀ ਸਿਧਾਂਤਹੀਣੀ ਸਿਆਸਤ ਦਾ ਹਿੱਸਾ ਸੀ ਤੇ ਹੈ। ਅਜੇ ਸਿੱਖ ਇਤਿਹਾਸਕਾਰਾਂ ਤੇ ਲੇਖਕਾਂ ਨੇ ਇਸ ਬਾਰੇ ਬਹੁਤ ਕੁਝ ਲਿਖਣਾ ਹੈ ਤੇ ਬਹੁਤ ਤੱਥ ਸਾਹਮਣੇ ਆਉਣੇ ਬਾਕੀ ਹਨ। ਦਰਬਾਰ ਸਾਹਿਬ, ਅੰਮ੍ਰਿਤਸਰ ਗੁਰੂ ਨਾਨਕ ਪੰਥ ਦੀ ਰੂਹ ਵਿੱਚ ਵਸਦਾ ਹੈ। ਇਸ ਦੇ ਸਾਹਮਣੇ ਝੂਲਦੇ ਦੋ ਨਿਸ਼ਾਨ ਸਿੱਖ ਗੁਰੂਆਂ ਦੀ ਮੀਰੀ-ਪੀਰੀ ਵਿਚਾਰਧਾਰਾ ਦੇ ਮੂੰਹ ਬੋਲਦੇ ਪ੍ਰਤੀਕ ਹਨ, ਜੋ ਖ਼ਾਲਸਾ ਪੰਥ ਨੂੰ ਆਪਣੀ ਪ੍ਰਭੂਸੱਤਾ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਹਨ ਪਰ ਇਨ੍ਹਾਂ ਨਿਸ਼ਾਨ ਸਾਹਿਬ ਦੇ ਬਸੰਤੀ ਤੋਂ ਭਗਵੇਂ ਕਰ ਦਿੱਤੇ ਜਾਣੇ ਸਿੱਖ ਕੌਮੀਅਤ ਦਾ ਭਗਵਾਂਕਰਨ ਵੱਲ ਪੁੱਟੇ ਕਦਮ ਹਨ। ਬਾਦਲ ਪਰਿਵਾਰ ਦੀ ਗੁਰੂ ਗ੍ਰੰਥ ਸਾਹਿਬ ਅੱਗੇ ਹਾਜ਼ਰੀ ਨਾ ਹੋ ਕੇ ਭਗਵੇਂਵਾਦ ਦੇ ਕੈਂਪ ਨਾਲ ਗੱਠਜੋੜ ਕਰਨਾ ਤੇ ਗੱਠਜੋੜ ਟੁਟਣ ਤੋਂ ਬਾਅਦ ਲੇਲੜੀਆਂ ਲੈਣਾ ਕਿ ਭਾਜਪਾ ਸਾਡੇ ਨਾਲ ਸਮਝੌਤਾ ਕਰ ਲਵੇ ਅਕਾਲੀ ਦਲ ਦੇ ਇਤਿਹਾਸ ਵਿੱਚ ਨਮੋਸ਼ੀਜਨਕ ਚੈਪਟਰ ਬਾਦਲਕਿਆ ਦਾ ਇਥੋਂ ਤਕ ਗੁਲਾਮੀ ਵਿਵਸਥਾ ਤਕ ਨਿਘਰਨਾ ਸਿੱਖ ਜਗਤ ਲਈ ਦੁਖਾਂਤ ਸਿਰਜਦਾ ਹੈ। ਕਾਰਨ ਹੈ ਕਿ ਬਾਦਲਕਿਆਂ ਨੇ ਸਿੱਖ ਰਾਜਨੀਤੀ ਦੇ ਸੋਮੇ ਤੇ ਸਾਡੇ ਪੁਰਖਿਆਂ ਦੀ ਕੁਰਬਾਨੀ ਨਾਲ ਉਸਰੇ ਸ੍ਰੋਮਣੀ ਅਕਾਲੀ ਦਲ ਦਾ ਸਰਵਨਾਸ਼ ਕਰ ਦਿੱਤਾ। ਦਰਬਾਰ ਸਾਹਿਬ ਵਿਖੇ ਗੋਲੀਆਂ ਦੇ ਨਿਸ਼ਾਨ ਮਿਟਾ ਦੇਣੇ ਇਸੇ ਦਿਸ਼ਾ ਵਲ ਕਦਮ ਸੀ ਕਿ ਸਿੱਖ ਇਹ ਸਾਕਾ ਭੁੱਲ ਜਾਣ। ਇਹੀ ਸਿੱਖ ਵਿਰੋਧੀ ਸਿਸਟਮ ਚਾਹੁੰਦਾ ਸੀ ਜੋ ਸਿੱਖ ਘਲੂਘਾਰਿਆ ਦਾ ਜ਼ਿੰਮੇਵਾਰ ਹੈ। ਪਰ ਸਿੱਖ ਸਿਧਾਂਤ, ਸਿੱਖ ਪਰੰਪਰਾ, ਸਿੱਖ ਫਿਲਾਸਫੀ ਤੇ ਸਿੱਖ ਇਤਿਹਾਸ ਲਗਾਤਾਰ ਸਿੱਖ ਜਗਤ ਦੀ ਅਗਵਾਈ ਕਰ ਰਹੇ ਹਨ, ਜਿਸ ਤਹਿਤ ਏਨਾ ਵੱਡਾ ਦੁਖਾਂਤ ਭੁੱਲ ਜਾਣਾ ਅਸੰਭਵ ਹੈ। ਏਨੀ ਗੱਲ ਜ਼ਰੂਰ ਹੈ ਕਿ ਸਿੱਖ ਆਪਣੀ ਸੰਗਤ ਰੂਪੀ ਜਮਹੂਰੀ ਜਮਾਤ ਨਹੀਂ ਸਿਰਜ ਸਕੇ ਤੇ ਨਾ ਹੀ ਇਸ ਤੋਂ ਬਾਅਦ ਗੁਰਮਤਿ ਪੱਖੀ ਰਾਜਨੀਤੀ ਵਲ ਵੱਧ ਸਕੇ ਹਨ, ਜਿਸ ਦੇ ਇਸ਼ਾਰੇ ਗੁਰੂ ਅਰਜਨ ਦੇਵ ਜੀ ਨੇ ਹਲੇਮੀ ਰਾਜ ਦੇ ਰੂਪ ਵਿੱਚ ਕੀਤੇ ਹਨ। ਜਾਤੀਵਾਦ, ਕਰਮਕਾਂਡ, ਸਿੱਖ ਸਿਧਾਂਤਾਂ ਦਾ ਬ੍ਰਾਹਮਣੀਕਰਨ ਤੇ ਸਿੱਖ ਸਿਧਾਂਤਾਂ ਨੂੰ ਤਿਲਾਂਜਲੀ ਹਲੇਮੀ ਰਾਜ ਦੇ ਸੰਕਲਪ ਵਿਚ ਵੱਡੀ ਰੁਕਾਵਟ ਹਨ। ਮੁਗਲ ਹਕੂਮਤ ਤੋਂ ਲੈ ਕੇ ਧਾੜਵੀ ਨਾਦਰ ਸ਼ਾਹ, ਅਬਦਾਲੀ ਅੰਗਰੇਜ਼ ਦਰਬਾਰ ਸਾਹਿਬ ਦੇ ਮਹੱਤਵ ਨੂੰ ਹਮੇਸ਼ਾ ਜਾਣਦੇ ਰਹੇ ਹਨ ।ਇਸੇ ਕਰਕੇ ਦਰਬਾਰ ਸਾਹਿਬ ’ਤੇ ਹਮਲੇ ਹੁੰਦੇ ਰਹੇ ਤੇ ਕਬਜ਼ੇ ਵੀ ਹੁੰਦੇ ਰਹੇ। ਅੰਗਰੇਜ਼ ਰਾਜ ਦੌਰਾਨ ਸਿੱਖੀ ਤੋਂ ਬੇਮੁੱਖ ਹੋਏ ਮਹੰਤਾਂ, ਪੁਜਾਰੀਆਂ ਦਾ ਦਰਬਾਰ ਸਾਹਿਬ ਤੇ ਗੁਰਧਾਮਾਂ ਉੱਪਰ ਕਬਜ਼ਾ ਕਰਵਾ ਦਿੱਤਾ ਗਿਆ ਤਾਂ ਜੋ ਆਜ਼ਾਦੀ ਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਗੁਰਧਾਮਾਂ ਰਾਹੀਂ ਨਾ ਹੋ ਸਕੇ। (ਬਾਕੀ ਸਫ਼ਾ 31 ’ਤੇ)

# ਪੰਜਾਬ ਨੇ ਰਾਸ਼ਟਰਵਾਦੀ ਧਾਰਾ ਦਾ ਹਿੱਸਾ ਬਨਣ ਦੀ ਥਾਂ ਆਪਣੀ ਵੱਖਰੀ ਵੋਟ ਕਰਨ ਦੀ ਪ੍ਰਥਾ ਨੂੰ ਕਾਇਮ ਰੱਖਿਆ

## ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਜੇਤੂ, ਆਪ ਨੂੰ ਤਿੰਨ ਸੀਟਾਂ, ਬਾਦਲ ਦਲ ਨੇ ਬਠਿੰਡਾ ਸੀਟ ਜਿੱਤੀ

## ਸੂਬੇ 'ਚ ਦੋ ਪੰਥਕ ਆਗੂਆਂ ਅੰਮ੍ਰਿਤਪਾਲ ਸਿੰਘ, ਸਰਬਜੀਤ ਸਿੰਘ ਨੂੰ ਮਿਲਿਆ ਵੱਡਾ ਹੁੰਗਾਰਾ


ਗੁਰਮੀਤ ਮੀਤ ਹੇਅਰ ਸੰਗਰੂਰ


ਚਰਨਜੀਤ ਚੰਨੀ ਜਲੰਧਰ


ਹਰਸਿਮਰਤ ਬਾਦਲ ਬਠਿੰਡਾ


ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ

ਜਲੰਧਰ/ਏ.ਟੀ.ਨਿਊਜ਼: ਲੋਕ ਸਭਾ ਚੋਣਾਂ ਪੰਜਾਬ ਦੇ ਨਤੀਜਿਆਂ ਨੇ ਜਿੱਥੇ ਮੁੱਖ ਮੰਤਰੀ ਦੇ ਮਿਸ਼ਨ 13-0 ਦੀ ਫੂਕ ਕੱਢ ਦਿੱਤੀ ਹੈ ਉੱਥੇ ਸੂਬੇ ਸਬੰਧੀ ਬਹੁਤੇ ਚੋਣ ਸਰਵੇਖਣਾਂ ਦੀ ਸੱਚਾਈ ਸਬੰਧੀ ਲੋਕਾਂ ਵਿਚਲੇ ਭਰਮ ਭੁਲੇਖੇ ਖ਼ਤਮ ਕਰ ਦਿੱਤੇ ਹਨ। ਪੰਜਾਬ ਵੱਲੋਂ ਦੇਸ਼ ਦੀ ਮੁੱਖ ਧਾਰਾ ਦਾ ਹਿੱਸਾ ਬਨਣ ਦੀ ਥਾਂ ਆਪਣੀ ਵੱਖਰੀ ਸੋਚ ਅਨੁਸਾਰ ਵੋਟ ਕਰਨ ਦੀ ਪ੍ਰਥਾ ਨੂੰ ਕਾਇਮ ਰੱਖਿਆ ਹੈ। ਪੰਜਾਬ ਦੀਆਂ 13 ਵਿੱਚੋਂ ਸੱਤ ਲੋਕ ਸਭਾ ਸੀਟਾਂ ਲੈ ਕੇ ਕਾਂਗਰਸ ਨੇ ਸਾਫ਼ ਤੌਰ 'ਤੇ ਪੰਜਾਬ ਦੀ ਰਾਜਨੀਤੀ ਵਿੱਚ ਆਪਣਾ ਦਬਦਬਾ ਕਾਇਮ ਰੱਖਿਆ ਹੈ ਅਤੇ 'ਆਪ' ਨੇ ਤਿੰਨ ਸੀਟਾਂ 'ਤੇ ਜਿੱਤ ਦਰਜ ਕਰ ਕੇ ਆਪਣੀ 2019 ਦੀ ਸਥਿਤੀ ਨੂੰ ਸੁਧਾਰਿਆ ਹੈ। ਹਾਲਾਂਕਿ ਕੁੱਲ ਮਿਲਾ ਕੇ ਇਨ੍ਹਾਂ ਨਤੀਜਿਆਂ ਵਿਚੋਂ ਕਈ ਹਿੱਸਿਆਂ ਵਿੱਚ ਵੰਡੇ ਪਰ ਜੀਵੰਤ ਲੋਕਤੰਤਰ ਦੀ ਝਲਕ ਦਿਸਦੀ ਹੈ।

ਉਂਝ, ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸੱਜੇ ਪੱਖੀ ਭਾਰਤੀ ਜਨਤਾ ਪਾਰਟੀ ਨੂੰ ਲਗਭਗ ਪਾਸੇ ਹੀ ਕਰ ਦਿੱਤਾ ਹੈ। ਅਕਾਲੀ ਦਲ ਨੂੰ ਹਰਸਿਮਰਤ ਕੌਰ ਬਾਦਲ ਦੇ ਰੂਪ ਵਿੱਚ ਸਿਰਫ਼ ਇੱਕ ਸੀਟ ਮਿਲੀ ਹੈ ਜਦੋਂਕਿ ਭਾਜਪਾ ਦੇ ਪੱਲੇ ਰਾਜ ਨੇ ਕੁਝ ਵੀ ਨਹੀਂ ਪਾਇਆ। ਇਸ ਦਾ ਵੱਡਾ ਕਾਰਨ ਪੰਜਾਬ ਵੱਲੋਂ ਨਿਰੰਤਰ ਆਰਥਿਕ ਤੇ ਖੇਤੀ ਸੰਕਟ ਦਾ ਸਾਹਮਣਾ ਕਰਨਾ ਹੋ ਸਕਦਾ ਹੈ।

ਲੇਕਿਨ ਚੋਣ ਨਤੀਜਿਆਂ ਨਾਲ ਸੂਬੇ ਵਿੱਚ 'ਆਪ' ਤੇ ਭਗਵੰਤ ਮਾਨ ਸਰਕਾਰ ਨੂੰ ਜੋ ਵੱਡਾ ਧੱਕਾ ਲੱਗਾ ਹੈ ਉਸ ਦੀ ਪੜਚੋਲ ਪਾਰਟੀ ਨੂੰ ਜ਼ਰੂਰ ਕਰਨੀ ਪਵੇਗੀ। ਲੇਕਿਨ ਅਕਾਲੀ ਦਲ ਦਾ ਵੋਟ ਪ੍ਰਤੀਸ਼ਤ ਜਿਵੇਂ ਭਾਜਪਾ ਤੋਂ ਵੀ ਘੱਟ ਰਹਿ ਗਿਆ ਹੈ ਉਸ ਨੂੰ ਲੈ ਕੇ ਕੀ ਅਕਾਲੀ ਦਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨਾਲ ਗਠਜੋੜ ਕਰ ਸਕੇਗਾ ? ਅਤੇ ਕੀ ਭਾਜਪਾ ਨੂੰ ਵੱਡਾ ਰੋਲ ਦੇ ਸਕੇਗਾ ? ਇਹ ਵੀ ਵੇਖਣ ਵਾਲੀ ਗੱਲ ਹੋਵੇਗੀ। ਸੂਬੇ ਵਿੱਚ ਦੋ ਪੰਥਕ ਆਗੂਆਂ ਨੂੰ ਵੋਟਰਾਂ ਵੱਲੋਂ ਮਿਲਿਆ ਵੱਡਾ ਹੁੰਗਾਰਾ ਵੀ ਅਕਾਲੀ ਦਲ ਲਈ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ, ਕਿਉਂਕਿ ਜੇਤੂ ਸਰਬਜੀਤ ਸਿੰਘ ਖ਼ਾਲਸਾ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਧੜੇ ਦਾ ਅਗਲਾ ਨਿਸ਼ਾਨਾ ਜ਼ਿਮਨੀ ਚੋਣਾਂ ਅਤੇ ਫਿਰ 2027 ਦੀਆਂ ਚੋਣਾਂ ਹਨ। ਕਾਂਗਰਸ ਦੇ ਵੀ ਦੋ ਵੱਡੇ ਆਗੂਆਂ ਸੁਖਜਿੰਦਰ ਸਿੰਘ ਰੰਧਾਵਾ ਤੇ ਰਾਜਾ ਵੜਿੰਗ ਦੇ ਕੇਂਦਰ ਵਿੱਚ ਜਾਣ ਨਾਲ ਹੁਣ ਸੂਬੇ ਵਿੱਚ ਕੁਝ ਤਬਦੀਲੀਆਂ ਆ ਸਕਦੀਆਂ ਹਨ।

ਦੂਜੇ ਪਾਸੇ ਅੰਮ੍ਰਿਤਪਾਲ ਸਿੰਘ (ਜੇਲ੍ਹ 'ਚ ਬੰਦ 'ਵਾਰਿਸ ਪੰਜਾਬ ਦੇ' ਸੰਗਠਨ ਦਾ ਮੁਖੀ) ਅਤੇ ਸਰਬਜੀਤ ਸਿੰਘ ਖਾਲਸਾ (ਇੰਦਰਾ ਗਾਂਧੀ ਨੂੰ ਸੋਧਾ ਲਾਉਣ ਵਾਲੇ ਭਾਈ ਬੇਅੰਤ ਸਿੰਘ ਦਾ ਪੁੱਤਰ) ਜੋ ਅਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੇ , ਨੂੰ ਸੰਸਦ ਵਿੱਚ ਭੇਜ ਕੇ ਪੰਜਾਬ ਨੇ ਉੱਪਰ ਬੈਠੀਆਂ ਹੰਕਾਰੀ ਤਾਕਤਾਂ ਨੂੰ ਤਕੜਾ ਸੁਨੇਹਾ ਦਿੱਤਾ ਹੈ ਕਿ ਇਹ ਆਪਣੀ ਭੋਇੰ ਦੇ ਪੁੱਤਰਾਂ ਨਾਲ ਧੱਕੇਸ਼ਾਹੀ ਬਿਲਕੁਲ ਸਹਿਣ ਨਹੀਂ ਕਰੇਗਾ ਜਿਨ੍ਹਾਂ ਵਿੱਚੋਂ ਕਈ ਅਨਿਆਂਪੂਰਨ ਢੰਗ ਨਾਲ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ ਅਤੇ ਇਹ ਵੀ ਕਿ 1984 ਦਾ ਸਿੱਖ ਕਤਲੇਆਮ ਉਦੋਂ ਤੱਕ ਧਿਆਨ ਖਿੱਚਦਾ ਰਹੇਗਾ ਜਦੋਂ ਤੱਕ ਸਿਖ ਕਤਲੇਆਮ ਨਵੰਬਰ '84 ਦੇ ਦੋਸ਼ੀਆਂ ਨੂੰ ਸਜ਼ਾ ਦੇ ਕੇ ਇਨਸਾਫ਼ ਨੂੰ ਅੰਜਾਮ ਤੱਕ ਨਹੀਂ ਪਹੁੰਚਾਇਆ ਜਾਂਦਾ। ਚੰਡੀਗੜ੍ਹ ਦੀ ਸੀਟ ਕਾਂਗਰਸ ਨੇ ਹਲਕੇ ਫ਼ਰਕ ਨਾਲ ਭਾਜਪਾ ਤੋਂ ਹਥਿਆ ਲਈ ਹੈ।

### ਚੋਣ ਨਤੀਜਿਆਂ ਦਾ ਵੇਰਵਾ

ਕੌਮੀ ਚੋਣ ਕਮਿਸ਼ਨ ਵੱਲੋਂ ਵੈੱਬਸਾਈਟ 'ਤੇ ਜਾਰੀ ਨਤੀਜਿਆਂ ਮੁਤਾਬਕ ਕਾਂਗਰਸ ਪਾਰਟੀ ਨੇ ਸੱਤ, ਆਮ ਆਦਮੀ ਪਾਰਟੀ ਨੇ ਤਿੰਨ, ਸ਼੍ਰੋਮਣੀ ਅਕਾਲੀ ਦਲ ਨੇ ਇਕ ਅਤੇ ਆਜ਼ਾਦ ਉਮੀਦਵਾਰਾਂ ਨੇ ਦੋ ਸੀਟਾਂ ਜਿੱਤੀਆਂ ਹਨ।

ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ 3,64,085 ਹਾਸਲ ਕਰ ਕੇ ਜੇਤੂ ਰਹੇ। ਮੀਤ ਹੇਅਰ ਨੇ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ ਸੀ। 2022 ਵਿੱਚ ਲੋਕ ਸਭਾ ਦੀ ਸੰਗਰੂਰ ਜ਼ਿਮਨੀ ਚੋਣ ਦੌਰਾਨ 2,53,154 ਵੋਟਾਂ ਨਾਲ ਜਿੱਤ ਹਾਸਲ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੂੰ ਇਸ ਵਾਰ 1,87,246 ਵੋਟਾਂ ਪਈਆਂ ਹਨ ਤੇ ਉਹ ਤੀਜੇ ਸਥਾਨ 'ਤੇ ਰਹੇ। ਭਾਜਪਾ ਉਮੀਦਵਾਰ ਅਰਵਿੰਦ ਖੰਨਾ ਨੂੰ 1,28,253 ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਨੂੰ 62,488 ਵੋਟਾਂ ਪਈਆਂ ।

ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸੀ ਉਮੀਦਵਾਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 1,75,993 ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ ਹਨ। ਉਨ੍ਹਾਂ ਨੂੰ 3,90,053 ਵੋਟਾਂ ਮਿਲੀਆਂ ਹਨ। ਦੂਜੇ ਨੰਬਰ 'ਤੇ ਰਹੇ ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਨੂੰ 2,14,060 ਵੋਟਾਂ ਮਿਲੀਆਂ ਹਨ। ਇੱਥੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ 2,08,889 ਵੋਟਾਂ ਹਾਸਲ ਕਰ ਕੇ ਤੀਜੇ ਸਥਾਨ 'ਤੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ 67,911 ਵੋਟਾਂ ਲੈ ਕੇ ਚੌਥੇ ਸਥਾਨ 'ਤੇ ਰਹੇ। ਬਸਪਾ ਉਮੀਦਵਾਰ ਬਲਵਿੰਦਰ ਕੁਮਾਰ ਨੂੰ 64,941 ਵੋਟਾਂ ਪਈਆਂ।

ਫਤਹਿਗੜ੍ਹ ਸਾਹਿਬ ਤੋਂ ਕਾਂਗਰਸੀ ਉਮਦਵਾਰ ਡਾ. ਅਮਰ ਸਿੰਘ ਨੇ ਕੁੱਲ 3,32,591 ਵੋਟਾਂ ਹਾਸਲ ਕਰਦਿਆਂ ਆਪ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਨੂੰ 34,202 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਜੀਪੀ ਨੇ 2,98,389 ਵੋਟਾਂ ਹਾਸਲ ਕੀਤੀਆਂ ਹਨ। ਇੱਥੇ ਭਾਜਪਾ ਉਮੀਦਵਾਰ ਗੇਜਾ ਰਾਮ ਵਾਲਮੀਕਿ ਨੂੰ 1,27,521 ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ 1,26,730 ਵੋਟਾਂ ਮਿਲੀਆਂ ।

ਲੋਕ ਸਭਾ ਸੀਟ ਪਟਿਆਲਾ ਕੈਪਟਨ ਅਮਰਿੰਦਰ ਸਿੰਘ ਦੇ ਹੱਥੋਂ ਨਿਕਲ ਗਈ ਹੈ। ਇਥੇ ਕਾਂਗਰਸ ਦੇ ਡਾ. ਧਰਮਵੀਰ ਗਾਂਧੀ ਨੇ ਵੱਡੀ ਜਿੱਤ ਹਾਸਲ ਕੀਤੀ ਹੈ। ਆਲਮ ਇਹ ਹੈ ਕਿ ਇਸ ਸੀਟ 'ਤੇ 1999, 2004, 2009 ਅਤੇ 2019 ਵਿੱਚ ਇਸ ਸੀਟ 'ਤੇ ਜਿੱਤ ਹਾਸਲ ਕਰਨ ਵਾਲੀ ਪਰਨੀਤ ਕੌਰ ਤੀਜੇ ਨੰਬਰ 'ਤੇ ਆ ਗਏ ਹਨ ਜਦਕਿ ਆਮ ਆਦਮੀ ਪਾਰਟੀ ਦੇ ਡਾ. ਬਲਬੀਰ ਸਿੰਘ ਦੂਜੇ ਨੰਬਰ 'ਤੇ ਰਹੇ ਹਨ। ਕਾਂਗਰਸ ਦੇ ਡਾ. ਧਰਮਵੀਰ ਗਾਂਧੀ ਨੂੰ 305616 ਵੋਟਾਂ, ਆਮ ਆਦਮੀ ਪਾਰਟੀ ਦੇ ਡਾਕਟਰ ਬਲਬੀਰ ਸਿੰਘ 290785, ਭਾਜਪਾ ਦੀ ਪਰਨੀਤ ਕੌਰ ਨੂੰ 288998 ਹਾਸਲ ਹੋਈਆਂ ਹਨ। ਇਸ ਤੋਂ ਇਲਾਵਾ ਅਕਾਲੀ ਦਲ ਦੇ ਐੱਨ. ਕੇ. ਸ਼ਰਮਾ 153978 ਨਾਲ ਚੌਥੇ ਨੰਬਰ ਰਹੇ ਹਨ, ਜਦਕਿ ਅਕਾਲੀ ਦਲ ਅੰਮ੍ਰਿਤਸਰ ਦੇ ਮੋਹਿੰਦਰ ਪਾਲ ਸਿੰਘ 47274 ਵੋਟਾਂ ਨਾਲ ਪੰਜਵੇਂ ਨੰਬਰ 'ਤੇ ਰਹੇ ਹਨ। ਡਾ. ਧਰਮਵੀਰ ਗਾਂਧੀ ਨੇ 14831 ਦੇ ਮਾਰਜਨ ਨਾਲ ਇਸ ਸੀਟ 'ਤੇ ਜਿੱਤ ਹਾਸਲ ਕੀਤੀ ਹੈ।

ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੇ 40,301 ਵੋਟਾਂ ਦੇ ਫਰਕ ਨਾਲ 'ਆਪ' ਉਮੀਦਵਾਰ ਅਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਹਰਾਇਆ ਹੈ। ਗੁਰਜੀਤ ਔਜਲਾ ਨੂੰ ਕੁੱਲ 2,55,181 ਵੋਟਾਂ ਅਤੇ ਕੁਲਦੀਪ ਧਾਲੀਵਾਲ ਨੂੰ 2,14,880 ਹਾਸਲ ਹੋਈਆਂ ਹਨ। ਇਸ ਦੌਰਾਨ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ 2,07,205 ਵੋਟਾਂ ਨਾਲ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ 1,62,896 ਵੋਟਾਂ ਨਾਲ ਚੌਥੇ ਸਥਾਨ 'ਤੇ ਰਹੇ। ਜ਼ਿਕਰਯੋਗ ਹੈ ਕਿ ਗੁਰਜੀਤ ਸਿੰਘ ਔਜਲਾ ਨੇ ਸਾਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਕੇਂਦਰੀ ਮੰਤਰੀ ਹਰਦੀਪ ਪੁਰੀ ਨੂੰ ਇੱਕ ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਔਜਲਾ ਅੰਮ੍ਰਿਤਸਰ ਤੋਂ ਤੀਜੀ ਵਾਰ ਸੰਸਦ ਮੈਂਬਰ ਬਣੇ ਹਨ।

ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਕਾਂਗਰਸੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੇ 2,66,626 ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ 'ਆਪ' ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਨੂੰ 3,242 ਵੋਟਾਂ ਦੇ ਫਰਕ ਨਾਲ ਹਰਾਇਆ। ਬਰਾੜ ਨੂੰ 2,63,384 ਵੋਟਾਂ ਮਿਲੀਆਂ ਹਨ। ਭਾਜਪਾ ਉਮੀਦਵਾਰ ਗੁਰਮੀਤ ਸਿੰਘ ਸੋਢੀ 2,55,097 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ 2,53,645 ਵੋਟਾਂ ਨਾਲ ਚੌਥੇ ਸਥਾਨ 'ਤੇ ਹਨ। ਸ਼ੇਰ ਸਿੰਘ ਘੁਬਾਇਆ ਨੇ ਸਾਲ 2009 ਤੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿੱਤ ਹਾਸਲ ਕੀਤੀ ਸੀ। ਮਾਰਚ 2019 ਵਿੱਚ ਘੁਬਾਇਆ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ।

ਸ਼੍ਰੋਮਣੀ ਅਕਾਲੀ ਦਲ ਲਈ ਵੱਕਾਰੀ ਸੀਟ ਲੋਕ ਸਭਾ ਹਲਕਾ ਬਠਿੰਡਾ ਤੋਂ ਇੱਕ ਵਾਰ ਫਿਰ ਹਰਸਿਮਰਤ ਕੌਰ ਬਾਦਲ ਨੇ ਜਿੱਤ ਹਾਸਲ ਕੀਤੀ ਹੈ। ਉਨ੍ਹਾਂ 3,76,558 ਵੋਟਾਂ ਹਾਸਲ ਕਰ ਕੇ 'ਆਪ' ਉਮੀਵਾਰ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਦੇ ਫਰਕ ਨਾਲ ਹਰਾਇਆ। ਗੁਰਮੀਤ ਸਿੰਘ ਖੁੱਡੀਆਂ ਨੂੰ 3,26,902 ਵੋਟਾਂ ਮਿਲੀਆਂ ਹਨ। ਬਠਿੰਡਾ ਸੀਟ ਤੋਂ ਕਾਂਗਰਸ ਦੇ ਜੀਤ ਮਹਿੰਦਰ ਸਿੰਘ ਸਿੱਧੂ, ਭਾਜਪਾ ਉਮੀਦਵਾਰ ਪਰਮਪਾਲ ਕੌਰ ਸਿੱਧੂ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਲੱਖਾ ਸਿਧਾਣਾ ਚੋਣ ਮੈਦਾਨ ਵਿੱਚ ਸਨ, ਜੋ ਕਿ ਕ੍ਰਮਵਾਰ ਤੀਜੇ, ਚੌਥੇ ਤੇ ਪੰਜਵੇਂ ਸਥਾਨ 'ਤੇ ਰਹੇ।

ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ 'ਆਪ' ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਨੇ 3,03,859 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ। ਚੱਬੇਵਾਲ ਨੇ 2,59,748 ਵੋਟਾਂ ਹਾਸਲ ਕਰਨ ਵਾਲੀ ਕਾਂਗਰਸੀ ਉਮੀਦਵਾਰ ਯਾਮਨੀ ਗੋਮਰ ਨੂੰ 44,111 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਹਲਕਾ ਹੁਸ਼ਿਆਰਪੁਰ ਵਿੱਚ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ 1,99,994 ਵੋਟਾਂ ਨਾਲ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ 91,789 ਵੋਟਾਂ ਨਾਲ ਚੌਥੇ ਸਥਾਨ 'ਤੇ ਰਹੇ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਡਾ. ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸ ਪਾਰਟੀ ਵੱਲੋਂ ਚੋਣ ਲੜਦਿਆਂ 47,375 ਵੋਟਾਂ ਹਾਸਲ ਕਰ ਕੇ ਜਿੱਤ ਪ੍ਰਾਪਤ ਕੀਤੀ ਸੀ। ਉਨ੍ਹਾਂ ਮਾਰਚ 2024 ਵਿੱਚ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਸੀ।

ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ 'ਆਪ' ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੇ 3,13,217 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ। ਦੂਜੇ ਨੰਬਰ 'ਤੇ ਰਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੇਇੰਦਰ ਸਿੰਗਲਾ ਨੇ 3,02,371 ਵੋਟਾਂ ਹਾਸਲ ਕੀਤੀਆਂ। ਇੱਥੇ ਭਾਜਪਾ ਉਮੀਵਾਰ ਡਾ. ਸੁਭਾਸ਼ ਸ਼ਰਮਾ 1,86,578 ਵੋਟਾਂ ਨਾਲ ਤੀਜੇ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਚੌਥੇ ਸਥਾਨ 'ਤੇ ਰਹੇ।

ਲੋਕ ਸਭਾ ਹਲਕਾ ਫਰੀਦਕੋਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਨੇ ਬਾਜ਼ੀ ਮਾਰੀ ਹੈ। ਉਨ੍ਹਾਂ 2,98,062 ਵੋਟਾਂ ਹਾਸਲ ਕਰਦਿਆਂ 'ਆਪ' ਉਮੀਦਵਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਜ਼ਦੀਕੀ ਕਰਮਜੀਤ ਸਿੰਘ ਅਨਮੋਲ ਨੂੰ 70,053 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਕਰਮਜੀਤ ਅਨਮੋਲ ਨੂੰ 2,26,676 ਵੋਟਾਂ ਮਿਲੀਆਂ। ਇੱਥੇ ਕਾਂਗਰਸ ਪਾਰਟੀ ਦੀ ਉਮੀਦਵਾਰ ਅਮਰਜੀਤ ਕੌਰ ਸਾਹੋਕੇ 1,60,357 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ। ਇਸ ਹਲਕੇ ਤੋਂ ਕਾਂਗਰਸ ਦੀ ਅਮਰਜੀਤ ਕੌਰ ਸਾਹੋਕੇ 1,59,352 ਵੋਟ ਪ੍ਰਾਪਤ ਕਰਕੇ ਤੀਜੇ ਸਥਾਨ 'ਤੇ ਰਹੇ । ਸ਼੍ਰੋਮਣੀ ਅਕਾਲੀ ਦਲ ਦੇ ਰਾਜਵਿੰਦਰ ਸਿੰਘ ਧਰਮਕੋਟ 1,37,776 ਵੋਟ ਅਤੇ ਭਾਜਪਾ ਦੇ ਹੰਸ ਰਾਜ ਹੰਸ ਨੇ 1,23,007 ਵੋਟਾਂ ਲਈਆਂ। ਜਿੱਤਣ ਉਪਰੰਤ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਨੇ ਹਲਕੇ ਦੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜਿੱਤ ਦਾ ਜਸ਼ਨ ਨਹੀਂ ਮਨਾਉਣਗੇ, (**ਬਾਕੀ ਸਫ਼ਾ 30 'ਤੇ**)

## ਜ਼ਿਮਨੀ ਚੋਣਾਂ ਹੋਣਗੀਆਂ

ਇਸ ਚੋਣ ਵਿੱਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਚੋਣ ਜਿੱਤਣ ਕਾਰਨ ਹੁਣ ਉਨ੍ਹਾਂ ਦਾ ਵਿਧਾਨ ਸਭਾ ਹਲਕਾ ਬਰਨਾਲਾ ਖਾਲੀ ਹੋ ਜਾਵੇਗਾ ਜਿਥੋਂ ਜ਼ਿਮਨੀ ਚੋਣ ਕਰਵਾਉਣੀ ਪਵੇਗੀ। ਇਸੇ ਤਰ੍ਹਾਂ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜੋ ਗਿੱਦੜਬਾਹਾ ਹਲਕੇ ਤੋਂ ਵਿਧਾਇਕ ਹਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਜੋ ਡੇਰਾ ਬਾਬਾ ਨਾਨਕ ਹਲਕੇ ਤੋਂ ਵਿਧਾਇਕ ਹਨ, ਜੋ ਜਿੱਤਣ ਨਾਲ ਉਨ੍ਹਾਂ ਦੇ ਹਲਕੇ ਖਾਲੀ ਹੋ ਜਾਣਗੇ। ਹੁਸ਼ਿਆਰਪੁਰ ਤੋਂ ਵਿਧਾਇਕ ਰਾਜ ਕੁਮਾਰ ਚੱਬੇਵਾਲ ਵੀ ਚੋਣ ਜਿੱਤ ਗਏ ਹਨ ਜਦੋਂ ਕਿ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਨੂੰ ਸਪੀਕਰ ਵਲੋਂ ਪਾਰਟੀ ਬਦਲਣ ਕਾਰਨ ਅਯੋਗ ਠਹਿਰਾ ਦਿੱਤਾ ਗਿਆ ਹੈ, ਕਮਿਸ਼ਨ ਵਲੋਂ ਹੁਣ ਛੇਤੀ ਹੀ ਇਨ੍ਹਾਂ ਹਲਕਿਆਂ ਵਿੱਚ ਵੀ ਦੁਬਾਰਾ ਚੋਣ ਕਰਵਾਉਣ ਦਾ ਫੈਸਲਾ ਲਿਆ ਜਾਵੇਗਾ।

## ਅਕਾਲੀ ਦਲ ਦੇ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ

ਲੋਕ ਸਭਾ ਚੋਣਾਂ ਦੇ ਨਤੀਜਿਆਂ ਅਨੁਸਾਰ ਪੰਜਾਬ ਦੀ ਸਭ ਤੋਂ ਪੁਰਾਣੀ ਪਾਰਟੀ ਨੂੰ ਇਸ ਵਾਰ ਵੱਡਾ ਝਟਕਾ ਲੱਗਾ ਹੈ। ਅਕਾਲੀ ਦਲ ਦੇ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ। ਤੁਹਾਨੂੰ ਦੱਸ ਦਈਏ ਕਿ ਖਡੂਰ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਅਨੰਦਪੁਰ ਸਾਹਿਬ, ਸੰਗਰੂਰ, ਜਲੰਧਰ, ਪਟਿਆਲਾ, ਲੁਧਿਆਣਾ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ ਤੋਂ ਅਕਾਲੀ ਦਲ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ। ਇਨ੍ਹਾਂ ਚੋਣਾਂ ਵਿੱਚ ਸਭ ਤੋਂ ਵੱਡਾ ਝਟਕਾ ਸ਼੍ਰੋਮਣੀ ਅਕਾਲੀ ਦਲ ਨੂੰ ਲੱਗਾ। ਹੁਣ ਅਕਾਲੀ ਦਲ ਬੀਜੇਪੀ ਨਾਲੋਂ ਵੀ ਛੋਟੀ ਪਾਰਟੀ ਬਣ ਗਿਆ ਹੈ। ਕਿਸੇ ਵੇਲੇ ਪੰਜਾਬ ਦੀ ਮੁੱਖ ਪਾਰਟੀ ਰਹੇ ਅਕਾਲੀ ਦਲ ਕੋਲ ਸਿਰਫ਼ 13.56 ਫੀਸਦੀ ਵੋਟ ਰਹਿ ਗਏ ਹਨ। ਦੂਜੇ ਪਾਸੇ ਬੀਜੇਪੀ ਕੋਲ ਹੁਣ ਪੰਜਾਬ ਵਿੱਚ 18.31 ਫੀਸਦੀ ਵੋਟ ਹਨ। ਇਸ ਤਰ੍ਹਾਂ ਅਕਾਲੀ ਦਲ ਦੇ ਹੱਥੋਂ ਪੰਥਕ ਵੋਟ ਖਿਸਕ ਗਈ ਹੈ। ਕਿਸੇ ਵੇਲੇ ਪੰਜਾਬ ਦੀ 40 ਫੀਸਦੀ ਵੋਟ ਉਪਰ ਕਾਬਜ਼ ਅਕਾਲੀ ਦਲ ਹੁਣ ਹਾਸ਼ੀਏ ਉੱਪਰ ਚਲਾ ਗਿਆ ਹੈ। ਦਰਅਸਲ ਪੰਜਾਬ ਵਿੱਚ ਲੰਮਾ ਸਮਾਂ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਹੀ ਮੁੱਖ ਧਿਰਾਂ ਰਹੀਆਂ ਹਨ। ਪਿਛਲੇ ਕੁਝ ਸਾਲਾਂ ਅੰਦਰ ਆਮ ਆਦਮੀ ਪਾਰਟੀ ਦੇ ਉਭਾਰ ਨਾਲ ਅਕਾਲੀ ਦਲ ਦਾ ਆਧਾਰ ਖੁਰਦਾ ਗਿਆ। ਬੇਸ਼ੱਕ ਆਮ ਆਦਮੀ ਪਾਰਟੀ ਨੇ ਕਾਂਗਰਸ ਦੇ ਵੋਟ ਨੂੰ ਵੀ ਸੰਨ੍ਹ ਲਾਈ ਹੈ ਪਰ ਜ਼ਿਆਦਾ ਨੁਕਸਾਨ ਅਕਾਲੀ ਦਲ ਦਾ ਹੀ ਹੋਇਆ ਹੈ। ਇਸ ਤੋਂ ਇਲਾਵਾ ਅਕਾਲੀ ਦਲ ਦੀ ਪੰਥਕ ਵੋਟ ਨਵੇਂ ਵਿਕਲਪ ਦੀ ਤਲਾਸ਼ ਵਿੱਚ ਹੈ। ਇਸ ਦੀ ਮਿਸਾਲ ਗਰਮਖਿਆਲੀ ਧਿਰਾਂ ਦੇ ਦੋ ਉਮੀਦਵਾਰਾਂ ਦੀ ਜਿੱਤ ਤੇ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਵੱਲੋਂ ਦਿੱਤੀ ਗਈ ਤਿੱਖੀ ਟੱਕਰ ਤੋਂ ਮਿਲਦੀ ਹੈ।

# ਭਾਰਤ ਬਨਾਮ ਮਕਬੂਜ਼ਾ ਕਸ਼ਮੀਰ

ਦਿਵਿਆ ਕੁਮਾਰ ਸੋਤੀ




ਪਾਕਿਸਤਾਨ 'ਚ ਬਲੋਚਿਸਤਾਨ ਤੇ ਪਸ਼ਤੂਨ ਇਲਾਕਿਆਂ ਵਿੱਚ ਤਾਂ ਸਾਲਾਂ ਤੋਂ ਬਗਾਵਤ ਦਾ ਦੌਰ ਚੱਲ ਰਿਹਾ ਸੀ, ਪਰ ਹੁਣ ਉਸ ਦੇ ਨਾਜਾਇਜ਼ ਕਬਜ਼ੇ ਵਾਲਾ ਮਕਬੂਜ਼ਾ ਜੰਮੂ-ਕਸ਼ਮੀਰ ਵੀ ਗੁੱਸੇ ਤੇ ਅਸੰਤੁਸ਼ਟੀ ਤੋਂ ਅਣਛੂਹਿਆ ਨਹੀਂ ਹੈ। ਮਕਬੂਜ਼ਾ ਜੰਮੂ-ਕਸ਼ਮੀਰ ਵਿੱਚ ਵਧਦੀ ਮਹਿੰਗਾਈ, ਬਿਜਲੀ-ਪਾਣੀ ਦੀ ਥੁੜ੍ਹ ਤੇ ਕੁਦਰਤੀ ਸਾਧਨਾਂ ਦੀ ਇਸਲਾਮਾਬਾਦ ਵੱਲੋਂ ਕੀਤੀ ਜਾ ਰਹੀ ਲੁੱਟ ਨੂੰ ਲੈ ਕੇ ਗੁੱਸਾ ਹੁਣ ਸਿਖਰ 'ਤੇ ਪੁੱਜ ਗਿਆ ਹੈ।

ਇਸੇ ਲੜੀ 'ਚ ਇੱਕ ਸਥਾਨਕ ਪ੍ਰਭਾਵਸ਼ਾਲੀ ਸਮਾਜਿਕ ਸੰਗਠਨ ਅਵਾਮੀ ਐਕਸ਼ਨ ਕਮੇਟੀ ਨੇ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਮਕਬੂਜ਼ਾ ਜੰਮੂ-ਕਸ਼ਮੀਰ ਦੀ ਰਾਜਧਾਨੀ ਮੁਜ਼ੱਫਰਾਬਾਦ ਵੱਲ ਕੂਚ ਕਰਨ ਦਾ ਐਲਾਨ ਕਰ ਦਿੱਤਾ। ਇਸ ਮਾਰਚ ਨੂੰ ਭਾਰੀ ਜਨ ਸਮਰਥਨ ਮਿਲਿਆ ਤੇ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਝੜਪਾਂ ਕਾਰਨ ਪਾਕਿਸਤਾਨ ਸਰਕਾਰ ਨੂੰ ਪਾਕਿ ਰੇਂਜਰਜ਼ ਤੇ ਫ਼ੌਜ ਨੂੰ ਵੀ ਸੜਕਾਂ 'ਤੇ ਉਤਾਰਨਾ ਪਿਆ। ਇਸ ਹਿੰਸਾ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਤੇ ਦਰਜਨਾਂ ਲੋਕ ਜ਼ਖ਼ਮੀ ਹੋਏ। ਇਨ੍ਹਾਂ ਵਿੱਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਮਾਮਲਾ ਏਨਾ ਵਿਗੜ ਗਿਆ ਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਦਖ਼ਲ ਦੇਣਾ ਪਿਆ ਤੇ ਪ੍ਰਦਰਸ਼ਨਕਾਰੀਆਂ ਦੀਆਂ ਜ਼ਿਆਦਾਤਰ ਮੰਗਾਂ ਮੰਨਣੀਆਂ ਪਈਆਂ, ਜਿਨ੍ਹਾਂ ਵਿੱਚ ਆਟੇ ਦੀ ਹਰੇਕ ਬੋਰੀ 'ਤੇ 2100 ਪਾਕਿਸਤਾਨੀ ਰੁਪਏ ਦੀ ਸਬਸਿਡੀ ਦੇਣ ਦਾ ਵਾਅਦਾ ਵੀ ਸ਼ਾਮਲ ਹੈ। ਕਿਉਂਕਿ ਅੰਤਰਰਾਸ਼ਟਰੀ ਪੱਧਰ 'ਤੇ ਇਸ ਵਿਰੋਧ-ਪ੍ਰਦਰਸ਼ਨ ਨੂੰ ਲੈ ਕੇ ਪਾਕਿਸਤਾਨ ਦੀ ਬੇਇੱਜ਼ਤੀ ਹੋ ਰਹੀ ਹੈ ਤਾਂ ਇਸ ਤੋਂ ਬਚਣ ਲਈ ਉਸ ਨੇ ਮਕਬੂਜ਼ਾ ਜੰਮੂ-ਕਸ਼ਮੀਰ ਵਿੱਚ ਮੌਜੂਦ ਮੰਗਲਾ ਤੇ ਨੀਲਮ-ਝੇਲਮ ਬਿਜਲੀ ਪ੍ਰਾਜੈਕਟਾਂ ਤੋਂ ਸਸਤੀ ਬਿਜਲੀ ਵੀ ਇਸ ਖੇਤਰ ਨੂੰ ਮੁਹੱਈਆ ਕਰਵਾਉਣ ਤੇ ਇੱਥੇ ਦੇ ਸਰੋਤ ਵੀ ਉਥੇ ਲਾਉਣ ਵਰਗੇ ਭਰੋਸੇ ਦਿੱਤੇ ਹਨ। ਹਾਲਾਂਕਿ ਜੇਕਰ ਇਹ ਵਾਅਦੇ ਪੂਰੇ ਨਾ ਹੋਏ ਤਾਂ ਭਵਿੱਖ ਵਿੱਚ ਮਕਬੂਜ਼ਾ ਜੰਮੂ-ਕਸ਼ਮੀਰ ਵਿੱਚ ਇਸਲਾਮਾਬਾਦ ਪ੍ਰਤੀ ਅਸੰਤੁਸ਼ਟੀ ਹੋਰ ਵਧਣੀ ਤੈਅ ਹੈ। ਇਸ ਕਾਰਨ ਸਵਾਲ ਉੱਠਦਾ ਹੈ ਕਿ ਕੀ ਭਵਿੱਖ ਵਿੱਚ ਇਹ ਨਾਗਰਿਕ ਅਸੰਤੁਸ਼ਟੀ ਪਾਕਿਸਤਾਨ ਨਾਲ ਵੱਖਵਾਦ ਦੇ ਵਤੀਰੇ ਵਿੱਚ ਵੀ ਬਦਲ ਸਕਦੀ ਹੈ ? ਤੇ ਕੀ ਮੌਕਾ ਮਿਲਣ 'ਤੇ ਮਕਬੂਜ਼ਾ ਜੰਮੂ-ਕਸ਼ਮੀਰ ਨੂੰ ਭਾਰਤ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ? ਜੇ ਹਾਂ ਤਾਂ ਕੀ ਅਜਿਹਾ ਕਰਨਾ ਸਹੀ ਹੋਵੇਗਾ ? ਮਕਬੂਜ਼ਾ ਜੰਮੂ-ਕਸ਼ਮੀਰ ਨੂੰ ਪਾਕਿ ਦੇ ਕਬਜ਼ੇ ਵਾਲੇ ਗਿਲਗਿਟ-ਬਾਲਟਿਸਤਾਨ ਤੋਂ ਵੱਖ ਕਰ ਕੇ ਦੇਖਣ ਦੀ ਲੋੜ ਹੈ। ਮਕਬੂਜ਼ਾ ਜੰਮੂ-ਕਸ਼ਮੀਰ ਭਾਰਤ ਦੀ ਆਜ਼ਾਦੀ ਤੇ ਪਾਕਿਸਤਾਨ ਦੇ ਨਾਲ ਕਸ਼ਮੀਰ ਨੂੰ ਲੈ ਕੇ 1947 ਵਿੱਚ ਹੋਈ ਪਹਿਲੀ ਜੰਗ ਤੋਂ ਬਹੁਤ ਪਹਿਲਾਂ ਤੋਂ ਇਸਲਾਮਿਕ ਕੱਟੜਪੰਥ ਦਾ ਗੜ੍ਹ ਰਿਹਾ ਹੈ। ਇਸ ਇਲਾਕੇ ਵਿੱਚ ਮੀਰਪੁਰੀ ਮੁਸਲਮਾਨਾਂ ਦੀ ਬਹੁ ਗਿਣਤੀ ਹੈ, ਜਿਨ੍ਹਾਂ ਦੀ ਭਾਸ਼ਾ ਕਸ਼ਮੀਰੀ ਨਹੀਂ ਹੈ।ਮੀਰਪੁਰੀ ਮੁਸਲਿਮ ਸਮਾਜ ਇਸਲਾਮਿਕ ਕੱਟੜਪੰਥ ਤੋਂ ਪ੍ਰਭਾਵਿਤ ਰਿਹਾ ਹੈ ਤੇ ਪਾਕਿਸਤਾਨ ਦੇ ਜੰਮੂ-ਕਸ਼ਮੀਰ 'ਤੇ ਪਹਿਲੇ ਹਮਲੇ ਦੇ ਸਮੇਂ ਮੀਰਪੁਰੀ ਮੁਸਲਮਾਨਾਂ ਨੇ ਉਥੇ ਰਹਿਣ ਵਾਲੇ ਹਜ਼ਾਰਾਂ ਹਿੰਦੂਆਂ ਤੇ ਸਿੱਖਾਂ ਦੀ ਹੱਤਿਆ ਕਰ ਦਿੱਤੀ ਸੀ। ਬਾਕੀ ਬਚੇ ਲੋਕਾਂ ਨੂੰ ਭਾਰਤ ਵਿੱਚ ਸ਼ਰਣ ਲੈਣੀ ਪਈ ਸੀ। ਮੀਰਪੁਰੀ ਮੁਸਲਮਾਨਾਂ ਦਾ ਆਈਐੱਸਆਈ ਵੱਲੋਂ ਸਥਾਪਿਤ ਵਿਸ਼ਵ ਪੱਧਰੀ ਜਿਹਾਦ ਕੰਪਲੈਕਸ ਵਿੱਚ ਵੀ ਵੱਡਾ ਯੋਗਦਾਨ ਰਿਹਾ ਹੈ। ਭਾਰਤ ਵਿੱਚ ਹੋਏ ਜ਼ਿਆਦਾਤਰ ਆਤਮਘਾਤੀ ਅੱਤਵਾਦੀ ਹਮਲਿਆਂ ਵਿੱਚ ਮੀਰਪੁਰੀ ਤੇ ਪੰਜਾਬੀ ਮੁਸਲਮਾਨ ਅੱਤਵਾਦੀ ਹੀ ਸ਼ਾਮਲ ਰਹੇ ਹਨ।

ਮੀਰਪੁਰੀ ਸਮਾਜ ਵਿੱਚ ਕੱਟੜਪੰਥ ਕਿਸ ਕਦਰ ਡੂੰਘੀਆਂ ਜੜ੍ਹਾਂ ਜਮਾ ਚੁੱਕਾ ਹੈ, ਇਸ ਦਾ ਅੰਦਾਜ਼ਾ ਇਸ ਨਾਲ ਲਾ ਸਕਦੇ ਹਾਂ ਕਿ ਬਰਤਾਨੀਆ ਜਾ ਕੇ ਵਸੇ ਮੀਰਪੁਰੀ ਮੁਸਲਮਾਨਾਂ ਨੇ ਹੀ ਸੱਤ ਜੁਲਾਈ 2005 ਦੇ ਲੰਡਨ ਬੰਬ ਧਮਾਕਿਆਂ ਨੂੰ ਅੰਜਾਮ ਦਿੱਤਾ ਸੀ, ਜਿਸ ਵਿੱਚ 56 ਲੋਕ ਮਾਰੇ ਗਏ ਸਨ ਤੇ 784 ਲੋਕ ਜ਼ਖ਼ਮੀ ਹੋਏ ਸਨ। ਭਾਰਤ ਦੀ ਧਰਤੀ 'ਤੇ ਕਿਸੇ ਯੂਰਪੀ ਵਿਅਕਤੀ ਵੱਲੋਂ ਆਤਮਘਾਤੀ ਅੱਤਵਾਦੀ ਹਮਲਾ ਕਰਨ ਦੇ ਇੱਕੋ ਇੱਕ ਮਾਮਲੇ ਦਾ ਵੀ ਮੀਰਪੁਰੀ ਕੁਨੈਕਸ਼ਨ ਰਿਹਾ ਹੈ। ਬਰਤਾਨੀਆ ਦੇ ਬਰਮਿੰਘਮ ਵਿੱਚ ਪੈਦਾ ਹੋਏ ਮੀਰਪੁਰੀ ਮੁਸਲਿਮ ਅਬਦੁੱਲਾ ਨੇ ਸ੍ਰੀਨਗਰ ਦੇ ਵਿਚਾਲੇ ਖ਼ੁਦ ਨੂੰ ਬੰਬ ਨਾਲ ਉਡਾ ਦਿੱਤਾ ਸੀ।

ਰਾਅ ਦੇ ਸਾਬਕਾ ਅਧਿਕਾਰੀ ਤੇ ਅੱਤਵਾਦ ਰੋਕੂ ਮਾਮਲਿਆਂ ਦੇ ਮਾਹਿਰ ਬੀ. ਰਮਨ ਨੇ ਲਿਖਿਆ ਸੀ ਕਿ ਮੀਰਪੁਰੀ ਮੁਸਲਮਾਨ ਭਾਰਤ ਖ਼ਿਲਾਫ਼ ਜਿਹਾਦੀ ਕਾਰਵਾਈਆਂ ਵਿੱਚ ਹਿੱਸਾ ਲੈਣ ਵਿੱਚ ਸਭ ਤੋਂ ਅੱਗੇ ਰਹੇ ਹਨ। ਇਹ ਵੀ ਧਿਆਨ ਦੇਣ ਯੋਗ ਹੈ ਕਿ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤੋਇਬਾ ਤੇ ਹਿਜਬੁਲ ਮੁਜਾਹਿਦੀਨ ਵਰਗੇ ਸਾਰੇ ਅੱਤਵਾਦੀ ਸੰਗਠਨਾਂ ਦੇ ਕੈਂਪ ਦਹਾਕਿਆਂ ਤੋਂ ਇਸ ਇਲਾਕੇ ਵਿੱਚ ਸਰਗਰਮ ਰਹੇ ਹਨ ਤੇ ਇਹ ਅੱਤਵਾਦੀ ਮਕਬੂਜ਼ਾ ਜੰਮੂ-ਕਸ਼ਮੀਰ ਦੇ ਮੀਰਪੁਰ ਸਮਾਜ ਵਿੱਚ ਰਲੇ-ਮਿਲੇ ਹਨ। ਇਸ ਕਾਰਨ 40 ਲੱਖ ਦੀ ਸੰਘਣੀ ਆਬਾਦੀ ਵਾਲੀ ਇਸ ਪੱਟੀ ਨੂੰ ਭਾਰਤ ਵਿੱਚ ਸ਼ਾਮਲ ਕਰਨਾ ਤੇ ਮੁੱਖਧਾਰਾ ਨਾਲ ਜੋੜ ਸਕਣਾ ਬਹੁਤ ਵੱਡਾ ਸਿਰਦਰਦ ਸਾਬਿਤ ਹੋ ਸਕਦਾ ਹੈ, ਕਿਉਂਕਿ ਸਦੀਆਂ ਦਾ ਕੱਟੜਪੰਥ ਕੁਝ ਸਾਲਾਂ ਵਿੱਚ ਖ਼ਤਮ ਨਹੀਂ ਹੋਣ ਵਾਲਾ ਹੈ। ਦੂਜੀ ਮੁਸ਼ਕਿਲ ਇਹ ਹੈ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਇਸ ਖੇਤਰ ਨੂੰ ਬਿਨਾਂ ਫ਼ੌਜੀ ਕਾਰਵਾਈ ਦੇ ਭਾਰਤ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ।ਜੇ ਨਾਗਰਿਕਾਂ ਦੀ ਅਸੰਤੁਸ਼ਟੀ ਬਹੁਤ ਵੱਧ ਵੀ ਜਾਏ ਤਾਂ ਵੀ ਪਾਕਿਸਤਾਨੀ ਫ਼ੌਜ ਇਸ ਇਲਾਕੇ ਨੂੰ ਹੱਥ ਤੋਂ ਜਾਣ ਨਹੀਂ ਦੇਵੇਗੀ ਤੇ ਪਾਕਿਸਤਾਨ ਤੋਂ ਮੁਕਤ ਕਰਵਾਉਣ ਲਈ ਭਾਰਤ ਨੂੰ ਆਖ਼ਰ 1971 ਵਿੱਚ ਬੰਗਲਾਦੇਸ਼ ਦੇ ਮਾਮਲੇ ਵਾਂਗ ਹੀ ਫ਼ੌਜੀ ਦਖ਼ਲ ਦੇਣਾ ਪਵੇਗਾ।

ਹਾਲਾਂਕਿ ਇਸ ਇਲਾਕੇ ਦੇ ਪਹਾੜੀ ਭੂਗੋਲ ਕਾਰਨ ਇਹ ਲੰਬੇ ਛਾਪਾਮਾਰ ਸੰਘਰਸ਼ ਵਿੱਚ ਬਦਲ ਸਕਦਾ ਹੈ। ਨਾਲ ਹੀ ਇਸ ਜੰਗ ਵਿੱਚ ਚੀਨ ਵੱਲੋਂ ਵੀ ਮੋਰਚਾ ਖੋਲ੍ਹੇ ਜਾਣ ਦੇ ਸ਼ੱਕ ਨੂੰ ਨਕਾਰਿਆ ਨਹੀਂ ਜਾ ਸਕਦਾ। ਆਰਟੀਕਲ-370 ਹਟਾਏ ਜਾਣ ਤੇ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਸੰਵਿਧਾਨਕ ਦਰਜੇ ਵਿੱਚ ਤਬਦੀਲੀ ਨੇ ਹੀ ਚੀਨ ਦੀ ਫ਼ੌਜ ਨੂੰ ਪੂਰਬੀ ਲੱਦਾਖ ਵਿੱਚ ਲਿਆ ਖੜ੍ਹਾ ਕੀਤਾ ਹੈ। ਜੇ ਭਾਰਤ ਮਕਬੂਜ਼ਾ ਜੰਮੂ-ਕਸ਼ਮੀਰ ਦੇ ਹਿੱਸਿਆਂ ਨੂੰ ਆਪਣੇ ਕੰਟਰੋਲ ਵਿੱਚ ਲੈ ਲੈਂਦਾ ਹੈ ਤਾਂ ਚੀਨ ਦਾ ਫ਼ੌਜੀ ਦਖ਼ਲ ਜ਼ਰੂਰ ਹੋਵੇਗਾ ਕਿਉਂਕਿ ਅਮਰੀਕਾ ਨਾਲ ਕਿਸੇ ਸੰਭਾਵੀ ਜੰਗ ਵਿੱਚ ਚੀਨ ਦੇ ਪੂਰਤੀ ਮਾਰਗ ਪਾਕਿਸਤਾਨ ਦੇ ਨਾਜਾਇਜ਼ ਕਬਜ਼ੇ ਵਾਲੇ ਜੰਮੂ-ਕਸ਼ਮੀਰ ਦੇ ਇਨ੍ਹਾਂ ਹਿੱਸਿਆਂ 'ਚੋਂ ਹੋ ਕੇ ਜਾਂਦੇ ਹਨ ਤੇ ਉਹ ਉਨ੍ਹਾਂ ਵਿਚ ਅਰਬਾਂ ਡਾਲਰ ਨਿਵੇਸ਼ ਕਰ ਚੁੱਕਾ ਹੈ। ਇਸ ਕਾਰਨ ਚੰਗਾ ਇਹ ਹੋਵੇਗਾ ਕਿ ਭਾਰਤ ਮੌਕਾ ਆਉਣ 'ਤੇ ਤੁਰੰਤ ਫ਼ੌਜੀ ਕਾਰਵਾਈ ਕਰ ਕੇ ਹਾਜੀ ਪੀਰ ਦੱਰੇ ਵਰਗੇ ਰਣਨੀਤਕ ਇਲਾਕਿਆਂ ਨੂੰ ਕਾਬੂ ਵਿੱਚ ਲਵੇ, ਜਿਨ੍ਹਾਂ ਰਾਹੀਂ ਪਾਕਿਸਤਾਨ ਭਾਰਤ ਵਿੱਚ ਅੱਤਵਾਦੀ ਘੁਸਪੈਠ ਕਰਵਾਉਂਦਾ ਹੈ। ਇਸ ਨਾਲ ਜੰਮੂ-ਕਸ਼ਮੀਰ ਵਿਚ ਅੱਤਵਾਦੀ ਘੁਸਪੈਠ ਲਗਪਗ ਬੰਦ ਹੋ ਜਾਵੇਗੀ ਤੇ ਭਵਿੱਖ ਦੇ ਕਿਸੇ ਵੱਡੇ ਫ਼ੌਜੀ ਸੰਘਰਸ਼ ਵਿੱਚ ਭਾਰਤ ਦੀ ਸਥਿਤੀ ਮਜ਼ਬੂਤ ਹੋਵੇਗੀ। ਨਾਲ ਹੀ, ਭਾਰਤ 'ਤੇ ਨਵੀਂ ਜਨਸੰਖਿਆ ਦਾ ਭਾਰ ਵੀ ਨਹੀਂ ਆਏਗਾ।

ਮੀਰਪੁਰ ਵਰਗੇ ਖੇਤਰਾਂ ਦੀ ਜਿਹਾਦੀ ਵਿਚਾਰਧਾਰਾ ਨਾਲ ਭਰੀ ਆਬਾਦੀ ਨੂੰ ਪਾਕਿਸਤਾਨ ਦੇ ਮਾੜੇ ਸ਼ਾਸਨ ਵਿਚ ਤਦ ਤੱਕ ਰਹਿਣ ਦਿੱਤਾ ਜਾਣਾ ਚਾਹੀਦਾ ਹੈ ਜਦ ਤੱਕ ਉਹ ਆਪਣੇ ਆਪ ਆਤਮ-ਮੰਥਨ ਕਰ ਕੇ ਇਸ ਜ਼ਹਿਰੀਲੀ ਵਿਚਾਰਧਾਰਾ ਨੂੰ ਨਕਾਰਦੇ ਹੋਏ ਨਾ ਦਿਖਾਈ ਦੇਣ।

ਹਾਂ, ਤਦ ਤੱਕ ਭਾਰਤ ਨੂੰ ਮਕਬੂਜ਼ਾ ਜੰਮੂ-ਕਸ਼ਮੀਰ ਵਿਚ ਹੋ ਰਹੀ ਮਨੁੱਖੀ ਹੱਕਾਂ ਦੀ ਉਲੰਘਣਾ 'ਤੇ ਜ਼ਰੂਰ ਆਵਾਜ਼ ਉਠਾਉਂਦੇ ਰਹਿਣਾ ਚਾਹੀਦਾ ਹੈ ਕਿਉਂਕਿ ਤਕਨੀਕੀ ਤੌਰ 'ਤੇ ਉਹ ਸਾਡੀ ਹੀ ਜ਼ਮੀਨ ਹੈ। ਇਸ ਲਈ ਜੰਮੂ-ਕਸ਼ਮੀਰ ਵਿਧਾਨ ਸਭਾ ਵਿੱਚ ਇਸ ਖੇਤਰ ਦੀਆਂ ਖਾਲੀ ਪਈਆਂ ਸੀਟਾਂ 'ਚੋਂ ਕੁਝ 'ਤੇ ਵਿਧਾਇਕ ਵੀ ਨਾਮਜ਼ਦ ਕੀਤੇ ਜਾ ਸਕਦੇ ਹਨ ਜਿਨ੍ਹਾਂ ਨੇ ਪਾਕਿਸਤਾਨ ਦੇ ਅੱਤਿਆਚਾਰਾਂ ਤੋਂ ਦੁਖੀ ਹੋ ਕੇ ਭਾਰਤ ਤੋਂ ਸ਼ਰਣ ਮੰਗੀ ਹੋਵੇ। ਇਹ ਕਸ਼ਮੀਰ ਨੂੰ ਲੈ ਕੇ ਪਾਕਿਸਤਾਨ ਵੱਲੋਂ ਅੰਤਰਰਾਸ਼ਟਰੀ ਮੰਚਾਂ 'ਤੇ ਕੀਤੇ ਜਾਣ ਵਾਲੇ ਪ੍ਰਾਪੇਗੰਡਾ ਦੀ ਸਹੀ ਕਾਟ ਸਾਬਤ ਹੋਵੇਗਾ।

# ਨਿਆਂ ਦਾ ਰਾਜ ਜ਼ਰੂਰੀ



ਪੂਰਨ ਚੰਦ ਸਰੀਨ

ਨਿਆਂ ਵਿਵਸਥਾ ਨੂੰ ਦੇਖ ਕੇ ਲਗਦਾ ਹੈ ਕਿ ਨਿਆਂ ਦਾ ਅਧਿਕਾਰ ਨਹੀਂ, ਸਗੋਂ ਇੱਕ ਮਜਬੂਰੀ ਵਾਂਗ ਹੈ, ਜੇ ਮਿਲ ਗਿਆ ਤਾਂ ਠੀਕ, ਨਾ ਮਿਲਿਆ ਤਾਂ ਵੀ ਸਹੀ। ਕਾਰਖ਼ਾਨੇ ਵਿੱਚ ਤੂਤੀ ਦੀ ਆਵਾਜ਼ ਗੁੰਮ ਹੀ ਰਹਿੰਦੀ ਹੈ। ਕੁਝ ਉਦਾਹਰਨਾਂ ਵੇਖੀਏ, ਜੋ ਫ਼ੈਸਲਿਆਂ 'ਤੇ ਆਧਾਰਿਤ ਹਨਃ- ਇੱਕ ਵਿਅਕਤੀ ਨੂੰ ਝੂਠੇ ਜਬਰ ਜਨਾਹ ਦੇ ਮੁਕੱਦਮੇ 'ਚ ਬਰੀ ਹੋਣ ਤੋਂ ਬਾਅਦ ਜੇਲ੍ਹ ਤੋਂ ਰਿਹਾਅ ਹੋਣ 'ਚ 20 ਸਾਲ ਲੱਗ ਗਏ। ਇਹ ਮੁਕੱਦਮਾ ਇੱਕ ਪੀੜਤ ਔਰਤ ਨੇ ਨਹੀਂ, ਸਗੋਂ ਉਸ ਦੀ ਪਤਨੀ ਅਤੇ ਸਹੁਰੇ ਨੇ ਕੀਤਾ ਸੀ; ਕਿਉਂਕਿ ਉਹ ਉਸ ਵਿਅਕਤੀ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ, ਜਿਸ ਦੀ ਇਨ੍ਹਾਂ ਨਾਲ ਕਿਸੇ ਗੱਲ 'ਤੇ ਨਾਰਾਜ਼ਗੀ ਸੀ। ਇਸ ਦੌਰਾਨ ਉਸ ਦੇ ਮਾਤਾ-ਪਿਤਾ ਅਤੇ ਦੋਵੇਂ ਭਰਾ ਮਰ ਗਏ। ਹੁਣ ਉਹ ਜੇਲ੍ਹ ਤੋਂ ਛੁੱਟਣ 'ਤੇ ਬਦਹਵਾਸ ਹੈ ਕਿ, ਕੀ ਕਰੇਗਾ, ਕਿਉਂਕਿ ਉਸ ਦੇ ਸੁਨਹਿਰੇ ਸਾਲ ਖ਼ਤਮ ਹੋ ਗਏ ਸਨ। ਕੀ ਨਿਆਂ ਨੂੰ ਕਿਸੇ ਸੱਚਾਈ ਤੱਕ ਪਹੁੰਚਣ 'ਚ ਇੰਨਾ ਸਮਾਂ ਲਗਦਾ ਹੈ ? ਇੱਕ ਹੋਰ ਮਾਮਲੇ 'ਚ 24 ਗਵਾਹਾਂ 'ਚੋਂ 22 ਦੀ ਜਾਂਚ ਇੱਕ ਹੀ ਦਿਨ ਵਿਚ ਕਰ ਲਈ ਜਾਂਦੀ ਹੈ ਅਤੇ ਦੋ ਨਿਰਦੋਸ਼ਾਂ ਨੂੰ ਸਜ਼ਾ ਹੋ ਜਾਂਦੀ ਹੈ। ਸਾਲਾਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ, ਕਿਉਂਕਿ ਉਹ ਦੋਸ਼ੀ ਸਾਬਿਤ ਨਹੀਂ ਹੋ ਸਕੇ। ਕੀ ਇੰਨਾ ਸਮਾਂ ਲਗਣਾ ਚਾਹੀਦਾ ਹੈ, ਸਵਾਲ ਇਹੀ ਹੈ। ਇੱਕ ਉਦਾਹਰਨ ਇਹ ਵੀ ਹੈ ਕਿ ਪ੍ਰਸਿੱਧ ਰੰਗਮੰਚ ਕਰਮੀ ਸਫ਼ਦਰ ਹਾਸ਼ਮੀ ਦੀ ਹੱਤਿਆ ਦਾ ਫ਼ੈਸਲਾ 14 ਸਾਲ ਬਾਅਦ ਆਉਂਦਾ ਹੈ, ਉਦੋਂ ਤੱਕ ਦੋ ਦੋਸ਼ੀ ਮਰ ਚੁੱਕੇ ਸਨ, ਬਾਕੀ ਨੂੰ ਉਮਰਕੈਦ ਦੀ ਸਜ਼ਾ, ਪਰ ਉਹ ਇਹ ਮਿਆਦ ਤਾਂ ਪਹਿਲਾਂ ਹੀ ਕੱਟ ਚੁੱਕੇ ਹੁੰਦੇ ਹਨ। ਜ਼ਰਾ ਸੋਚੋ, ਕਿਸੇ ਨਿਰਦੋਸ਼ ਕਰਮਚਾਰੀ, ਵਪਾਰੀ ਜਾਂ ਫਿਰ ਵਿਧਾਇਕ ਜਾਂ ਸੰਸਦ ਮੈਂਬਰ ਨੂੰ ਅਪਰਾਧੀ ਐਲਾਨਣ ਤੋਂ ਬਾਅਦ ਉਨ੍ਹਾਂ ਦਾ ਜੀਵਨ ਉਦੋਂ ਤੱਕ ਦਾਗ਼ਦਾਰ ਰਹਿੰਦਾ ਹੈ, ਜਦੋਂ ਤੱਕ ਅਦਾਲਤ ਤੋਂ ਫ਼ੈਸਲਾ ਨਾ ਹੋ ਜਾਵੇ ਕਿ ਦੋਸ਼ ਬੇਬੁਨਿਆਦ ਹਨ। ਕਈ ਵਾਰ ਇਹ ਫ਼ੈਸਲਾ ਆਉਣ 'ਚ ਉਸ ਨਿਰਦੋਸ਼ ਦੀ ਪੂਰੀ ਉਮਰ ਹੀ ਖ਼ਤਮ ਹੋ ਜਾਂਦੀ ਹੈ। ਵਕੀਲਾਂ ਦੀ ਫ਼ੀਸ ਅਤੇ ਦੂਜੇ ਖ਼ਰਚੇ ਕਿਸਮਤ ਦਾ ਲਿਖਿਆ ਮੰਨਣ ਨੂੰ ਮਜਬੂਰ ਕਰ ਦਿੰਦੇ ਹਨ। ਇਹ ਵਿਸ਼ਵ ਦਾ ਸਭ ਤੋਂ ਵੱਡਾ ਅੰਕੜਾ ਹੈ ਕਿ ਸਾਡੇ ਦੇਸ਼ 'ਚ ਪੰਜ ਕਰੋੜ ਤੋਂ ਵੱਧ ਮੁਕੱਦਮੇ ਅਦਾਲਤਾਂ 'ਚ ਲਟਕ ਰਹੇ ਹਨ, ਸੋਚੋ ਕਿੰਨੇ ਕਰੋੜ ਲੋਕ ਨਿਆਂ ਦੀ ਆਸ ਲਾਈ ਬੈਠੇ ਰਹਿੰਦੇ ਹਨ ਅਤੇ ਮੌਤ ਹੀ ਉਨ੍ਹਾਂ ਨੂੰ ਨਿਆਂ ਦੀ ਉਮੀਦ ਤੋਂ ਮੁਕਤੀ ਦਿਵਾਉਂਦੀਹੈ। ਹਰ ਸਾਲ ਲਟਕ ਰਹੇ ਮਾਮਲਿਆਂ ਦੀ ਗਿਣਤੀ 'ਚ ਲੱਖਾਂ ਦਾ ਵਾਧਾ ਹੋ ਜਾਂਦਾ ਹੈ, ਲੋਕਾਂ ਦਾ ਜੀਵਨ ਸੂਲੀ 'ਤੇ ਟੰਗਿਆ ਰਹਿੰਦਾ ਹੈ, ਇਹੀ ਸੱਚ ਹੈ। ਜੇਲ੍ਹਾਂ 'ਚ ਇੱਕ ਪਾਸੇ ਸਜ਼ਾ ਮਿਲੇ ਲੋਕ ਹਨ, ਪਰ ਉਨ੍ਹਾਂ ਤੋਂ ਕਿਤੇ ਵੱਧ ਉਹ ਹਨ, ਜਿਨ੍ਹਾਂ ਨੂੰ ਅੰਡਰ ਟਰਾਇਲ ਕਿਹਾ ਜਾਂਦਾ ਹੈ। 10 ਸਾਲਾਂ ਤੱਕ ਉਡੀਕ ਕਰਦੇ ਹਨ ਕਿ ਕਦੋਂ ਉਹ ਤਗਮਾ ਉਤਰੇ ਅਤੇ ਉਹ



ਆਪਣੇ ਖ਼ਿਲਾਫ਼ ਕਾਰਵਾਈ ਦਾ ਸਾਹਮਣਾ ਕਰ ਸਕਣ।

ਫ਼ੈਸਲਿਆਂ ਅਤੇ ਉਨ੍ਹਾਂ ਦੇ ਅਮਲ 'ਚ ਦੇਰੀ ਦਾ ਸਭ ਤੋਂ ਵੱਡਾ ਸਿੱਟਾ ਇਹ ਹੈ ਕਿ ਅਪਰਾਧੀ ਬੇਫ਼ਿਕਰ ਰਹਿੰਦਾ ਹੈ। ਜਦੋਂ ਫ਼ੈਸਲਾ ਆਏਗਾ, ਦੇਖਿਆ ਜਾਵੇਗਾ, ਹਾਲੇ ਤਾਂ ਪੰਜੇ ਉਂਗਲੀਆਂ ਘਿਉ 'ਚ ਅਤੇ ਸਿਰ ਕੜਾਹੀ 'ਚ ਹੈ। ਅਪਰਾਧ ਕਰਦਾ ਵੀ ਰਹੇਗਾ ਤਾਂ ਵੀ ਕੋਈ ਪੁੱਛਣ ਵਾਲਾ ਨਹੀਂ। ਇੱਕ ਉਦਾਹਰਨ ਨਾਲ ਗੱਲ ਸਪੱਸ਼ਟ ਹੋ ਜਾਵੇਗੀ। ਮੁੰਬਈ 'ਚ ਮਈ ਮਹੀਨੇ 'ਚ ਅਚਾਨਕ ਚੱਲੀ ਹਨ੍ਹੇਰੀ ਕਾਰਨ ਇੱਕ ਪੈਟਰੋਲ ਪੰਪ ਕੋਲ ਲੱਗੀ ਇੱਕ ਵੱਡਅਕਾਰੀ ਹੋਰਡਿੰਗ ਡਿਗਣ ਕਾਰਨ ਲਗਭਗ 20 ਲੋਕ ਮਰ ਜਾਂਦੇ ਹਨ ਅਤੇ 100 ਦੇ ਲਗਭਗ ਜ਼ਖ਼ਮੀ ਹੋ ਜਾਂਦੇ ਹਨ। ਇਹ ਹੋਰਡਿੰਗ ਤੈਅ ਨਿਯਮਾਂ ਤੋਂ ਆਕਾਰ 'ਚ ਤਿੰਨ ਗੁਣਾ ਵੱਡੀ ਸੀ, ਪਰ ਸਾਰੀ ਸਰਕਾਰੀ ਖਾਨਾਪੂਰਤੀ ਚੰਗੀ ਤਰ੍ਹਾਂ ਕੀਤੀ ਗਈ ਸੀ। ਹਾਦਸਾ ਹੋ ਗਿਆ। ਕੀ ਜਿਸ ਦੀ ਹੋਰਡਿੰਗ ਸੀ, ਉਸ 'ਤੇ ਸਮੂਹਿਕ ਹੱਤਿਆ ਦਾ ਮੁਕੱਦਮਾ ਨਹੀਂ ਚੱਲਣਾ ਚਾਹੀਦਾ ? ਪਰ ਹੋਵੇਗਾ ਕੀ, ਸਾਰੇ ਜਾਣਦੇ ਹਨ। ਇਸੇ ਸੰਦਰਭ ਵਿੱਚ ਸਾਰੇ ਨਿਯਮਾਂ ਨੂੰ ਛਿੱਕੇ ਟੰਗਦਿਆਂ ਨੋਇਡਾ 'ਚ ਦੋ ਟਾਵਰ ਬਣ ਜਾਂਦੇ ਹਨ। ਜੇਕਰ ਅਦਾਲਤੀ ਆਦੇਸ਼ਾਂ ਕਾਰਨ, ਜੋ ਸ਼ਾਇਦ ਇੱਕ ਅਪਵਾਦ ਹੋਵੇ, ਇਨ੍ਹਾਂ ਨੂੰ ਡੇਗਿਆ ਨਾ ਜਾਂਦਾ ਤਾਂ ਅਨੁਮਾਨ ਲਗਾ ਸਕਦੇ ਹੋ ਕਿ ਕਿੰਨੀ ਵੱਡੀ ਬਿਪਤਾ ਉਸ ਖੇਤਰ 'ਚ ਰਹਿਣ ਵਾਲੇ ਲੋਕਾਂ ਨੂੰ ਹਮੇਸ਼ਾ ਲਈ ਝੱਲਣੀ ਪੈ ਸਕਦੀ ਸੀ। ਇਸ ਫ਼ੈਸਲੇ 'ਚ ਵੀ 10 ਸਾਲ ਲੱਗੇ ਸਨ। ਅਜਿਹੇ ਅਣਗਿਣਤ ਮਾਮਲੇ ਹਨ। ਕੁਝ ਲੋਕ ਅਪਰਾਧੀਆਂ ਨੂੰ ਅਸਲੀ ਜਾਂ ਨਕਲੀ ਮੁਕਾਬਲਿਆਂ 'ਚ ਮਾਰੇ ਜਾਣ ਨੂੰ ਸਹੀ ਠਹਿਰਾਉਣ ਦੀ ਵਕਾਲਤ ਕਰਦੇ ਵਿਖਾਈ ਦਿੰਦੇ ਹਨ, ਕਿਉਂਕਿ ਅਦਾਲਤਾਂ 'ਚ ਇਹ ਮਾਮਲੇ 10-10 ਸਾਲਾਂ ਤੱਕ ਚੱਲ ਸਕਦੇ ਹਨ ਅਤੇ ਇਨ੍ਹਾਂ ਨੂੰ ਬਰੀ ਕਰਨਾ ਪੈ ਸਕਦਾ ਹੈ। ਇਹ ਸਥਿਤੀ ਦੇਰ ਨਾਲ ਫ਼ੈਸਲੇ ਆਉਣ ਤੋਂ ਵਧੇਰੇ ਖ਼ਤਰਨਾਕ ਹੈ ਅਤੇ ਅਰਾਜਕਤਾ ਵੱਲ ਵੱਧਦਾ ਕਦਮ ਹੈ।

ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਨਿਆਂ ਵਿਵਸਥਾ ਤੋਂ ਨਾਗਰਿਕਾਂ ਦਾ ਵਿਸ਼ਵਾਸ ਉੱਠ ਜਾਣਾ ਵਿਨਾਸ਼ ਨੂੰ ਸੱਦਾ ਦੇਣਾ ਹੈ, ਭਾਵ ਆਪਣੇ ਪੈਰਾਂ 'ਤੇ ਕੁਹਾੜੀ ਮਾਰਨਾ ਹੈ। ਅਜਿਹਾ ਵੀ ਨਹੀਂ ਹੈ ਕਿ ਇਸ ਦਾ ਕੋਈ ਹੱਲ ਨਹੀਂ ਹੈ।

ਸਾਰਿਆਂ ਤੋਂ ਪਹਿਲਾਂ ਤਾਂ ਸਾਡੀ ਨਿਆਂ ਪਾਲਿਕਾ ਦੀਆਂ ਖ਼ਾਲੀ ਪਈਆਂ ਅਸਾਮੀਆਂ ਨੂੰ ਭਰਿਆ ਜਾਵੇ ਅਤੇ ਜੋ ਜੱਜ ਹਨ, ਉਨ੍ਹਾਂ ਨੂੰ ਕਿਸੇ ਵੀ ਦਬਾਅ, ਲੋਭ ਅਤੇ ਲਾਲਚ ਤੋਂ ਮੁਕਤ ਰੱਖਣ ਦੀ ਨੀਤੀ 'ਤੇ ਸਖ਼ਤਾਈ ਨਾਲ ਅਮਲ ਹੋਵੇ ਤਾਂ ਬਹੁਤ ਰਾਹਤ ਮਿਲ ਸਕਦੀ ਹੈ। ਦੂਜਾ ਇਹ ਕਿ ਜੋ ਗਵਾਹ ਹਨ, ਉਨ੍ਹਾਂ ਦੀ ਸੁਰੱਖਿਆ ਦਾ ਪ੍ਰਬੰਧ ਇਸ ਤਰ੍ਹਾਂ ਦਾ ਹੋਵੇ ਕਿ ਅਪਰਾਧੀ ਦਾ ਉਨ੍ਹਾਂ ਤੱਕ ਪਹੁੰਚਣਾ ਅਸੰਭਵ ਹੋਵੇ। ਸੱਚਾਈ ਇਹ ਹੈ ਕਿ ਗਵਾਹਾਂ ਦੀ ਘਾਟ 'ਚ ਮੁਕੱਦਮੇ ਸ਼ੁਰੂ ਹੀ ਨਹੀਂ ਹੋ ਪਾਉਂਦੇ, ਜਿਨ੍ਹਾਂ ਨੇ ਕਿਸੇ ਅਪਰਾਧ ਨੂੰ ਸਾਹਮਣੇ ਹੁੰਦਿਆਂ ਵੇਖਿਆ ਹੁੰਦਾ ਹੈ, ਉਹ ਸਾਹਮਣੇ ਆਉਣ ਦੀ ਹਿੰਮਤ ਨਹੀਂ ਕਰਦੇ, ਕਿਉਂਕਿ ਇੰਝ ਕਰਦਿਆਂ ਹੀ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਜਾਨ ਖ਼ਤਰੇ ਵਿੱਚ ਪੈ ਜਾਂਦੀ ਹੈ। ਤੀਜਾ ਉਪਾਅ ਇਹ ਹੈ ਕਿ ਜਾਣਬੁੱਝ ਕੇ ਨਿਆਂ ਕਰਨ 'ਚ ਦੇਰੀ ਅਤੇ ਇੱਕ ਨਿਸਚਿਤ ਸਮਾਂ ਹੱਦ ਸਮਾਪਤ ਹੋਣ 'ਤੇ ਅਜਿਹੇ ਵਿਅਕਤੀ ਨੂੰ, ਚਾਹੇ ਉਸ ਦਾ ਕਿਹੋ ਜਿਹਾ ਵੀ ਇਤਿਹਾਸ ਰਿਹਾ ਹੋਵੇ, ਕਾਨੂੰਨ ਦੇ ਘੇਰੇ ਅੰਦਰ ਰਹਿ ਕੇ ਸਜ਼ਾ ਦਿੱਤੀ ਜਾਣੀ ਨਿਰਧਾਰਿਤ ਹੋਵੇ। ਚੌਥਾ ਇਹ ਕਿ ਝੂਠੇ, ਤਰਕਹੀਣ, ਕਿਸੇ ਨੂੰ ਦਬਾਉਣ ਜਾਂ ਫਸਾਉਣ ਲਈ ਮੁਕੱਦਮਾ ਕਰਨ ਵਾਲਿਆਂ ਦੀ ਪਛਾਣ ਹੋਵੇ ਤੇ ਉਨ੍ਹਾਂ ਲਈ ਸਜ਼ਾ ਨਿਰਧਾਰਿਤ ਕੀਤੀ ਜਾਵੇ। ਪਾਠਕ ਹੀ ਦੱਸਣ ਕਿ, ਕੀ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਨਿਆਂ ਦਾ ਰਾਜ ਹੋਵੇ, ਜ਼ਰਾ ਸੋਚੋ।

# ਰਾਜਾਂ ਦੇ ਹਿਤਾਂ ਦੀ ਬਿਹਤਰ ਢੰਗ ਨਾਲ ਰਾਖੀ ਕਰ ਸਕਦੈ ਸ਼੍ਰੋਮਣੀ ਅਕਾਲੀ ਦਲ

ਡਾ. ਧਰਮਿੰਦਰ ਸਿੰਘ
ਪ੍ਰਿੰਸੀਪਲ, ਖ਼ਾਲਸਾ ਕਾਲਜ, ਪਟਿਆਲਾ

ਭਾਰਤ ਦੇ ਰਾਜਨੀਤਕ ਦ੍ਰਿਸ਼ਟੀਕੋਣ ਦੇ ਵਿਭਿੰਨ ਵਰਤਾਰੇ ਵਿੱਚ, ਖੇਤਰੀ ਪਾਰਟੀਆਂ ਆਪਣੇ-ਆਪਣੇ ਰਾਜਾਂ ਦੇ ਹਿਤਾਂ ਨੂੰ ਦਰਸਾਉਣ ਅਤੇ ਸੁਰੱਖਿਅਤ ਕਰਨ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦੀਆਂ ਹਨ। ਇਨ੍ਹਾਂ ਵਿਚੋਂ ਸ਼੍ਰੋਮਣੀ ਅਕਾਲੀ ਦਲ ਪੰਜਾਬ ਅਤੇ ਇਸ ਦੇ ਲੋਕਾਂ ਦੇ ਹਿਤਾਂ ਦੀ ਅਗਵਾਈ ਕਰਦਿਆਂ ਇੱਕ ਪ੍ਰਮੁੱਖ ਉਦਾਹਰਨ ਵਜੋਂ ਆਉਂਦਾ ਹੈ। ਇਹ ਲੇਖ ਪੰਜਾਬ ਦੇ ਹਿੱਤਾਂ ਦੀ ਗੱਲ ਕਰਨ ਅਤੇ ਇਸ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਨੂੰ ਉਜਾਗਰ ਕਰਨ 'ਚ ਅਕਾਲੀ ਦਲ ਦੁਆਰਾ ਨਿਭਾਈ ਗਈ ਭੂਮਿਕਾ 'ਤੇ ਕੇਂਦਰਿਤ ਕਰਦੇ ਹੋਏ ਖੇਤਰੀ ਪਾਰਟੀਆਂ ਦੀ ਮਹੱਤਤਾ ਨੂੰ ਦਰਸਾਉਣ ਉੱਪਰ ਕੇਂਦਰਿਤ ਹੈ।

ਵਿਅਕਤੀਗਤ ਰਾਜਾਂ ਦੀਆਂ ਵਿਲੱਖਣ ਸਮਾਜਿਕ-ਆਰਥਿਕ, ਸੱਭਿਆਚਾਰਕ ਅਤੇ ਰਾਜਨੀਤਕ ਲੋੜਾਂ ਨੂੰ ਸੰਬੋਧਿਤ ਕਰਨ ਲਈ ਖੇਤਰੀ ਪਾਰਟੀਆਂ ਜ਼ਰੂਰੀ ਹਨ। ਸਥਾਨਕ ਮੁੱਦਿਆਂ ਦੀ ਡੂੰਘੀ ਸਮਝ ਨਾਲ, ਇਹ ਪਾਰਟੀਆਂ ਖੇਤਰੀ ਆਸ਼ਾਵਾਂ ਅਤੇ ਚਿੰਤਾਵਾਂ ਲਈ ਇੱਕ ਆਵਾਜ਼ ਵਜੋਂ ਕੰਮ ਕਰਦੀਆਂ ਹਨ ਅਤੇ ਇਹ ਯਕੀਨੀ ਬਣਾਉਂਦੀਆਂ ਹਨ ਕਿ ਰਾਸ਼ਟਰੀ ਢਾਂਚੇ ਦੇ ਅੰਦਰ ਰਾਜ ਦੀਆਂ ਵਿਸ਼ੇਸ਼ ਚੁਣੌਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕੀਤਾ ਜਾ ਸਕੇ। 1920 'ਚ ਸਥਾਪਿਤ ਅਕਾਲੀ ਦਲ, ਪੰਜਾਬ 'ਚ ਇੱਕ ਮਹੱਤਵਪੂਰਨ ਰਾਜਨੀਤਕ ਤਾਕਤ ਵਜੋਂ ਉੱਭਰਿਆ, ਜੋ ਸਮੁੱਚੇ ਤੌਰ 'ਤੇ ਸਿੱਖ ਕੌਮ ਅਤੇ ਸੂਬੇ ਦੇ ਹਿਤਾਂ ਦੀ ਨੁਮਾਇੰਦਗੀ ਕਰਦਾ ਆ ਰਿਹਾ ਹੈ ਅਤੇ ਇਸ ਨੇ ਰਾਜ ਦੇ ਅੰਦਰ ਅਤੇ ਰਾਸ਼ਟਰੀ ਪੱਧਰ 'ਤੇ, ਪੰਜਾਬ ਦੇ ਅਧਿਕਾਰਾਂ ਅਤੇ ਵਿਕਾਸ ਦੀਆਂ ਲੋੜਾਂ ਦੀ ਵਕਾਲਤ ਕਰਨ 'ਚ ਇੱਕ ਪ੍ਰਮੁੱਖ ਭੂਮਿਕਾ ਨਿਭਾਈ ਹੈ।

ਸਥਾਨਕ ਮੁੱਦਿਆਂ ਅਤੇ ਚੁਣੌਤੀਆਂ ਬਾਰੇ ਖੇਤਰੀ ਪਾਰਟੀਆਂ ਦੀ ਵਧੇਰੇ ਸਮਝ ਹੋਣ ਕਾਰਨ ਕੇਂਦਰੀ ਪਾਰਟੀਆਂ ਨਾਲੋਂ ਉਹ ਬਿਹਤਰ ਹਨ। ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਪਾਣੀ ਦੀ ਵੰਡ ਦੇ ਵਿਵਾਦਾਂ ਤੋਂ ਲੈ ਕੇ ਪੰਜਾਬ ਦੀ ਖੇਤੀ ਆਰਥਿਕਤਾ ਦੀਆਂ ਲੋੜਾਂ ਮੁਤਾਬਿਕ ਬਣਾਈਆਂ ਗਈਆਂ ਖੇਤੀ ਨੀਤੀਆਂ ਤੱਕ ਆਪਣੇ ਰਾਜ ਦੀਆਂ ਵਿਸ਼ੇਸ਼ ਚਿੰਤਾਵਾਂ ਨੂੰ ਹੱਲ ਕਰਨ ਲਈ ਹਮੇਸ਼ਾ ਯਤਨ ਕਰਦੀਆਂ ਰਹੀਆਂ ਹਨ। ਇਸ ਤੋਂ ਇਲਾਵਾ, ਖੇਤਰੀ ਪਾਰਟੀਆਂ ਅਕਸਰ ਆਪੋ-ਆਪਣੇ ਰਾਜਾਂ ਦੇ ਲੋਕਾਂ 'ਚ ਸੱਭਿਆਚਾਰਕ ਪਛਾਣ ਅਤੇ ਮਾਣ ਦੀ ਮਜ਼ਬੂਤ ਭਾਵਨਾ ਪੈਦਾ ਕਰਦੀਆਂ ਹਨ। ਅਕਾਲੀ ਦਲ, ਸਿੱਖ ਸਿਧਾਂਤਾਂ ਅਤੇ ਪੰਜਾਬ ਦੇ ਅਮੀਰ ਵਿਰਸੇ ਪ੍ਰਤੀ ਆਪਣੀ ਵਚਨਬੱਧਤਾ ਦੇ ਨਾਲ, ਰਾਜ ਦੇ ਸੱਭਿਆਚਾਰਕ ਲੋਕ-ਭਾਵਾਂ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ 'ਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ।

ਸ਼ਾਸਨ ਦੇ ਸੰਦਰਭ 'ਚ, ਖੇਤਰੀ ਪਾਰਟੀਆਂ ਅਜਿਹੀਆਂ ਨੀਤੀਆਂ ਬਣਾਉਣ ਲਈ ਬਿਹਤਰ ਸਥਿਤੀ 'ਚ ਹਨ, ਜੋ ਉਨ੍ਹਾਂ ਦੇ ਰਾਜਾਂ ਦੇ ਸਮਾਜਿਕ-ਆਰਥਿਕ ਤਾਣੇ-ਬਾਣੇ ਨਾਲ ਮੇਲ ਖਾਂਦੀਆਂ ਹਨ। ਅਕਾਲੀ ਦਲ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਖੇਤੀਬਾੜੀ ਸੈਕਟਰ ਨੂੰ ਹੁਲਾਰਾ ਦੇਣ, ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਅਤੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਪਹਿਲਕਦਮੀਆਂ ਹੋਈਆਂ, ਜਿਸ ਨਾਲ ਸੂਬੇ ਦੇ ਸਮੁੱਚੇ ਵਿਕਾਸ 'ਚ ਯੋਗਦਾਨ ਪਾਇਆ ਗਿਆ। ਆਪਣੇ ਸ਼ਾਸਨਕਾਲ ਦੌਰਾਨ, ਅਕਾਲੀ ਦਲ ਨੇ ਰਾਜ ਦੇ ਅੰਦਰ ਸੰਪਰਕ ਵਧਾਉਣ ਅਤੇ ਆਰਥਿਕ ਵਿਕਾਸ ਨੂੰ ਸੁਚਾਰੂ ਬਣਾਉਣ ਲਈ ਸੜਕਾਂ, ਪੁਲਾਂ ਅਤੇ ਰਾਜਮਾਰਗਾਂ ਦੇ ਨਿਰਮਾਣ ਸਮੇਤ ਪੰਜਾਬ ਭਰ 'ਚ ਮਹੱਤਵਪੂਰਨ ਬੁਨਿਆਦੀ ਢਾਂਚੇ ਦੇ ਵਿਕਾਸ ਪ੍ਰਾਜੈਕਟ ਅਸਲ 'ਚ ਲਿਆਂਦੇ। ਪੇਂਡੂ ਭਾਈਚਾਰਿਆਂ ਲਈ ਬਾਜ਼ਾਰਾਂ ਅਤੇ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਆਵਾਜਾਈ ਨੈੱਟਵਰਕ ਦੇ ਆਧੁਨਿਕੀਕਰਨ ਅਤੇ ਪੇਂਡੂ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ 'ਚ ਨਿਵੇਸ਼ ਕੀਤੇ ਗਏ ਸਨ।




ਇਸ ਤੋਂ ਇਲਾਵਾ, ਅਕਾਲੀ ਦਲ ਦੇ ਕਾਰਜਕਾਲ 'ਚ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਰੁਜ਼ਗਾਰ ਸਿਰਜਣ ਨੂੰ ਉਤਸ਼ਾਹਿਤ ਕਰਨ ਲਈ ਉਦਯੋਗਿਕ ਪਾਰਕਾਂ, ਤਕਨਾਲੋਜੀ ਹੱਬਾਂ ਅਤੇ ਵਪਾਰਕ ਜ਼ੋਨਾਂ ਦੀ ਸਿਰਜਣਾ ਸਮੇਤ ਸ਼ਹਿਰੀ ਵਿਕਾਸ ਪ੍ਰਾਜੈਕਟਾਂ ਨੂੰ ਲਾਗੂ ਕੀਤਾ ਗਿਆ। ਸ਼ਹਿਰੀ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਲਈ ਯਤਨ ਕੀਤੇ ਗਏ ਸਨ, ਜਿਸ 'ਚ ਸਮਾਰਟ ਸ਼ਹਿਰਾਂ ਦਾ ਵਿਕਾਸ ਅਤੇ ਨਾਗਰਿਕ ਸਹੂਲਤਾਂ 'ਚ ਸੁਧਾਰ ਸ਼ਾਮਿਲ ਹੈ। ਇਸ ਤੋਂ ਇਲਾਵਾ, ਅਕਾਲੀ ਦਲ ਨੇ ਪੰਜਾਬ ਭਰ 'ਚ ਨਵੇਂ ਹਸਪਤਾਲਾਂ, ਸਕੂਲਾਂ ਅਤੇ ਕਾਲਜਾਂ ਦੀ ਸਥਾਪਨਾ ਦੇ ਨਾਲ ਸਿਹਤ ਸੰਭਾਲ ਅਤੇ ਵਿੱਦਿਅਕ ਢਾਂਚੇ ਦੇ ਵਿਕਾਸ ਨੂੰ ਤਰਜੀਹ ਦਿੱਤੀ। ਸਿਹਤ ਸੰਭਾਲ ਸੁਵਿਧਾਵਾਂ ਨੂੰ ਬਿਹਤਰ ਬਣਾਉਣ, ਵਿੱਦਿਅਕ ਸੰਸਥਾਵਾਂ ਨੂੰ ਅਪਗ੍ਰੇਡ ਕਰਨ ਅਤੇ ਸਮਾਜ ਦੇ ਸਾਰੇ ਵਰਗਾਂ ਲਈ ਮਿਆਰੀ ਸਿਹਤ ਸੰਭਾਲ ਅਤੇ ਸਿੱਖਿਆ ਤੱਕ ਪਹੁੰਚ ਵਧਾਉਣ 'ਤੇ ਜ਼ੋਰ ਦਿੱਤਾ ਗਿਆ।

ਸੰਘਵਾਦ ਅਤੇ ਸੱਤਾ ਦੇ ਵਿਕੇਂਦਰੀਕਰਨ ਦੇ ਮਾਮਲਿਆਂ 'ਚ ਖੇਤਰੀ ਪਾਰਟੀਆਂ ਦੀ ਮਹੱਤਤਾ ਵਿਸ਼ੇਸ਼ ਤੌਰ 'ਤੇ ਸਪੱਸ਼ਟ ਹੋ ਜਾਂਦੀ ਹੈ। ਰਾਜ ਵਿਧਾਨ ਸਭਾਵਾਂ ਅਤੇ ਸੰਸਦ 'ਚ ਆਪਣੀ ਨੁਮਾਇੰਦਗੀ ਰਾਹੀਂ, ਅਕਾਲੀ ਦਲ ਵਰਗੀਆਂ ਪਾਰਟੀਆਂ ਕੇਂਦਰ ਸਰਕਾਰ ਦੇ ਮੁਕਾਬਲੇ ਆਪਣੇ ਹਿਤਾਂ ਦੀ ਰਾਖੀ ਕਰਦੇ ਹੋਏ, ਆਪਣੇ ਰਾਜਾਂ ਲਈ ਵਧੇਰੇ ਖ਼ੁਦਮੁਖਤਿਆਰੀ ਅਤੇ ਸਰੋਤਾਂ ਦੀ ਵੰਡ ਦੀ ਵਕਾਲਤ ਕਰਦੀਆਂ ਹਨ। ਅਕਾਲੀ ਦਲ ਨੇ ਧਾਰਮਿਕ ਆਜ਼ਾਦੀ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ, ਖ਼ਾਸ ਕਰਕੇ ਸਿੱਖ ਕੌਮ ਦੇ ਹੱਕਾਂ ਦੀ ਰਾਖੀ ਕਰਨ 'ਚ ਵੀ ਭੂਮਿਕਾ ਨਿਭਾਈ ਹੈ। ਇਸ ਨੇ ਸਿੱਖ ਧਰਮ ਦੀ ਵੱਖਰੀ ਪਛਾਣ ਦੀ ਮਾਨਤਾ ਅਤੇ ਸਿੱਖ ਧਾਰਮਿਕ ਸੰਸਥਾਵਾਂ, ਜਿਵੇਂ ਕਿ ਗੁਰਦੁਆਰਿਆਂ ਦੀ ਸੁਰੱਖਿਆ ਲਈ ਲਗਾਤਾਰ ਵਕਾਲਤ ਕੀਤੀ ਹੈ। ਇਸ ਤੋਂ ਇਲਾਵਾ, ਅਕਾਲੀ ਦਲ ਨੇ ਪੰਜਾਬ ਦੇ ਪਾਣੀਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਲੋੜੀਂਦੇ ਯਤਨ ਕੀਤੇ ਹਨ। ਕਾਨੂੰਨੀ ਲੜਾਈਆਂ ਅਤੇ ਸਿਆਸੀ ਗੱਲਬਾਤ ਰਾਹੀਂ ਪਾਰਟੀ ਨੇ ਪੰਜਾਬ ਦੀਆਂ ਖੇਤੀ ਅਤੇ ਸਨਅਤੀ ਲੋੜਾਂ ਲਈ ਜਲ ਸਰੋਤਾਂ ਦੀ ਬਰਾਬਰ ਵੰਡ ਨੂੰ ਯਕੀਨੀ ਬਣਾਉਣ ਲਈ ਉਪਰਾਲੇ ਕੀਤੇ ਹਨ।

ਇਸ ਤੋਂ ਇਲਾਵਾ, ਕਿਸਾਨਾਂ ਦੇ ਹੱਕਾਂ ਲਈ ਅਕਾਲੀ ਦਲ ਦੀ ਵਕਾਲਤ ਅਟੱਲ ਰਹੀ ਹੈ ਅਤੇ ਪਾਰਟੀ ਕਿਸਾਨ ਪੱਖੀ ਨੀਤੀਆਂ ਅਤੇ ਪਹਿਲਕਦਮੀਆਂ 'ਚ ਅੱਗੇ ਰਹੀ ਹੈ। ਕਿਸਾਨਾਂ ਦੇ ਹਿਤਾਂ ਦੀ ਰਾਖੀ ਲਈ ਇਸ ਦੀਆਂ ਕੋਸ਼ਿਸ਼ਾਂ, ਜਿਵੇਂ ਕਿ ਖੇਤੀ ਉਪਜ ਲਈ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਉਣਾ ਅਤੇ ਕਿਸਾਨਾਂ ਲਈ ਨੁਕਸਾਨਦੇਹ ਖੇਤੀ ਕਾਨੂੰਨਾਂ ਦਾ ਵਿਰੋਧ ਕਰਨਾ, ਪੰਜਾਬ ਦੇ ਖੇਤੀ ਪ੍ਰਧਾਨ ਭਾਈਚਾਰੇ ਪ੍ਰਤੀ ਇਸ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਬਹੁਤ ਜ਼ਰੂਰੀ ਹੈ ਕਿ ਖੇਤਰੀ ਪਾਰਟੀਆਂ ਨੂੰ ਆਪਣੇ-ਆਪਣੇ ਖੇਤਰਾਂ ਦੀ ਵਿਲੱਖਣ ਸਮਾਜਿਕ-ਆਰਥਿਕ, ਸੱਭਿਆਚਾਰਕ ਅਤੇ ਰਾਜਨੀਤਿਕ ਗਤੀਸ਼ੀਲਤਾ ਨੂੰ ਸਮਝਣ। ਇਸ 'ਚ ਉਨ੍ਹਾਂ ਲੋਕਾਂ ਦੀਆਂ ਖ਼ਾਸ ਲੋੜਾਂ, ਇੱਛਾਵਾਂ ਅਤੇ ਚਿੰਤਾਵਾਂ ਨੂੰ ਪਛਾਣਨਾ ਸ਼ਾਮਿਲ ਹੈ, ਜਿਨ੍ਹਾਂ ਦੀ ਉਹ ਪ੍ਰਤੀਨਿਧਤਾ ਕਰਦੀਆਂ ਹਨ। ਇਨ੍ਹਾਂ ਨੂੰ ਵਿਆਪਕ ਰਾਸ਼ਟਰੀ ਸੰਦਰਭ ਅਤੇ ਸਮੁੱਚੇ ਦੇਸ਼ 'ਤੇ ਉਨ੍ਹਾਂ ਦੀਆਂ ਕਾਰਵਾਈਆਂ ਦੇ ਪ੍ਰਭਾਵ ਤੋਂ ਜਾਣੂ ਹੋਣਾ ਚਾਹੀਦਾ ਹੈ। ਖੇਤਰੀ ਹਿਤਾਂ ਦੀ ਵਕਾਲਤ ਕਰਦੇ ਹੋਏ, ਉਨ੍ਹਾਂ ਨੂੰ ਦੂਜੇ ਰਾਜਾਂ ਅਤੇ ਕੇਂਦਰ ਸਰਕਾਰ ਨਾਲ ਸਦਭਾਵਨਾ ਅਤੇ ਸਹਿਯੋਗ ਬਣਾਈ ਰੱਖਣ ਲਈ ਵੀ ਯਤਨਸ਼ੀਲ ਰਹਿਣਾ ਚਾਹੀਦਾ ਹੈ। ਖੇਤਰੀ ਪਾਰਟੀਆਂ ਨੂੰ ਆਪਣੀ ਪਹੁੰਚ 'ਚ ਕਿਰਿਆਸ਼ੀਲ, ਜਵਾਬਦੇਹ ਅਤੇ ਸੰਮਿਲਿਤ ਹੋਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਉਨ੍ਹਾਂ ਵਿਭਿੰਨ ਭਾਈਚਾਰਿਆਂ ਦੇ ਹਿਤਾਂ ਅਤੇ ਇੱਛਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀਆਂ ਹਨ, ਜਿਨ੍ਹਾਂ ਦੀ ਉਹ ਸੇਵਾ ਕਰਨਾ ਉਨ੍ਹਾਂ ਦਾ ਫਰਜ਼ ਹੈ। ਇਨ੍ਹਾਂ ਵਿਚਾਰਾਂ ਨਾਲ ਜੁੜੇ ਰਹਿ ਕੇ, ਖੇਤਰੀ ਪਾਰਟੀਆਂ ਆਪਣੇ ਖੇਤਰਾਂ ਦੇ ਸਮਾਜਿਕ-ਆਰਥਿਕ ਅਤੇ ਰਾਜਨੀਤਕ ਲੈਂਡਸਕੇਪ ਨੂੰ ਆਕਾਰ ਦੇਣ ਅਤੇ ਦੇਸ਼ ਦੀ ਤਰੱਕੀ ਅਤੇ ਵਿਕਾਸ 'ਚ ਯੋਗਦਾਨ ਪਾਉਣ 'ਚ ਇੱਕ ਰਚਨਾਤਮਿਕ ਭੂਮਿਕਾ ਨਿਭਾਅ ਸਕਦੀਆਂ ਹਨ।

ਸਿੱਟੇ ਵਜੋਂ, ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਭਾਰਤ ਦੀ ਸੰਘੀ ਰਾਜਨੀਤੀ ਦੇ ਲਾਜ਼ਮੀ ਥੰਮ੍ਹਾਂ ਵਜੋਂ ਕੰਮ ਕਰਦੀਆਂ ਹਨ, ਰਾਜ ਦੇ ਹਿਤਾਂ ਦੀ ਵਕਾਲਤ ਕਰਦੀਆਂ ਹਨ ਅਤੇ ਵਿਕੇਂਦਰੀਕਰਨ ਅਤੇ ਸੱਭਿਆਚਾਰਕ ਵਿਭਿੰਨਤਾ ਦੇ ਸਿਧਾਂਤਾਂ ਨੂੰ ਕਾਇਮ ਰੱਖਦੀਆਂ ਹਨ। ਸ਼ਾਸਨ ਅਤੇ ਰਾਜਨੀਤੀ ਵਿੱਚ ਆਪਣੀ ਸਰਗਰਮ ਸ਼ਮੂਲੀਅਤ ਰਾਹੀਂ, ਇਹ ਪਾਰਟੀਆਂ ਆਪੋ-ਆਪਣੇ ਰਾਜਾਂ ਦੇ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਦ੍ਰਿਸ਼ ਨੂੰ ਰੂਪ ਦੇਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ, ਜਿਵੇਂ ਕਿ ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਦੀ ਵਿਰਾਸਤ ਦੀ ਉਦਾਹਰਨ ਹੈ, ਖੇਤਰੀ ਪਾਰਟੀਆਂ ਸਿਰਫ਼ ਰਾਜਨੀਤਕ ਸੰਸਥਾਵਾਂ ਹੀ ਨਹੀਂ, ਸਗੋਂ ਰਾਜਾਂ ਦੀਆਂ ਇੱਛਾਵਾਂ, ਪਛਾਣ ਅਤੇ ਤਰੱਕੀ ਦੀਆਂ ਰੱਖਿਅਕ ਹਨ।

# ਵਿਗਿਆਨਕ ਮਾਨਵਤਾਵਾਦ



ਰਣਜੀਤ ਸਿੰਘ ਕੁਕੀ

ਵਿਗਿਆਨਕ ਮਾਨਵਤਾਵਾਦ ਅਤੇ ਇਸ ਦਾ ਰਾਜਨੀਤਿਕ ਸਬੰਧ ਰੂੜ੍ਹੀਵਾਦ ਅਤੇ ਰਿਗਰੈਸ਼ਨ ਦੁਆਰਾ ਸੰਗਠਿਤ ਯੁੱਗ ਵਿੱਚ ਵਿਗਿਆਨਕ ਗਿਆਨ ਦੇ ਅਧਾਰ ਤੇ ਮਨੁੱਖੀ ਆਜ਼ਾਦੀ ਦੇ ਇੱਕ ਦਾਰਸ਼ਨਿਕ ਦ੍ਰਿਸ਼ਟੀਕੋਣ ਦੀ ਪੇਸ਼ਕਸ਼ ਕਰਦਾ ਹੈ। ਸੰਕਟ ਦੇ ਦੌਰ, ਸਮਾਜਿਕ, ਰਾਜਨੀਤਿਕ ਜਾਂ ਆਰਥਿਕ, ਸਮਾਜ ਦੇ ਰੈਡੀਕਲ ਪੁਨਰਗਠਨ ਦੀ ਜ਼ਰੂਰਤ ਵੱਲ ਧਿਆਨ ਦਿੰਦੇ ਹਨ। ਸਾਰੇ ਤਰਕਸ਼ੀਲ ਅਤੇ ਅਗਾਂਹਵਧੂ ਵਿਅਕਤੀ ਇਸ ਤਾਕੀਦ ਤੋਂ ਜਾਣੂ ਹਨ। ਇਹ 19ਵੀਂ ਸਦੀ ਦੇ ਉਦਾਰਵਾਦੀ ਜਮਹੂਰੀਅਤ ਦਾ ਮਾਮਲੇ ਵਿੱਚ ਵੀ ਹੋਇਆ, ਜੋ ਪੂੰਜੀਵਾਦ ਦੇ ਅਧੀਨ ਸ਼ੋਸ਼ਣ ਵਿੱਚ ਪਤਿਤ ਹੋ ਗਿਆ ਸੀ, ਜਿਸ ਨੇ ਸਵੈਮਾਣ ਅਤੇ ਨਿਆਂ ਦੀ ਭਾਵਨਾ ਵਾਲੇ ਲੋਕਾਂ ਨੂੰ ਇੱਕ ਸਮਾਜਿਕ ਵਿਵਸਥਾ ਦਾ ਇੱਕ ਬਿਹਤਰ ਵਿਕਲਪ ਲੱਭਣ ਲਈ ਮਜ਼ਬੂਰ ਕੀਤਾ ਸੀ ਜੋ ਆਪਣੇ ਆਪ ਨੂੰ ਹਰ ਮਨੁੱਖ ਆਪਣੇ ਲਈ, ਅਤੇ ਸ਼ੈਤਾਨ ਸਭ ਤੋਂ ਪਿੱਛੇ ਵੱਲ ਲੈ ਜਾਂਦਾ ਹੈ। ਸਮੇਂ ਦੇ ਬੀਤਣ ਨਾਲ, ਇਹਨਾਂ ਕੱਟੜਪੰਥੀਆਂ ਅਤੇ ਕ੍ਰਾਂਤੀਕਾਰੀਆਂ ਦਾ ਇੱਕ ਵੱਡਾ ਹਿੱਸਾ ਨਵੇਂ ਸਮੂਹਵਾਦੀ ਸਿਧਾਂਤਾਂ ਦੇ ਪ੍ਰਭਾਵ ਹੇਠ ਆ ਗਿਆ, ਜਿਸ ਨੇ ਸੰਸਾਰ ਭਰ ਵਿੱਚ ਉਦਾਰ ਜਮਹੂਰੀਅਤ ਅਤੇ ਪੂੰਜੀਵਾਦੀ ਸ਼ੋਸ਼ਣ ਦੇ ਨੁਕਸ ਨੂੰ ਹੱਲ ਕਰਨ ਲਈ ਇੱਕ ਪਰਿਵਰਤਨਸ਼ੀਲ ਤਾਨਾਸ਼ਾਹੀ ਅਤੇ ਕੇਂਦਰੀਕਰਨ ਆਰਥਿਕ ਯੋਜਨਾ ਦੀ ਪੇਸ਼ਕਸ਼ ਕੀਤੀ।

ਰੈਡੀਕਲ ਲੋਕਤੰਤਰ ਇੱਕ ਕਿਸਮ ਦਾ ਲੋਕਤੰਤਰ ਹੈ ਜੋ ਬਰਾਬਰੀ ਅਤੇ ਆਜ਼ਾਦੀ ਦੇ ਇਨਕਲਾਬੀ ਵਿਸਥਾਰ ਦੀ ਵਕਾਲਤ ਕਰਦਾ ਹੈ। ਰੈਡੀਕਲ ਜਮਹੂਰੀਅਤ ਦਾ ਸਬੰਧ ਬਰਾਬਰੀ ਅਤੇ ਆਜ਼ਾਦੀ ਦੇ ਇੱਕ ਇਨਕਲਾਬੀ ਵਿਸਤਾਰ ਨਾਲ ਹੈ, ਇਸ ਵਿਚਾਰ ਤੋਂ ਬਾਅਦ ਕਿ ਲੋਕਤੰਤਰ ਇੱਕ ਅਧੂਰੀ, ਸੰਮਲਿਤ, ਨਿਰੰਤਰ ਅਤੇ ਪ੍ਰਤੀਕਿਰਿਆਸ਼ੀਲ ਪ੍ਰਕਿਰਿਆ ਹੈ। ਉਦਾਰਵਾਦੀ-ਪ੍ਰਤੀਨਿਧੀ ਜਮਹੂਰੀਅਤ ਦੇ ਸਿਧਾਂਤਾਂ ਦੀ ਆਲੋਚਨਾ ਜੋ ਰਾਸ਼ਟਰ-ਰਾਜ ਨੂੰ ਜਮਹੂਰੀ ਰਾਜਨੀਤੀ ਦੇ ਕੁਦਰਤੀ ਕੰਟੇਨਰ ਵਜੋਂ ਮੰਨਦੇ ਹਨ, ਨੇ ਭੂਗੋਲ ਵਿਗਿਆਨੀਆਂ ਨੂੰ ਲੋਕਤੰਤਰੀ ਰਾਜਨੀਤੀ ਦੇ ਵੱਖ-ਵੱਖ ਵਿਕਲਪਿਕ ਮਾਡਲਾਂ ਵੱਲ ਵੱਧਦਾ ਧਿਆਨ ਦੇਣ ਲਈ ਉਤਸ਼ਾਹਿਤ ਕੀਤਾ ਹੈ। ਇਸ ਫੋਕਸ ਦੇ ਦੋ ਪਹਿਲੂ ਹਨ: ਰਾਸ਼ਟਰ-ਰਾਜ ਦੇ ਉੱਪਰ ਅਤੇ ਹੇਠਾਂ ਜਮਹੂਰੀ ਰਾਜਨੀਤੀ ਦੇ ਪੈਮਾਨੇ ਨਾਲ ਚਿੰਤਾ ਅਤੇ ਸਥਾਪਿਤ ਅਤੇ ਨਵੇਂ ਅਖਾੜਿਆਂ ਵਿੱਚ ਜਮਹੂਰੀ ਰਾਜਨੀਤੀ ਨੂੰ ਇਨਕਲਾਬੀ ਬਣਾਉਣ ਦੀ ਸੰਭਾਵਨਾ ਬਾਰੇ ਚਿੰਤਾ ਲੋਕਤੰਤਰੀ ਰਾਜਨੀਤੀ ਦੇ ਵਿਕਲਪਿਕ ਮਾਡਲਾਂ 'ਤੇ ਧਿਆਨ ਦੇਣ ਦਾ ਪਹਿਲਾ ਪਹਿਲੂ ਜਮਹੂਰੀ ਰਾਜਨੀਤੀ ਦੇ ਉਨ੍ਹਾਂ ਸਥਾਨਾਂ 'ਤੇ ਧਿਆਨ ਕੇਂਦਰਿਤ ਕਰਨਾ ਹੈ ਜੋ ਰਾਸ਼ਟਰ-ਰਾਜ ਦੇ ਪੱਧਰ ਤੋਂ ਉੱਪਰ ਅਤੇ ਹੇਠਾਂ ਮੌਜੂਦ ਹਨ। ਜਦੋਂ ਕਿ ਚੋਣ ਭੂਗੋਲ ਉਪ-ਰਾਸ਼ਟਰੀ ਚੋਣ ਨਤੀਜਿਆਂ ਦੇ ਸਮੁੱਚੇ ਰਾਸ਼ਟਰੀ ਚੋਣ ਨਤੀਜਿਆਂ ਵਿੱਚ ਬਦਲਾਅ 'ਤੇ ਧਿਆਨ ਕੇਂਦਰਿਤ ਕਰਦਾ ਹੈ, ਇਸ ਨਾਲ ਸੰਬੰਧਿਤ ਵਧਦਾ ਸਾਹਿਤ ਆਪਣੇ ਆਪ ਵਿੱਚ ਲੋਕਤੰਤਰੀ ਰਾਜਨੀਤੀ ਦੇ ਇੱਕ ਵਿਸ਼ੇਸ਼ ਅਧਿਕਾਰ ਵਾਲੇ ਦ੍ਰਿਸ਼ ਵਜੋਂ ਸ਼ਹਿਰ ਜਾਂ ਖੇਤਰ 'ਤੇ ਕੇਂਦ੍ਰਤ ਕਰਦਾ ਹੈ। ਇਹ ਫੋਕਸ ਸਥਾਨ ਬਾਰੇ ਦਾਅਵਿਆਂ ਨਾਲ ਸਬੰਧਿਤ ਹੈ ਜਿਵੇਂ ਕਿ ਮੁੱਖ ਸਥਾਨਿਕ ਵਿਧੀ, ਜਿਸ ਵਿੱਚ ਵੱਖ-ਵੱਖ ਪਛਾਣਾਂ ਅਤੇ ਰੁਚੀਆਂ ਦਾ ਅਨੁਭਵ ਕੀਤਾ ਜਾਂਦਾ ਹੈ ਅਤੇ

ਗੱਲਬਾਤ ਕੀਤੀ ਜਾਂਦੀ ਹੈ। ਉਸੇ ਸਮੇਂ, ਰਾਜਨੀਤੀ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਵਿੱਚ, ਜਮਹੂਰੀਅਤ ਦੇ ਖੇਤਰੀ ਢਾਂਚੇ ਨੂੰ ਸਮਕਾਲੀ ਅੰਤਰ-ਰਾਸ਼ਟਰਵਾਦ ਅਤੇ ਵਿਸ਼ਵੀਕਰਨ ਦੇ ਤੱਥਾਂ ਦੇ ਨਾਲ ਜਮਹੂਰੀ ਸਿਧਾਂਤ ਦਾ ਟਾਕਰਾ ਕਰਕੇ ਆਲੋਚਨਾਤਮਕ ਜਾਂਚ ਦੇ ਅਧੀਨ ਕੀਤਾ ਜਾ ਰਿਹਾ ਹੈ।

ਜਮਹੂਰੀ ਰਾਜਨੀਤੀ ਵਿੱਚ ਸ਼ਮੂਲੀਅਤ ਅਤੇ ਭਾਗੀਦਾਰੀ ਬਾਰੇ ਸੁਲਝੀਆਂ ਧਾਰਨਾਵਾਂ ਅੰਤਰ- ਰਾਸ਼ਟਰੀ ਸਮਾਜਿਕ ਸਬੰਧਾਂ ਅਤੇ ਪਛਾਣਾਂ ਦੁਆਰਾ ਪਰੇਸ਼ਾਨ ਹੁੰਦੀਆਂ ਹਨ, ਜੋ ਪ੍ਰਤੀਨਿਧਤਾ ਦੇ ਖੇਤਰੀ ਮਾਡਲਾਂ ਦੀਆਂ ਸੀਮਾਵਾਂ ਨੂੰ ਦਰਸਾਉਂਦੀਆਂ ਹਨ। ਜਮਹੂਰੀ ਫੈਸਲੇ ਲੈਣ ਦੇ ਉਦੇਸ਼ਾਂ ਬਾਰੇ ਸੁਲਝੀਆਂ ਧਾਰਨਾਵਾਂ ਵੀ ਇਸੇ ਤਰ੍ਹਾਂ ਗੈਰ-ਖੇਤਰੀ ਮਸਲਿਆਂ, ਜਿਵੇਂ ਕਿ ਗਲੋਬਲ ਜਲਵਾਯੂ ਪਰਿਵਰਤਨ, ਮਹਾਂਮਾਰੀ ਦੀ ਬਿਮਾਰੀ, ਅਤੇ ਏਕੀਕ੍ਰਿਤ ਅੰਤਰ-ਰਾਸ਼ਟਰੀ ਵਿੱਤੀ ਬਾਜ਼ਾਰਾਂ ਦੇ ਪ੍ਰਸਾਰ ਦੇ ਨਾਲ ਦਬਾਅ ਵਿੱਚ ਹਨ।

ਗੁੰਝਲਦਾਰ ਸਥਾਨਾਂ ਅਤੇ ਪੈਮਾਨਿਆਂ ਵੱਲ ਧਿਆਨ ਦੀ ਇਹ ਤਬਦੀਲੀ, ਜਿਸ ਰਾਹੀਂ ਲੋਕਤੰਤਰੀ ਰਾਜਨੀਤੀ ਕੰਮ ਕਰਦੀ ਹੈ, ਭੂਗੋਲ ਵਿੱਚ ਵਿਕਲਪਕ ਜਮਹੂਰੀ ਸਥਾਨਾਂ 'ਤੇ ਖੋਜ ਦੇ ਦੂਜੇ ਪਹਿਲੂ ਨਾਲ ਸਬੰਧਿਤ ਹੈ। ਇਹ ਉਦਾਰਵਾਦੀ-ਨੁਮਾਇੰਦੇ ਸ਼ਾਸਨ ਵਿੱਚ ਵੱਖ-ਵੱਖ ਫ੍ਰੈਕਚਰ ਦੀ ਖੋਜ ਅਤੇ ਪੁਸ਼ਟੀ

ਕਰਨ ਨਾਲ ਸਬੰਧਿਤ ਹੈ। ਇਹ ਖੋਜਾਂ ਜਮਹੂਰੀਅਤ ਨੂੰ ਕੇਂਦਰੀਕ੍ਰਿਤ ਨੌਕਰਸ਼ਾਹੀ ਦੇ ਫੈਸਲਿਆਂ ਨੂੰ ਜਾਇਜ਼ ਠਹਿਰਾਉਣ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਜਵਾਬਦੇਹ ਬਣਾਉਣ ਲਈ ਸਿਰਫ਼ ਇੱਕ ਪ੍ਰਕਿਰਿਆ ਦੇ ਰੂਪ ਵਿੱਚ ਸੋਚਣ ਲਈ ਵਚਨਬੱਧ ਹਨ। ਇਹ ਭੂਗੋਲ ਵਿੱਚ ਜਮਹੂਰੀਅਤ ਦੇ ਸਿਧਾਂਤਾਂ ਦੇ ਪ੍ਰਚਲਣ ਦੁਆਰਾ ਦਰਸਾਏ ਗਏ ਹਨ ਜੋ ਰਾਜਨੀਤਿਕ ਨੂੰ ਇੱਕ ਖੇਤਰ ਦੇ ਰੂਪ ਵਿੱਚ ਮੁੜ ਪਰਿਭਾਸ਼ਿਤ ਕਰਨ 'ਤੇ ਕੇਂਦ੍ਰਤ ਕਰਦੇ ਹਨ ਜਿਸ ਵਿੱਚ ਨਵੀਆਂ ਪਛਾਣਾਂ ਬਣੀਆਂ ਹਨ ਅਤੇ ਨਵੇਂ ਏਜੰਡੇ ਤਿਆਰ ਕੀਤੇ ਜਾਂਦੇ ਹਨ ਅਤੇ ਜਿਸ ਦੁਆਰਾ ਅਧਿਕਾਰਤ ਰਾਜਨੀਤੀ ਦੀਆਂ ਸਥਿਰ ਪ੍ਰਕਿਰਿਆਵਾਂ, ਸੰਸਥਾਵਾਂ ਅਤੇ ਪਛਾਣਾਂ ਬਣਦੀਆਂ ਹਨ। ਇਹ ਜਮਹੂਰੀਕਰਨ ਦੀ ਇੱਕ ਵਿਕਲਪਿਕ ਭਾਵਨਾ ਦਾ ਸੰਕੇਤ ਹੈ, ਜਿਸ ਨੂੰ ਕਿ ਜਮਹੂਰੀਅਤ ਦੇ ਸਥਾਪਿਤ ਨਿਯਮਾਂ ਦੇ ਭੂਗੋਲਿਕ ਪ੍ਰਸਾਰ ਦੇ ਰੂਪ ਵਿੱਚ ਨਹੀਂ ਸਮਝਿਆ ਜਾਂਦਾ ਹੈ, ਪਰ ਲੋਕਤੰਤਰੀ ਭਾਵਨਾਵਾਂ ਦੇ ਡੂੰਘੇ ਹੋਣ ਅਤੇ ਰੋਜ਼ਾਨਾ ਜੀਵਨ ਦੇ ਨਵੇਂ ਅਖਾੜਿਆਂ ਦੇ ਉਹਨਾਂ ਦੇ ਵਿਸਥਾਰ ਨੂੰ ਸਮਝਿਆ ਜਾਂਦਾ ਹੈ। ਚੋਣਾਂ, ਵੋਟਿੰਗ ਅਤੇ ਪਾਰਟੀਆਂ ਦੀਆਂ ਰਸਮੀ ਲੋਕਤਾਂਤਰਿਕ ਪ੍ਰਕਿਰਿਆਵਾਂ ਤੇ ਚੋਣ ਭੂਗੋਲ ਅਤੇ ਮੁੱਖ ਧਾਰਾ ਦੇ ਰਾਜਨੀਤੀ ਵਿਗਿਆਨ ਦੇ ਫੋਕਸ ਦੇ ਉਲਟ, ਵਿਭਿੰਨ ਪ੍ਰਥਾਵਾਂ ਅਤੇ ਸਾਈਟਾਂ 'ਤੇ ਧਿਆਨ ਦਿੱਤਾ ਜਾਂਦਾ ਹੈ ਜਿੱਥੇ ਜਵਾਬਦੇਹੀ, ਨਾਗਰਿਕਤਾ, ਨਿਆਂ ਅਤੇ ਭਾਗੀਦਾਰੀ ਦੇ ਸਵਾਲ ਲੜੇ ਜਾਂਦੇ ਹਨ।

ਜਮਹੂਰੀ ਸੋਚ ਦੇ ਇਹ ਵਿਸ਼ਾਲ ਸਕੂਲ ਜਮਹੂਰੀ ਰਾਜਨੀਤੀ ਦੀ ਕੇਂਦਰੀ ਆਦਰਸ਼ ਵਿਸ਼ੇਸ਼ਤਾ ਵਜੋਂ ਭਾਗਦਾਰੀ ਦੇ ਸਾਧਨ ਅਤੇ ਅੰਦਰੂਨੀ ਮੁੱਲ 'ਤੇ ਜ਼ੋਰ ਦਿੰਦੇ ਹਨ। ਉਹ ਲੋਕਤੰਤਰ, ਅਧਿਕਾਰਾਂ ਅਤੇ ਸਮਾਜਿਕ ਨਿਆਂ ਦੇ ਵਿਚਕਾਰ ਸਬੰਧਾਂ ਬਾਰੇ 20ਵੀਂ-ਸਦੀ ਦੇ ਸਮਾਨਤਾਵਾਦੀ ਵਿਚਾਰ ਦੇ ਇੱਕ ਵਿਸ਼ਾਲ ਪਰਿਵਾਰ ਨਾਲ ਸਬੰਧਤ ਹਨ, ਜਿਸ ਵਿੱਚ ਰਾਅਲ ਤੋਂ ਬਾਅਦ ਦੇ ਸਿਆਸੀ ਦਰਸ਼ਨ ਵੀ ਸ਼ਾਮਲ ਹਨ; ਪੋਸਟ-ਜਮਹੂਰੀਅਤ ਦੇ ਹੈਬਰਮੇਸੀਅਨ ਸਿਧਾਂਤ, ਉਹਨਾਂ ਦੇ ਨਾਰੀਵਾਦੀ ਰੂਪਾਂ ਸਮੇਤ; ਵੱਖ-ਵੱਖ ਉੱਤਰ- ਬਸਤੀਵਾਦੀ ਉਦਾਰਵਾਦ; ਕ੍ਰਾਂਤੀਕਾਰੀ ਉਦਾਰਵਾਦ ਅਤੇ ਰੈਡੀਕਲ ਜਮਹੂਰੀਅਤ ਦੇ ਉੱਤਰ- ਸੰਰਚਨਾਵਾਦੀ ਸਿਧਾਂਤ; ਅਤੇ ਲੋਕਤੰਤਰ, ਆਜ਼ਾਦੀ ਅਤੇ ਨਿਆਂ ਦੇ ਗਣਤੰਤਰ ਸਿਧਾਂਤਾਂ ਦੀ ਪੁਨਰ

ਸੁਰਜੀਤੀ। 20ਵੀਂ-ਸਦੀ ਦੇ ਇਤਿਹਾਸ ਦੇ ਤਜ਼ਰਬੇ ਤੋਂ ਕੱਟੜਪੰਥੀ ਰਾਜਨੀਤਿਕ ਸਿਧਾਂਤ ਦੇ ਵਿਭਿੰਨ ਤਾਰਾਂ ਦੁਆਰਾ ਖਿੱਚੇ ਗਏ ਸਬਕ ਵਿੱਚੋਂ ਇੱਕ ਇਹ ਹੈ ਕਿ ਸਮਾਜਿਕ ਨਿਆਂ ਲਈ ਸੰਘਰਸ਼ ਗਲਬੇ ਅਤੇ ਅਸਮਾਨਤਾ ਦੇ ਨਵੇਂ ਰੂਪ ਪੈਦਾ ਕਰ ਸਕਦਾ ਹੈ। ਇਹ ਬਹੁਲਵਾਦੀ ਸੰਘੀ ਜੀਵਨ ਦੀ ਰਾਜਨੀਤੀ ਵਿੱਚ ਸਮਝ ਲਈ ਇੱਕ ਸੰਭਾਵੀ ਸਰੋਤ ਦੇ ਰੂਪ ਵਿੱਚ ਉਦਾਰਵਾਦ ਦੀ ਇੱਕ ਗੰਭੀਰ ਪ੍ਰਸ਼ੰਸਾ ਵੱਲ ਅਗਵਾਈ ਕਰਦਾ ਹੈ।



# ਹੁਣ ਸਮਾਂ ਕੁਦਰਤੀ ਖੇਤੀ ਵੱਲ ਪਰਤਣ ਦਾ !

## ਸਮਾਂ ਰਹਿੰਦੇ ਸੰਭਲ ਜਾਓ ਪੰਜਾਬੀਓ...

## ਖੇਤਾਂ ਦੇ ਪੁੱਤਰ ਖੇਤੀ ਤੋਂ ਹੀ ਕਿਉਂ ਹੋਣ ਲੱਗੇ ਦੂਰ?




ਪੰਜਾਬੀ ਕਿਸਾਨਾਂ ਨੇ ਸਖ਼ਤ ਮਿਹਨਤ ਨਾਲ ਪੰਜਾਬ ਵਿੱਚ ਹਰਾ ਇਨਕਲਾਬ ਲਿਆ ਕੇ ਮੁਲਕ ਦੇ ਅੰਨ ਭੰਡਾਰ ਤਾਂ ਭਰ ਦਿੱਤੇ, ਪਰ ਇਸ ਹਰੇ ਇਨਕਲਾਬ ਨੂੰ ਲਿਆਉਣ ਲਈ ਕਿਸਾਨ ਕੁਝ ਹੱਦ ਤਕ ਕੁਦਰਤੀ ਖੇਤੀ ਤੋਂ ਦੂਰ ਹੋ ਗਏ। ਫਸਲਾਂ ਦੀ ਵੱਧ ਤੋਂ ਵੱਧ ਉਪਜ ਲੈਣ ਲਈ ਫਸਲਾਂ ਵਿੱਚ ਕਿਸਾਨਾਂ ਵੱਲੋਂ ਜੋ ਰਸਾਇਣਿਕ ਖਾਦਾਂ ਪਾਈਆਂ ਜਾਣ ਲੱਗੀਆਂ, ਉਪਜਾਊ ਮਿੱਟੀ ਵਿੱਚ ਵੀ ਓਪਰੀਆਂ ਰੇਹਾਂ ਪਾਈਆਂ ਜਾਣ ਲੱਗੀਆਂ, ਫਸਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਫਸਲਾਂ ’ਤੇ ਅੰਨ੍ਹੇਵਾਹ ਜ਼ਹਿਰਾਂ ਤੇ ਕੀਟਨਾਸ਼ਕਾਂ ਦੀ ਵਰਤੋ ਕੀਤੀ ਜਾ ਰਹੀ ਹੈ, ਉਸ ਦੇ ਮਾੜੇ ਨਤੀਜੇ ਸਾਹਮਣੇ ਆ ਰਹੇ ਹਨ। ਅੱਜ ਕਣਕ ਦੀ ਫਸਲ ਦਾ ਵੱਧ ਝਾੜ ਲੈਣ ਲਈ ਜਿਥੇ ਕਿਸਾਨਾਂ ਵਲੋਂ ਰਸਾਇਣਿਕ ਖਾਂਦਾ ਦੀ ਲੋੜ ਤੋਂ ਜਿਆਦਾ ਵਰਤੋ ਕੀਤੀ ਜਾ ਰਹੀ ਹੈ, ਉਥੇ ਕਣਕ ਦੀ ਫਸਲ ਉੱਪਰ ਕੀੜੇਮਾਰ ਦਵਾਈਆਂ ਦਾ ਛਿੜਕਾਓ ਵੀ ਕੀਤਾ ਜਾਂਦਾ ਹੈ, ਜਿਸ ਦਾ ਅਸਰ ਕਣਕ ਦੀ ਪੱਕੀ ਫਸਲ ਭਾਵ ਕਣਕ ਦੇ ਦਾਣਿਆਂ ਵਿੱਚ ਵੀ ਰਹਿ ਜਾਂਦਾ ਹੈ। ਇਹੋ ਹਾਲ ਹੋਰਨਾਂ ਫਸਲਾਂ, ਸਬਜ਼ੀਆਂ ਅਤੇ ਫਲਾਂ ਦਾ ਹੈ। ਕਿਸਾਨਾਂ ਵੱਲੋਂ ਫਸਲ ਦੀ ਉਪਜ ਵੱਧ ਤੋਂ ਵੱਧ ਕਰਨ ਲਈ ਅਤੇ ਫਸਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਅੰਨ੍ਹੇਵਾਹ ਜ਼ਹਿਰਾਂ / ਕੀੜੇਮਾਰ ਦਵਾਈਆਂ ਦੀ ਵਰਤੋ ਕੀਤੀ ਜਾਂਦੀ ਹੈ, ਇਹਨਾਂ ਕੀੜੇਮਾਰ ਦਵਾਈਆਂ ਦਾ ਕੁਝ ਹੱਦ ਤਕ ਅਸਰ ਸਬਜ਼ੀਆਂ, ਫਲਾਂ ਅਤੇ ਹੋਰਨਾਂ ਪੱਕੀਆਂ ਫਸਲਾਂ ’ਤੇ ਰਹਿ ਜਾਂਦਾ ਹੈ। ਇਸ ਤਰਾਂ ਅਜਿਹੀਆਂ ਸਬਜ਼ੀਆਂ, ਫਲ ਤੇ ਕਣਕ ਤੇ ਹੋਰ ਖੇਤੀ ਰਾਹੀਂ ਪੈਦਾ ਹੋਇਆ ਸਮਾਨ ਖਾਣ ਨਾਲ ਮਨੁੱਖ ਦੇ ਸਰੀਰ ਨੂੰ ਲਾਭ ਹੋਣ ਦੀ ਥਾਂ ਨੁਕਸਾਨ ਹੋ ਰਹੇ ਹਨ। ਇਸ ਤੋਂ ਇਲਾਵਾ ਕੱਦੂ ਦੀ ਵੇਲ ਨੂੰ ਕਿਸਾਨਾਂ ਵਲੋਂ ਜੜਾਂ ਵਿੱਚ ਮੱਝਾਂ ਦੀ ਧਾਰ ਚੋਣ ਵੇਲੇ ਲਗਾਇਆ ਜਾਣ ਵਾਲਾ ਟੀਕਾ ਲਗਾ ਕੇ ਰਾਤੋਂ ਰਾਤ ਵੱਡਾ ਕਰ ਲਿਆ ਜਾਂਦਾ ਹੈ। ਇਸ ਟੀਕੇ ਦਾ ਅਸਰ ਕੱਦੂਆਂ ਵਿੱਚ ਰਹਿ ਜਾਂਦਾ ਹੈ, ਜਦੋਂ ਮਨੁੱਖ ਅਜਿਹੇ ਕੱਦੂਆਂ ਨੂੰ ਖਾਂਦਾ ਹੈ ਤਾਂ ਟੀਕੇ ਦੇ ਅੰਸ਼ ਉਸ ਦੇ ਅੰਦਰ ਚਲੇ ਜਾਂਦੇ ਹਨ।



ਪੰਜਾਬ ਦੇ ਕਿਸਾਨ ਲੰਬੇ ਸਮੇਂ ਤੋਂ ਕਣਕ ਝੋਨੇ ਦੇ ਫਸਲੀ ਚੱਕਰ ਵਿੱਚ ਫਸੇ ਹੋਏ ਹਨ, ਇਸ ਫਸਲੀ ਚੱਕਰ ਵਿਚੋਂ ਕੱਢਣ ਲਈ ਸਰਕਾਰਾਂ ਅਤੇ ਹੋਰਨਾਂ ਜਿੰਮੇਵਾਰ ਲੋਕਾਂ ਵਲੋਂ ਦਾਅਵੇ ਤਾਂ ਬਹੁਤ ਕੀਤੇ ਗਏ ਪਰ ਠੋਸ ਰੂਪ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ। ਕਿਸਾਨਾਂ ਦਾ ਕਹਿਣਾ ਹੈ ਕਿ ਹੋਰਨਾਂ ਫਸਲਾਂ ਦਾ ਸਹੀ ਮੰਡੀਕਰਨ ਨਾ ਹੋਣ ਕਾਰਨ ਉਹ ਕਣਕ ਝੋਨੇ ਦਾ ਫਸਲੀ ਚੱਕਰ ਅਪਨਾਉਣ ਨੂੰ ਮਜਬੂਰ ਹਨ। ਭਾਵੇਂ ਕਿ ਝੋਨੇ ਦੀ ਲਗਾਤਾਰ ਬਿਜਾਈ ਕਾਰਨ ਪੰਜਾਬ ਦੀ ਧਰਤੀ ਹੇਠਲਾ ਪਾਣੀ ਦਿਨੋਂ ਦਿਨ ਹੋਰ ਹੇਠਾਂ ਜਾ ਰਿਹਾ ਹੈ ਜੋ ਕਿ ਖਤਰਨਾਕ ਹੱਦ ਤਕ ਪਹੁੰਚ ਗਿਆ ਹੈ, ਖੇਤੀ ਮਾਹਰਾਂ ਵਲੋਂ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਜੇ ਧਰਤੀ ਹੇਠਲੇ ਪਾਣੀ ਦੀ ਇਸੇ ਤਰਾਂ ਦੁਰਵਰਤੋਂ ਹੁੰਦੀ ਰਹੀ ਤਾਂ ਧਰਤੀ ਹੇਠਾਂ ਪਾਣੀ ਦੇ ਸੋਮੇ ਮੁੱਕਣ ਦੀ ਨੌਬਤ ਆ ਸਕਦੀ ਹੈ। ਇਸ ਦੇ ਬਾਵਜੂਦ ਪੰਜਾਬ ਵਿੱਚ ਘੱਟ ਪਾਣੀ ਪੀਣ ਵਾਲੀਆਂ ਫਸਲਾਂ ਦੀ ਬਿਜਾਈ ਬਹੁਤ ਘੱਟ ਹੁੰਦੀ ਹੈ। ਕਿਸਾਨਾਂ ਅਨੁਸਾਰ ਕਣਕ ਝੋਨੇ ਤੋਂ ਬਿਨਾਂ ਹੋਰਨਾਂ ਫਸਲਾਂ ਦਾ ਮੰਡੀਕਰਨ ਸਹੀ ਤਰੀਕੇ ਨਾਲ ਨਹੀਂ ਹੁੰਦਾ, ਜਿਸ ਕਰਕੇ ਉਹਨਾਂ ਦੀ ਲਾਗਤ ਅਤੇ ਖਰਚੇ ਵੀ ਨਹੀਂ ਮੁੜਦੇ, ਇਸ ਕਾਰਨ ਉਹਨਾਂ ਨੇ ਕਣਕ ਝੋਨੇ ਤੋਂ ਬਿਨਾਂ ਹੋਰਨਾਂ ਫਸਲਾਂ ਤੋਂ ਮੂੰਹ ਮੋੜ ਲਿਆ ਹੈ।



ਮੈਂ ਐਸ ਏ ਐਸ ਨਗਰ ਮੋਹਾਲੀ ਜ਼ਿਲ੍ਹੇ ਦੇ ਪਿੰਡਾਂ ਕੁੱਬਾਹੇੜੀ ਅਤੇ ਖ਼ਿਜ਼ਰਾਬਾਦ ਵਿੱਚ ਅੰਬਾਂ ਦੇ ਬਾਗਾਂ ਵਿੱਚ ਦਰਖਤਾਂ ’ਤੇ ਲ ੱਗੇ ਅਤੇ ਦਰਖਤਾਂ ’ਤੇ ਹੀ ਪੱਕੇ ਅੰਬ ਅੱਜ ਤੋਂ 35 ਸਾਲ ਪਹਿਲਾਂ ਆਪਣੇ ਬਚਪਣ ਵਿੱਚ ਬਹੁਤ ਖਾਧੇ ਹਨ। ਦਰਖ਼ਤਾਂ ’ਤੇ ਪੱਕੇ ਅੰਬਾਂ ਦਾ ਸਵਾਦ ਵੱਖਰਾ ਹੁੰਦਾ ਹੈ ਪਰ ਅੱਜ ਕੱਲ੍ਹ ਜੋ ਬਹੁਤ ਸੋਹਣੇ ਸੋਹਣੇ ਅੰਬ ਬਾਜ਼ਾਰ ਵਿੱਚ ਵਿਕਦੇ ਹਨ, ਉਹ ਮਸਾਲੇ ਨਾਲ ਪਕਾਏ ਹੁੰਦੇ ਹਨ, ਜਿੰਨਾਂ ਵਿੱਚ ਦਰਖਤਾਂ ’ਤੇ ਪੱਕੇ ਹੋਏ ਅੰਬਾਂ ਵਰਗਾ ਸਵਾਦ ਨਹੀਂ ਹੁੰਦਾ। ਇਹੋ ਹਾਲ ਹੋਰਨਾਂ ਫਲਾਂ, ਸਬਜ਼ੀਆਂ ਅਤੇ ਫਸਲਾਂ ਦਾ ਹੈ। ਕੁਦਰਤੀ ਖੇਤੀ ਤੋਂ ਦੂਰ ਹੋ ਕੇ ਕਿਸਾਨਾਂ ਨੇ ਆਪਣੀਆਂ ਫਸਲਾਂ ਦੀ ਉਪਜ ਅਤੇ ਝਾੜ ਤਾਂ ਵਧਾ ਲਏ ਹਨ ਅਤੇ ਕਿਸਾਨਾਂ ਦੀ ਆਮਦਨੀ ਵੀ ਵੱਧ ਗਈ ਹੈ, ਪਰ ਇਸ ਨਾਲ ਉਹ ਕੁਦਰਤ ਤੋਂ ਦੂਰ ਹੋ ਗਏ ਹਨ।



ਕੁਦਰਤ ਨੇ ਮਨੁੱਖ ਨੂੰ ਬਹੁਤ ਨਿਆਮਤਾਂ ਬਖ਼ਸ਼ੀਆਂ ਹਨ ਅਤੇ ਕੁਦਰਤ ਵੱਲੋਂ ਮਨੁੱਖ ਲਈ ਅਨੇਕਾਂ ਖਣਿਜ ਪਦਾਰਥਾਂ, ਪਾਣੀ ਅਤੇ ਹੋਰ ਪਦਾਰਥਾਂ ਦੇ ਭਰਪੂਰ ਸੋਮੇ ਦਿੱਤੇ ਹੋ ਏ ਹਨ ਪਰ ਮਨੁੱਖ ਆਪਣੀ ਲਾਲਸਾ ਅਤੇ ਲਾਲਚ ਅਧੀਨ ਇਹਨਾਂ ਸੋਮਿਆਂ ਦੀ ਦੁਰਵਰਤੋਂ ਕਰਕੇ ਅਤੇ ਸੰਭਾਲ ਨਾ ਕਰਕੇ ਕੁਦਰਤ ਨਾਲ ਛੇੜ-ਛਾੜ ਕਰ ਰਿਹਾ ਹੈ, ਜਿਸ ਦਾ ਮਾੜਾ ਨਤੀਜਾ ਵੀ ਮਨੁੱਖ ਨੂੰ ਭੁਗਤਣਾ ਪੈ ਰਿਹਾ ਹੈ।

ਇਸ ਸਮੇਂ ਕਣਕ ਦੀ ਵਾਢੀ ਤੋਂ ਖੇਤ ਖਾਲੀ ਪਏ ਹਨ ਅਤੇ ਕਿਸਾਨ ਅਗਲੀ ਫਸਲ ਲਈ ਵਿਉਂਤਬੰਦੀ ਕਰਨ ਲੱਗੇ ਹੋਏ ਹਨ। ਅਨੇਕਾਂ ਕਿਸਾਨਾਂ ਨੇ ਇਸ ਸਮੇਂ ਮੱਕੀ ਵੀ ਆਪਣੇ ਖੇਤਾਂ ਵਿੱਚ ਬੀਜੀ ਹੋਈ ਹੈ। ਕੁਝ ਦਿਨਾਂ ਬਾਅਦ ਹੀ ਕਿਸਾਨਾਂ ਵੱਲੋਂ ਵੱਡੀ ਗਿਣਤੀ ਖੇਤਾਂ ਵਿੱਚ ਝੋਨੇ ਦੀ ਪਨੀਰੀ ਲਗਾਉਣੀ ਆਰੰਭ ਕਰ ਦਿੱਤੀ ਜਾਵੇਗੀ। ਝੋਨੇ ਦੀ ਫਸਲ ਪਾਣੀ ਬਹੁਤ ਪੀਂਦੀ ਹੈ, ਇਸ ਲਈ ਕਿਸਾਨਾਂ ਨੂੰ ਹੁਣ ਉਨ੍ਹਾਂ ਫਸਲਾਂ ਨੂੰ ਬੀਜਣਾ ਚਾਹੀਦਾ ਹੈ, ਜੋ ਕਿ ਘੱਟ ਪਾਣੀ ਪੀਣ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਹਰ ਫਸਲ ਦਾ ਮੰਡੀਕਰਨ ਸਹੀ ਢੰਗ ਨਾਲ ਕਰੇ ਤਾਂ ਕਿ ਕਿਸਾਨਾਂ ਨੂੰ ਉਹਨਾਂ ਦੀਆਂ ਫਸਲਾਂ ਦਾ ਪੂਰਾ ਮੁੱਲ ਮਿਲੇ। ਹੁਣ ਸਮਾਂ ਕੁਦਰਤੀ ਖੇਤੀ ਵੱਲ ਪਰਤਣ ਦਾ ਹੈ। ਅਜੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ ਵਿਚੋਂ ਕੱਢਣ ਲਈ ਹੋਰਨਾਂ ਫਸਲਾਂ ਦਾ ਸਹੀ ਮੰਡੀਕਰਨ ਕਰਨ ਦੇ ਪ੍ਰਬੰਧ ਸਰਕਾਰ ਨੂੰ ਕਰਨੇ ਚਾਹੀਦੇ ਹਨ। ਕਿਸਾਨਾਂ ਨੂੰ ਖੇਤਾਂ ਵਿੱਚ ਰਸਾਇਣਿਕ ਖਾਦਾਂ ਦੀ ਥਾਂ ਦੇਸੀ ਰੂੜੀ ਖਾਦ ਦੀ ਵਰਤੋ ਕਰਨੀ ਚਾਹੀਦੀ ਹੈ ਅਤੇ ਫਸਲਾਂ ਤੇ ਸਬਜ਼ੀਆਂ ਫਲਾਂ ’ਤੇ ਕੀੜੇਮਾਰ ਦਵਾਈਆਂ ਦੀ ਥਾਂ ਖੇਤੀ ਮਾਹਿਰਾਂ ਵੱਲੋਂ ਦਸੀਆਂ ਜਾਂਦੀਆਂ ਦੇਸੀ ਲੱਸੀ ਅਤੇ ਘਰੇਲੂ ਚੀਜ਼ਾਂ ਵਰਤੋਂ ਵਿੱਚ ਲਿਆ ਕੇ ਫਸਲਾਂ ਨੂੰ ਕੀੜਿਆਂ ਤੋਂ ਬਚਾਇਆ ਜਾ ਸਕਦਾ ਹੈ। ਕਿਸਾਨਾਂ ਨੂੰ ਹਰ ਫਸਲ ਦੀ ਬਿਜਾਈ ਖੇਤੀ ਮਾਹਿਰਾਂ ਦੀ ਸਲਾਹ ਅਨੁਸਾਰ ਕਰਨੀ ਚਾਹੀਦੀ ਹੈ ਅਤੇ ਉਹ ਫਸਲਾਂ ਬੀਜਣੀਆਂ ਚਾਹੀਦੀਆਂ ਹਨ, ਜੋ ਕਿ ਘੱਟ ਪਾਣੀ ਪੀਂਦੀਆਂ ਹਨ। ਇਸ ਲਈ ਕਿਸਾਨਾਂ ਨੂੰ ਸਮੇਂ ਦੀ ਰਮਜ਼ ਸਮਝ ਲੈਣੀ ਚਾਹੀਦੀ ਹੈ ਅਤੇ ਕੁਦਰਤੀ ਖੇਤੀ ਵੱਲ ਪਰਤ ਜਾਣਾ ਚਾਹੀਦਾ ਹੈ।



# ਕੀ ਹੋਵੇਗਾ ਅਗਨੀਵੀਰਾਂ ਦਾ ਭਵਿੱਖ?

ਭਾਰਤ ਵਿੱਚ ਕੇਂਦਰ ਸਰਕਾਰ ਵੱਲੋਂ ਜਦੋਂ ਤੋਂ ਫ਼ੌਜ ਵਿੱਚ ਭਰਤੀ ਲਈ ਅਗਨੀਵੀਰ ਯੋਜਨਾ ਸ਼ੁਰੂ ਕੀਤੀ ਗਈ ਹੈ, ਉਦੋਂ ਤੋਂ ਹੀ ਇਸ ਯੋਜਨਾ ’ਤੇ ਸਵਾਲ ਉਠਾਏ ਜਾ ਰਹੇ ਹਨ। ਲੋਕ ਸਭਾ ਚੋਣਾਂ ਦੌਰਾਨ ਵੀ ਅਗਨੀਵੀਰ ਯੋਜਨਾ ਚਰਚਾ ਵਿੱਚ ਰਹੀ। ਲੋਕ ਸਭਾ ਚੋਣਾਂ ਦੌਰਾਨ ਜਿਥੇ ਭਾਜਪਾ ਨੇ ਐਲਾਨ ਕੀਤਾ ਕਿ ਜੇ ਉਹ ਮੁੜ ਸੱਤਾ ਵਿੱਚ ਆਈ ਤਾਂ ਉਸ ਵੱਲੋਂ ਅਗਨੀਵੀਰ ਯੋਜਨਾ ਸਬੰਧੀ ਮੁੜ ਵਿਚਾਰ ਕੀਤਾ ਜਾਵੇਗਾ। ਦੂਜੇ ਪਾਸੇ ਕਾਂਗਰਸ ਨੇ ਇਹਨਾਂ ਚੋਣਾਂ ਦੌਰਾਨ ਸਪਸ਼ਟ ਐਲਾਨ ਕੀਤਾ ਕਿ ਜੇ ਕਾਂਗਰਸ ਸੱਤਾ ਵਿੱਚ ਆਈ ਤਾਂ ਅਗਨੀਵੀਰ ਯੋਜਨਾ ਨੂੰ ਬੰਦ ਕਰ ਦਿੱਤਾ ਜਾਵੇਗਾ। ਜੇਲ੍ਹ ਵਿਚੋਂ ਬਾਹਰ ਆਉਣ ਤੋਂ ਬਾਅਦ ਕੇਜਰੀਵਾਲ ਨੇ ਵੀ ਕਿਹਾ ਕਿ ਉਹਨਾਂ ਦੀ ਸਰਕਾਰ ਆਉਣ ’ਤੇ ਅਗਨੀਵੀਰ ਭਰਤੀ ਬੰਦ ਕੀਤੀ ਜਾਵੇਗੀ।

ਇਥੇ ਸਭ ਤੋਂ ਪਹਿਲਾਂ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਅਗਨੀਵੀਰ ਯੋਜਨਾ ਹੈ ਕੀ? ਅਸਲ ਵਿੱਚ ਕੇਂਦਰ ਦੀ ਮੋਦੀ ਸਰਕਾਰ ਨੇ 14 ਜੂਨ, 2022 ਨੂੰ ਹਥਿਆਰਬੰਦ ਬਲਾਂ ਦੀ ਭਰਤੀ ਲਈ ਅਗਨੀਵੀਰ ਯੋਜਨਾ ਸ਼ੁਰੂ ਕੀਤੀ ਸੀ। ਇਸ ਸਕੀਮ ਤਹਿਤ ਨੌਜਵਾਨਾਂ ਨੂੰ ਚਾਰ ਸਾਲ ਦੀ ਮਿਆਦ ਲਈ ਅਗਨੀਵੀਰ ਵਜੋਂ ਮਾਨਤਾ ਦਿੱਤੀ ਜਾਂਦੀ ਹੈ। ਸਰਕਾਰ ਨੇ ਫੈਸਲਾ ਕੀਤਾ ਕਿ ਅਗਨੀਵੀਰ ਭਾਰਤੀ ਫ਼ੌਜ ਵਿੱਚ ਇੱਕ ਵੱਖਰਾ ਰੈਂਕ ਹੋਵੇਗਾ।

ਇਸ ਸਕੀਮ ਤਹਿਤ ਅਗਨੀਵੀਰਾਂ ਨੂੰ ਸਿਹਤ ਸਕੀਮ, ਪੈਨਸ਼ਨ ਜਾਂ ਗਰੈਚੁਟੀ ਵਰਗੀਆਂ ਸਹੂਲਤਾਂ ਦਾ ਲਾਭ ਨਹੀਂ ਮਿਲੇਗਾ। ਨਾ ਹੀ ਉਹਨਾਂ ਨੂੰ ਐਕਸ ਸਰਵਿਸਮੈਨ ਦਾ ਦਰਜਾ ਮਿਲੇਗਾ। ਅਗਨੀਵੀਰਾਂ ਨੂੰ ਨੌਕਰੀ ਦੇ ਦੌਰਾਨ ਵੀ ਡੀ.ਏ .ਅਤੇ ‘ਮਿਲਟਰੀ ਸਰਵਿਸ ਪੇ’ ਨਹੀਂ ਮਿਲੇਗੀ।

ਸਰਕਾਰ ਅਨੁਸਾਰ ਅਗਨੀਵੀਰਾਂ ਨੂੰ ਰਾਸ਼ਨ, ਵਰਦੀ ਅਤੇ ਯਾਤਰਾ ਭੱਤਾ



ਮਿਲਣਗੇ। ਜੇਕਰ ਬਾਅਦ ਵਿੱਚ ਉਹ ਕਿਸੇ ਹੋਰ ਥਾਂ ’ਤੇ ਭਰਤੀ ਹੋਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੀ ਤਰਜੀਹ ਦਿੱਤੀ ਜਾਵੇਗੀ।

ਅਸਲ ਵਿੱਚ ਜਦੋਂ ਤੋਂ ਅਗਨੀਵੀਰ ਯੋਜਨਾ ਸ਼ੁਰੂ ਹੋਈ ਹੈ, ਉਦੋਂ ਤੋਂ ਹੀ ਇਹ ਯੋਜਨਾ ਸਵਾਲਾਂ ਦੇ ਘੇਰੇ ਵਿੱਚ ਹੈ। ਇਸ ਯੋਜਨਾ ਨੂੰ ਜਦੋਂ ਲਾਗੂ ਕੀਤਾ ਗਿਆ ਸੀ ਤਾਂ ਨੌਜਵਾਨਾਂ ਵੱਲੋਂ ਇਸ ਯੋਜਨਾ ਦਾ ਵਿਰੋਧ ਵੀ ਕੀਤਾ ਗਿਆ ਸੀ ਅਤੇ ਦੇਸ਼ ਭਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਗਏ ਸਨ। ਅਸਲ ਵਿੱਚ ਇਸ ਯੋਜਨਾ ਦਾ ਦੂਰਦਰਸ਼ੀ ਅਸਰ ਨੌਜਵਾਨਾਂ ਦੇ ਉੱਜਲ ਭਵਿੱਖ, ਫ਼ੌਜ ਤੇ ਦੇਸ਼ ਦੀ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈ। ਇਸ ਯੋਜਨਾ ਤੋਂ ਪਹਿਲਾਂ ਜਦੋਂ ਵੀ ਨੌਜਵਾਨ ਫ਼ੌਜ ਵਿੱਚ ਭਰਤੀ ਹੁੰਦੇ ਸਨ ਤਾਂ ਉਹਨਾਂ ਨੂੰ ਆਪਣਾ ਭਵਿੱਖ ਸੁਰੱਖਿਅਤ ਲੱਗਦਾ ਹੁੰਦਾ ਸੀ ਪਰ ਅਗਨੀਵੀਰ ਯੋਜਨਾ ਤੋਂ ਬਾਅਦ ਉਹਨਾਂ ਦਾ ਭਵਿੱਖ ਸੁਰੱਖਿਅਤ ਨਹੀਂ ਰਿਹਾ ਅਤੇ ਉਹਨਾਂ ਨੂੰ ਡਰ ਲੱਗਦਾ ਹੈ ਕਿ ਕਿਤੇ ਉਹਨਾਂ ਨੂੰ ਭਵਿੱਖ ਵਿੱਚ ਦਰ ਦਰ ਦੀਆਂ ਠੋਕਰਾਂ ਤਾਂ ਨਹੀਂ ਖਾਣੀਆਂ ਪੈਣਗੀਆਂ? ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਅਗਨੀਵੀਰ ਯੋਜਨਾ ਅਗਨੀਵੀਰਾਂ ਦੇ ਭਵਿੱਖ ਸਬੰਧੀ ਕੋਈ ਮਜਬੂਤ ਯੋਜਨਾ ਨਹੀਂ ਹੈ। ਉਸ ਸਮੇਂ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਸਕੀਮ ਦਾ ਗੁਣਗਾਨ ਕਰਦਿਆਂ ਕਿਹਾ ਸੀ ਕਿ ਇਸ ਤਕਨੀਕੀ ਤੇ ਸ਼ਿਲਪ ਵਿਗਿਆਨ ਯੁੱਗ ’ਚ 17 ਸਾਲ ਤੋਂ 21 ਸਾਲ ਦੀ ਉਮਰ ਵਾਲੇ ਨਿਪੁੰਨ ਨੌਜਵਾਨਾਂ ਅੰਦਰ ਵਧੇਰੇ ਖ਼ਤਰਾ ਮੁੱਲ ਲੈਣ ਦੀ ਭਾਵਨਾ ਵਧੇਗੀ ਜੋ ਫ਼ੌਜ ਲਈ ਸਹਾਈ ਹੋਵੇਗੀ। ਅਗਨੀਵੀਰਾਂ ਦੇ ਮੁੜ ਵਸੇਬੇ ਲਈ ਪੈਰਾ-ਮਿਲਟਰੀ ਸਮੇਤ ਰਾਖਵਾਂਕਰਨ ਨੀਤੀ ਲਾਗੂ ਹੋਵੇਗੀ। ਜਦੋਂ ਰੱਖਿਆ ਮੰਤਰੀ ਨੇ ਤਿੰਨਾਂ ਹਥਿਆਰਬੰਦ ਸੈਨਾਵਾਂ ਦੇ ਮੁਖੀਆਂ ਦੀ ਮੌਜੂਦਗੀ ’ਚ 14 ਜੂਨ 2022 ਨੂੰ ਫ਼ੌਜ ’ਚ ਪੱਕੀ ਭਰਤੀ ਦੀ ਬਜਾਏ ਅਚਨਚੇਤ ਅਗਨੀਪਥ ਯੋਜਨਾ ਦਾ ਐਲਾਨ ਕਰ ਦਿੱਤਾ ਸੀ ਤਾਂ ਤਕਰੀਬਨ ਤਿੰਨ ਸਾਲਾਂ ਤੋਂ ਰੱਖਿਆ ਸੈਨਾਵਾਂ ’ਚ ਪੱਕੀ ਭਰਤੀ ਖੁੱਲ੍ਹਣ ਦੇ ਇੰਤਜ਼ਾਰ ’ਚ ਕਮਰਕੱਸੇ ਕਰੀ ਬੈਠੇ ਨੌਜਵਾਨ ਭੜਕ ਉੱਠੇ। ਬਗੈਰ ਕਿਸੇ ਨਿਸ਼ਚਿਤ ਨੇਤਾ ਤੋਂ ਆਪਮੁਹਾਰੇ ਦੇਸ਼ ਭਰ ਦੇ ਕਈ ਸੂਬਿਆਂ ਦੇ ਨੌਜਵਾਨਾਂ ਵੱਲੋਂ ਅਗਨੀਵੀਰ ਸਕੀਮ ਦੇ ਵਿਰੋਧ ’ਚ ਹਿੰਸਕ ਮੁਜ਼ਾਹਰੇ ਜ਼ੋਰ ਫੜਨ ਲੱਗੇ। ਬਾਅਦ ਵਿੱਚ ਭਾਵੇਂ ਨੌਜਵਾਨ ਸ਼ਾਂਤ ਹੋ ਗਏ ਸਨ ਪਰ ਅੰਦਰੂਨੀ ਤੌਰ ’ਤੇ ਉਹਨਾਂ ਵੱਲੋਂ ਇਸ ਯੋਜਨਾ ਦਾ ਵਿਰੋਧ ਜਾਰੀ ਸੀ। ਭਾਵੇਂ ਉਸ ਤੋਂ ਬਾਅਦ ਅਨੇਕਾਂ ਨੌਜਵਾਨ ਇਸ ਯੋਜਨਾ ਤਹਿਤ ਫ਼ੌਜ ਵਿੱਚ ਭਰਤੀ ਵੀ ਹੋਏ ਪਰ ਅਜੇ ਵੀ ਉਹ ਆਪਣੇ ਭਵਿੱਖ ਲਈ ਚਿੰਤਤ ਹਨ।

ਫ਼ੌਜੀ ਮਾਹਿਰ ਕਹਿੰਦੇ ਹਨ ਕਿ ਅਗਨੀਵੀਰ 17 ਸਾਲਾਂ ਤੋਂ 21 ਸਾਲ ਦੀ ਉਮਰ ਦਰਮਿਆਨ ਭਰਤੀ ਕੀਤੇ ਜਾ ਰਹੇ ਹਨ, ਜਦੋਂਕਿ ਪੱਕੀ ਭਰਤੀ ਲਈ ਵੱਖ-ਵੱਖ ਕਿੱਤਿਆਂ/ਸ਼ਾਖਾਵਾਂ ਲਈ ਭਰਤੀ ਸੀਮਾ 20 ਸਾਲ ਦੇ ਇਰਦ-ਗਿਰਦ ਘੁੰਮਦੀ ਹੈ। ਵਿੱਦਿਅਕ ਯੋਗਤਾ ਦੋਵੇਂ ਧਿਰਾਂ ਦੀ 10 ਜਮਾਤ ਪਾਸ ਜਾਂ ਵੱਧ ਹੈ। ਅਗਨੀਵੀਰਾਂ ਨੂੰ 30,000 ਪ੍ਰਤੀ ਮਹੀਨਾ ਤਨਖ਼ਾਹ ਮਿਲਦੀ ਹੈ ਜਦੋਂਕਿ ਇੱਕ ਸਿਪਾਹੀ ਨੂੰ 40,000 ਦੇ ਆਸ-ਪਾਸ। ਅਗਨੀਵੀਰਾਂ ਦੀ 31 ਹਫ਼ਤੇ ਵਾਲੀ ਮੁੱਢਲੀ ਸਿਖਲਾਈ ਤੇ ਪੱਕੇ ਫ਼ੌਜੀਆਂ ਲਈ 44 ਹਫ਼ਤੇ। ਅਗਨੀਵੀਰਾਂ ਨੂੰ ਤਾਂ ਬਗੈਰ ਪਲਟਨ ਦੀਆਂ ਰਸਮਾਂ ਰਿਵਾਜ ਤੇ ਕੁਰਬਾਨੀਆਂ ਵਾਲਾ ਜਜ਼ਬਾ ਪੈਦਾ ਕਰਨ ਦੀ ਬਜਾਏ ਤੁਰੰਤ ਉੱਚ ਪਰਬਤੀ ਇਲਾਕਿਆਂ ’ਚ ਤਾਇਨਾਤ ਕਰਨ ਸਦਕਾ ਅਗਨੀਵੀਰ ਅੰਮ੍ਰਿਤਪਾਲ ਸਿੰਘ, ਅਜੇ ਸਿੰਘ, ਅਕਸੈ ਲਕਸ਼ਮਨ ਗਾਵਟੇ ਤੇ ਕੁਝ ਹੋਰ ਸ਼ਹੀਦ ਹੋ ਗਏ। ਪੱਕੇ ਫ਼ੌਜੀਆਂ ਵਿੱਚੋਂ ਯੋਗ ਉਮੀਦਵਾਰ ਫ਼ੌਜ ’ਚ ਕਮਿਸ਼ਨ ਵੀ ਹਾਸਲ ਕਰ ਸਕਦੇ ਹਨ। ਫਿਰ ਦੇਸ਼ ਲਈ ਮਰ ਮਿਟਣ ਵਾਲੇ ਜਜ਼ਬੇ ਤੇ ਤਕਨੀਕੀ ਪੱਖੋਂ ਅਗਨੀਵੀਰ ਕਿਵੇਂ ਵੱਧ ਕਾਰਗਰ ਸਿੱਧ ਹੋ ਸਕਦੇ ਹਨ?

ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਅਨੁਸਾਰ ਫ਼ੌਜ ਹੁਣ ਅਗਨੀਵੀਰ ਭਰਤੀ ਪ੍ਰਕਿਰਿਆ ’ਤੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਇੱਕ ਅੰਦਰੂਨੀ ਸਰਵੇਖਣ ਕਰ ਰਹੀ ਹੈ। ਇਸ ਸਰਵੇਖਣ ਰਿਪੋਰਟ ਦੇ ਆਧਾਰ ’ਤੇ ਇਹ ਯੋਜਨਾ ’ਚ ਸੰਭਾਵਿਤ ਤਬਦੀਲੀਆਂ ਸਬੰਧੀ ਆਉਣ ਵਾਲੀ ਸਰਕਾਰ ਲਈ ਸਿਫ਼ਾਰਿਸ਼ਾਂ ਤਿਆਰ ਕਰ ਸਕਦੀ ਹੈ। ਖਬਰਾਂ ਮੁਤਾਬਕ ਅਗਨੀਵੀਰਾਂ ਦੀ ਭਰਤੀ, ਸਿਖਲਾਈ ਅਤੇ ਹੋਰ ਕੰਮਾਂ ’ਤੇ ਅਧਿਕਾਰੀਆਂ ਤੋਂ ਟਿੱਪਣੀਆਂ ਮੰਗੀਆਂ ਗਈਆਂ ਹਨ। ਅਧਿਕਾਰੀਆਂ ਨੇ ਕਿਹਾ ਹੈ ਕਿ ਸਾਰੇ ਸਵਾਲਾਂ ਦੇ ਜਵਾਬ ਮੁਲਾਂਕਣ ਲਈ ਰੱਖੇ ਜਾਣਗੇ। ਇਸ ਵਿੱਚ ਲਗਭਗ ਦਸ ਸਵਾਲਾਂ ਦੀ ਸੂਚੀ ਹੈ।

ਸਰਵੇਖਣ ਵਿੱਚ ਇਹ ਸਵਾਲ ਸ਼ਾਮਲ ਹਨ ਕਿ ਅਗਨੀਵੀਰਾਂ ਨੇ ਫ਼ੌਜ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਿਉਂ ਕੀਤਾ, ਅਗਨੀਵੀਰ ਵਜੋਂ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਕਿਹੜੀਆਂ ਹੋਰ ਨੌਕਰੀਆਂ, ਪ੍ਰਤੀਯੋਗੀ ਪ੍ਰੀਖਿਆਵਾਂ ਜਾਂ ਭਰਤੀ ਦੀ ਕੋਸ਼ਿਸ਼ ਕੀਤੀ। ਕੀ ਉਹ ਸੋਚਦੇ ਹਨ ਕਿ ਉਨ੍ਹਾਂ ਨੂੰ ਪੱਕੇ ਤੌਰ ’ਤੇ ਫ਼ੌਜ ਵਿੱਚ ਭਰਤੀ ਕੀਤਾ ਜਾਣਾ ਚਾਹੀਦਾ ਹੈ? ਸਰਵੇਖਣ ਵਿੱਚ ਪੁੱਛੇ ਜਾਣ ਵਾਲੇ ਸਵਾਲਾਂ ਵਿੱਚ ਅਗਨੀਵੀਰ ਦੇ ਫ਼ੌਜ ਵਿੱਚ ਭਰਤੀ ਹੋਣ ਦੇ ਮੁੱਢਲੇ ਕਾਰਨਾਂ ਅਤੇ ਉਹਨਾਂ ਦੀ ਫ਼ੌਜ ਵਿੱਚ ਭਰਤੀ ਹੋਣ ਦੀ ਉਤਸੁਕਤਾ ਬਾਰੇ ਜਾਣਕਾਰੀ ਦੇਣੀ ਹੋਵੇਗੀ। ਸਰਵੇਖਣ ਵੱਖ-ਵੱਖ ਯੂਨਿਟਾਂ ਅਤੇ ਸਬ-ਯੂਨਿਟ ਕਮਾਂਡਰਾਂ ਤੋਂ ਪ੍ਰਾਪਤ ਜਾਣਕਾਰੀ ਨੂੰ ਵੀ ਧਿਆਨ ਵਿੱਚ ਰੱਖੇਗਾ। ਇਹਨਾਂ ਇਨਪੁਟਸ ਦੇ ਆਧਾਰ ’ਤੇ, ਇਹ ਸੰਭਾਵਨਾ ਹੈ ਕਿ ਫ਼ੌਜ ਅਗਨੀਵੀਰਾਂ ਦੀ ਤੈਨਾਤੀ, ਲੰਬੇ ਸਮੇਂ ਵਿੱਚ ਅਗਨੀਵੀਰਾਂ ਦੀ ਤੈਨਾਤੀ ਦੀ ਇੱਕ ਸਥਾਈ ਪ੍ਰਤੀਸ਼ਤਤਾ ਆਦਿ ਦੇ ਰੂਪ ਵਿੱਚ ਯੋਜਨਾ ਵਿੱਚ ਸੰਭਾਵਿਤ ਤਬਦੀਲੀਆਂ ਦਾ ਸੁਝਾਅ ਦੇਵੇਗੀ।

ਇਸ ਸਮੇਂ ਸਭ ਦੀਆਂ ਨਜ਼ਰਾਂ ਭਾਰਤ ਵਿੱਚ ਨਵੀਂ ਬਣਨ ਵਾਲੀ ਸਰਕਾਰ ਵੱਲ ਲੱਗੀਆਂ ਹੋਈਆਂ ਹਨ। ਅਗਨੀਵੀਰਾਂ ਅਤੇ ਫ਼ੌਜ ਵਿੱਚ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਨੂੰ ਆਸ ਹੈ ਕਿ ਭਾਰਤ ਵਿੱਚ ਬਣਨ ਵਾਲੀ ਨਵੀਂ ਸਰਕਾਰ ਅਗਨੀਵੀਰ ਯੋਜਨਾਂ ਵਿੱਚ ਜਾਂ ਤਾਂ ਲੋੜੀਂਦਾ ਸੁਧਾਰ ਕਰੇਗੀ ਜਾਂ ਫ਼ੌਜ ਵਿੱਚ ਭਰਤੀ ਲਈ ਪਹਿਲਾਂ ਵਾਲਾ ਸਿਸਟਮ ਹੀ ਬਹਾਲ ਕਰੇਗੀ। ਪੰਜਾਬ ਨੇ ਵੀ ਭਾਰਤ ਦੀ ਫ਼ੌਜ ਨੂੰ ਬਹੁਤ ਫ਼ੌਜੀ ਜਵਾਨ ਦਿੱਤੇ ਹਨ, ਜਿਸ ਕਰਕੇ ਫ਼ੌਜ ਵਿੱਚ ਭਰਤੀ ਹੋਣ ਵਾਲੇ ਨੌਜਵਾਨ ਹੁਣ ਆਸ ਭਰੀਆਂ ਨਜ਼ਰਾਂ ਨਾਲ ਨਵੀਂ ਸਰਕਾਰ ਵੱਲ ਵੇਖ ਰਹੇ ਹਨ ਕਿ ਸ਼ਾਇਦ ਭਾਰਤ ਵਿੱਚ ਬਣਨ ਵਾਲੀ ਨਵੀਂ ਸਰਕਾਰ ਫ਼ੌਜ ਵਿੱਚ ਭਰਤੀ ਲਈ ਪਹਿਲਾਂ ਵਾਲਾ ਸਿਸਟਮ ਲਾਗੂ ਕਰ ਦੇਵੇ।



## ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦਾ ਸੰਘਰਸ਼

# ਮਨੁੱਖੀ ਹੱਕਾਂ ਲਈ ਘੋਲ ਦਾ ਸ਼ਾਨਦਾਰ ਇਤਿਹਾਸ

ਅੰਤਿਮ ਕਿਸ਼ਤ



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ ਐਬਟਸਫੋਰਡ ਬੀਸੀ ਕੈਨੇਡਾ

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

**ਕੈਨੇਡਾ ਦੀ ਚਿੱਟੀ ਸਰਕਾਰ ਦੇ ਨਸਲਵਾਦ ਨੂੰ ਚੁਣੌਤੀ**

ਦਰਅਸਲ ਸਾਡਾ ਸਬੰਧ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਨਾਲ ਨਹੀਂ, ਬਲਕਿ ਸਾਡਾ ਸਬੰਧ ਜਹਾਜ਼ ਦੇ ਮੁਸਾਫ਼ਰਾਂ ਦੇ ਉਸ ਬਿਰਤਾਂਤ ਨਾਲ ਹੈ, ਜਿਸ ਰਾਹੀਂ ਕੈਨੇਡਾ ਦੇ ਸਿੱਖਾਂ ਵੱਲੋਂ ਮਨੁੱਖੀ ਹੱਕਾਂ ਲਈ ਘੋਲ ਕੀਤਾ ਗਿਆ ਅਤੇ ਕੈਨੇਡਾ ਦੀ ਚਿੱਟੀ ਸਰਕਾਰ ਦੇ ਨਸਲਵਾਦ ਨੂੰ ਚੁਣੌਤੀ ਦਿੱਤੀ ਗਈ। ਬਾਬਾ ਗੁਰਦਿੱਤ ਸਿੰਘ ਨੇ ਜਪਾਨੀ ਕੰਪਨੀ ਤੋਂ ਇਹ ਜਹਾਜ਼ ਭਾੜੇ 'ਤੇ ਲੈ ਕੇ ਅਤੇ ਇਸ ਦਾ ਨਾਮਕਰਨ 'ਗੁਰੂ ਨਾਨਕ ਜਹਾਜ਼' ਰੱਖ ਕੇ ਇਸ ਦੇ ਕੈਨੇਡਾ ਰਵਾਨਾ ਹੋਣ ਲਈ ਅਖ਼ਬਾਰਾਂ 'ਚ ਇਸ਼ਤਿਹਾਰ ਦੇ ਦਿੱਤਾ। ਭਾਰੀ ਉਤਸ਼ਾਹ ਨਾਲ ਪੰਜ ਸੌ ਮੁਸਾਫ਼ਰ ਕੈਨੇਡਾ ਜਾਣ ਲਈ ਤਿਆਰ ਹੋ ਗਏ। 30 ਮਾਰਚ 1914 ਨੂੰ ਜਹਾਜ਼ ਹਾਂਗਕਾਂਗ ਤੋਂ ਰਵਾਨਾ ਹੋਣਾ ਸੀ, ਪਰ 25 ਮਾਰਚ ਨੂੰ ਬ੍ਰਿਟਿਸ਼ ਹਕੂਮਤ ਦੇ ਇਸ਼ਾਰੇ 'ਤੇ ਬਾਬਾ ਗੁਰਦਿੱਤ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਕਾਰਨ 500 ਮੁਸਾਫ਼ਰ ਸਹਿਮ ਦੇ ਮਾਰੇ ਖਿੰਡ-ਪੁੰਡ ਗਏ। ਕੁਝ ਦਿਨਾਂ ਬਾਅਦ ਬਾਬਾ ਜੀ ਦੀ ਰਿਹਾਈ ਮਗਰੋਂ, ਦੇਰੀ ਨਾਲ ਇਹ ਜਹਾਜ਼ 4 ਅਪ੍ਰੈਲ 1914 ਨੂੰ 135 ਮੁਸਾਫ਼ਰਾਂ ਨੂੰ ਲੈ ਕੇ ਹਾਂਗਕਾਂਗ ਤੋਂ ਰਵਾਨਾ ਹੋਇਆ। ਰਸਤੇ ਵਿੱਚ ਹੋਰ ਮੁਸਾਫ਼ਰ ਸਵਾਰ ਹੁੰਦੇ ਗਏ ਅਤੇ ਇਹ 21 ਮਈ 2014 ਨੂੰ ਵੈਨਕੂਵਰ ਪਹੁੰਚਿਆ। ਜਹਾਜ਼ ਵਿੱਚ 376 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸਨ, ਜੋ ਜ਼ਿਆਦਾਤਰ ਸਾਂਝੇ ਪੰਜਾਬ ਖੇਤਰ ਦੇ ਸਨ। ਉਹ ਇੱਥੇ ਕੈਨੇਡਾ ਵਿੱਚ ਚੰਗੇਰੀ ਮੌਕਿਆਂ ਨਾਲ ਭਰਪੂਰ ਜ਼ਿੰਦਗੀ ਦੀ ਉਮੀਦ ਵਿੱਚ ਆਏ ਸਨ।

ਕਾਲੇ ਕਾਨੂੰਨਾਂ ਤਹਿਤ ਕੈਨੇਡਾ 'ਚ ਮੁਸਾਫ਼ਰਾਂ ਦੇ ਦਾਖ਼ਲੇ 'ਤੇ ਰੋਕ :

ਨਿਰੰਤਰ ਸਿੱਧੇ ਸਫ਼ਰ ਰਾਹੀਂ ਆਉਣ ਅਤੇ ਬ੍ਰਿਟਿਸ਼ ਪਰਜਾ ਹੋਣ ਦੇ ਬਾਵਜੂਦ ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨੂੰ ਭੇਦਭਾਵ ਅਤੇ ਨਸਲਵਾਦੀ ਕਾਨੂੰਨਾਂ ਦੇ ਅਧਾਰ 'ਤੇ ਕੈਨੇਡਾ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ। ਯਾਤਰੀਆਂ ਨੂੰ ਡਾਕਟਰੀ ਸਹਾਇਤਾ, ਭੋਜਨ ਅਤੇ ਪਾਣੀ ਦੀ ਲੋੜੀਂਦੀ ਪਹੁੰਚ ਤੋਂ ਬਿਨਾਂ ਹੀ ਜਹਾਜ਼ ਦੇ ਬੋਰਡ 'ਤੇ ਰਹਿਣ ਲਈ ਮਜਬੂਰ ਕੀਤਾ ਗਿਆ। ਕਾਨੂੰਨੀ ਪੱਖੋਂ ਸਹੀ ਯਾਤਰਾ ਦਸਤਾਵੇਜ਼ ਰੱਖਣ ਅਤੇ ਭੇਦ-ਭਾਵ ਵਾਲੇ 200 ਹੈੱਡ ਟੈਕਸ ਦੀ ਵਧੀਕੀ ਦੀ ਪਾਲਣਾ ਕਰਨ ਦੇ ਬਾਵਜੂਦ, ਮੁਸਾਫ਼ਰਾਂ ਦੇ ਕੈਨੇਡਾ 'ਚ ਦਾਖ਼ਲੇ 'ਤੇ ਰੋਕ ਲਗਾ ਦਿੱਤੀ ਗਈ। ਡੋਮੇਨੀਅਨ ਕੈਨੇਡਾ ਦੀ ਹਕੂਮਤ ਦੇ ਵਿਤਕਰੇ ਦੇ ਰੂਪ ਵਿੱਚ ਵੈਨਕੂਵਰ ਦੇ ਮੇਅਰ ਬੈਕਸਟਰ ਵੱਲੋਂ 23 ਜੂਨ,1914 ਨੂੰ ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਖ਼ਿਲਾਫ਼ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ, ਜਿਸ ਵਿੱਚ ਕਿਹਾ ਗਿਆ ਹੈ ਕਿ ਵੈਨਕੂਵਰ ਸਿਟੀ ਕੌਂਸਲ ਇਸ ਦੇਸ਼ ਵਿੱਚ 'ਹਿੰਦੂਆਂ' ਅਤੇ 'ਹੋਰ ਏਸ਼ੀਆਈ ਨਸਲਾਂ' (ਨਸਲਵਾਦੀ ਸ਼ਬਦ) ਦੇ ਦਾਖ਼ਲੇ ਦੇ ਅਟੱਲ ਤੌਰ 'ਤੇ ਵਿਰੋਧ ਵਜੋਂ ਰਿਕਾਰਡ 'ਤੇ ਰੱਖਣਾ ਚਾਹੁੰਦੀ ਹੈ ਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਰੌਬਰਟ ਬੋਰਡਨ ਨੂੰ ਇੱਕ ਤਾਰ ਭੇਜਣ ਦਾ ਅਧਿਕਾਰ ਦਿੱਤਾ ਜਾਂਦਾ ਹੈ, ਤਾਂ ਕਿ ਮੁਸਾਫ਼ਰ ਕੈਨੇਡਾ ਦੀ ਧਰਤੀ 'ਤੇ ਉਤਰ ਨਾ ਸਕਣ। ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋਇਆ ਅਤੇ ਬੀਸੀ ਅਤੇ ਕੈਨੇਡਾ ਦੀਆਂ ਸਰਕਾਰਾਂ ਨੇ ਇਸ 'ਤੇ ਮੋਹਰ ਲਗਾਈ।



**'ਕਾਮਾਗਾਟਾਮਾਰੂ ਕੰਪਨੀ' ਵੱਲੋਂ ਨਸਲਵਾਦੀ ਸਰਕਾਰ ਦਾ ਸਾਥ**

ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨੇ ਦੋਹਰਾ ਸੰਤਾਪ ਹੰਢਾਇਆ। ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਸ੍ਰੀ ਗੁਰੂ ਨਾਨਕ ਜਹਾਜ਼ ਲਈ ਕੰਮ ਕਰਨ ਵਾਲੇ, 'ਕਾਮਾਗਾਟਾਮਾਰੂ ਕੰਪਨੀ' ਦੇ ਇੰਸਪੈਕਟਰ ਰੀਡ ਐਚ ਐਸ ਸਟੀਵਨ ਅਤੇ ਕੈਪਟਨ ਵਾਲਟਰ ਹੇਜ਼ ਵੀ, ਨਸਲਵਾਦੀ ਗੋਰਿਆਂ ਦੀ ਡੋਮੀਨੀਅਨ ਕੈਨੇਡੀਅਨ ਸਰਕਾਰ ਨਾਲ ਮਿਲ ਗਏ ਅਤੇ ਮੁਸਾਫ਼ਰਾਂ ਦੇ ਵਿਰੁੱਧ ਭੁਗਤਣਾ ਸ਼ੁਰੂ ਕਰ ਦਿੱਤਾ। ਸਿਤਮਜ਼ਰੀਫੀ ਇਹ ਹੈ ਕਿ ਜਿਸ ਕਾਮਾਗਾਟਾਮਾਰੂ ਕੰਪਨੀ ਦਾ ਨਾਂ ਅੱਜ ਕੱਲ੍ਹ ਨਸਲੀ ਵਿਤਕਰੇ ਦੀ ਪੀੜਤ ਵਜੋਂ ਚਮਕਾਇਆ ਜਾਂਦਾ ਹੈ, ਇਸ ਕਾਮਾਗਾਟਾਮਾਰੂ ਕੰਪਨੀ ਨੇ ਵੀ 'ਮੁਸਾਫ਼ਰਾਂ ਨਾਲ ਵਿਤਕਰਾ' ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਕੈਨੇਡਾ ਦੇ ਮੋਢੀ ਸਿੱਖਾਂ 'ਚੋਂ ਇੱਕ ਲਿਖਾਰੀ ਅਰਜਨ ਸਿੰਘ 'ਚੰਦ ਨਵਾਂ' ਆਪਣੀ ਕੈਨੇਡਾ ਦੀ ਮੁਖ਼ਤਸਰ ਡਾਇਰੀ ਦੇ ਪੰਨਾ 19 'ਤੇ ਲਿਖਦੇ ਹਨ ਕਿ 13 ਜੂਨ 1914 ਨੂੰ 'ਕਾਮਾਗਾਟਾਮਾਰੂ ਕੰਪਨੀ' ਦੀ ਤਾਰ ਆਈ ਕਿ ਚਾਰਟਰਡ ਦੀ ਮਾਇਆ ਕਿਸ਼ਤ ਦੇਵੋ, ਨਹੀਂ ਤਾਂ ਜਹਾਜ਼ ਵਾਪਸ ਕੀਤਾ ਜਾਵੇ। ਅਜਿਹੀ ਹਾਲਤ ਵਿੱਚ ਡੋਮੇਨੀਅਨ ਹਾਲ ਵਿੱਚ ਸੰਗਤਾਂ ਨੇ ਇਕੱਠਿਆਂ ਹੋ ਕੇ ਮਾਇਆ ਇਕੱਤਰ ਕੀਤੀ। ਇਤਿਹਾਸਿਕ ਤੱਥ ਜਾਨਣ ਮਗਰੋਂ ਸਾਡੀ ਹਮਦਰਦੀ ਕਾਮਾਗਾਟਾਮਾਰੂ ਜਹਾਜ਼ ਦੀ ਕੰਪਨੀ ਦੇ ਨਾਲ ਨਹੀਂ, ਬਲਕਿ ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨਾਲ ਹੋਣੀ ਚਾਹੀਦੀ ਹੈ, ਜਿਨ੍ਹਾਂ ਵਿਤਕਰਾ ਅਤੇ ਧੱਕੇਸ਼ਾਹੀ ਹੱਡੀਂ ਹੰਢਾਏ।

ਸ੍ਰੀ ਗੁਰੂ ਨਾਨਕ ਜਹਾਜ਼ ਦੀ ਕੈਨੇਡਾ ਤੋਂ ਜਬਰੀ ਵਾਪਸੀ:

ਜਹਾਜ਼ ਦੇ ਮੁਸਾਫ਼ਰਾਂ ਖ਼ਿਲਾਫ਼ ਕੈਨੇਡਾ ਵਿੱਚੋਂ ਦੇਸ਼ ਨਿਕਾਲੇ ਦੌਰਾਨ ਤਾਕਤ ਦੀ ਵਰਤੋਂ ਕੀਤੇ ਜਾਣ 'ਤੇ 6 ਜੁਲਾਈ 1914 ਦੇ ਬੋਰਡ ਆਫ਼ ਅਪੀਲ ਦੇ ਨਿਰਾਸ਼ਾਵਾਦੀ ਫੈਸਲੇ ਤੋਂ ਬਾਅਦ ਯਾਤਰੀਆਂ ਲੰਬੇ ਵਾਪਸੀ ਦੇ ਸਫ਼ਰ ਲਈ ਖਾਣ ਪਾਣੀ ਦੇ ਪ੍ਰਬੰਧ ਕੀਤੇ ਜਾਣ ਤੋਂ ਬਾਅਦ ਹੀ ਰਵਾਨਾ ਹੋਣ ਲਈ ਸਹਿਮਤ ਹੋਏ। 19 ਜੁਲਾਈ,1914 ਨੂੰ ਤੜਕੇ, 35 ਡਿਪੂਟਾਈਜ਼ਡ ਅਫਸਰਾਂ ਅਤੇ 125 ਸਿਟੀ ਪੁਲਿਸ ਅਧਿਕਾਰੀਆਂ ਦੇ ਨਾਲ ਛੋਟਾ ਸਰਕਾਰੀ ਸਮੁੰਦਰੀ ਜਹਾਜ਼, ਸਾਰੇ ਹਥਿਆਰਬੰਦ ਹਮਲਾਵਰਾਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਨਾਨਕ ਜਹਾਜ਼ ਨੂੰ ਬੰਦਰਗਾਹ ਤੋਂ ਬਾਹਰ ਕੱਢਣ ਦੇ ਇਰਾਦੇ ਨਾਲ ਨੇੜੇ ਆਣ ਪਹੁੰਚਿਆ। ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰ ਜਾਗ ਰਹੇ ਸਨ ਅਤੇ ਧੱਕੇਸ਼ਾਹੀ ਦਾ ਵਿਰੋਧ ਕਰ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਆਪਣੇ ਦੇਸ਼ ਵਾਪਸੀ ਦੀ ਲੰਬੀ ਯਾਤਰਾ ਲਈ ਭੋਜਨ ਅਤੇ ਪਾਣੀ ਨਹੀਂ ਮਿਲਿਆ। ਸਰਕਾਰੀ ਹਮਲੇ ਦੇ ਜਵਾਬ ਵਿੱਚ ਮੁਸਾਫ਼ਰਾਂ ਨੇ ਜੈਕਾਰੇ ਲਾਉਂਦਿਆਂ ਹੋਇਆਂ ਮੋੜਵਾਂ ਪ੍ਰਤੀਕਰਮ ਦਿੱਤਾ ਤੇ ਲੜਾਈ ਸ਼ੁਰੂ ਹੋ ਗਈ। ਯਾਤਰੀਆਂ ਨੇ ਫੈਸਲਾ ਕੀਤਾ ਕਿ ਉਹ 'ਜਬਰ ਦਾ ਮੁਕਾਬਲਾ ਚੜ੍ਹਦੀ ਕਲਾ' ਨਾਲ ਕਰਨਗੇ। ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦਾ ਰੋਹ ਦੇਖਦਿਆਂ ਹੋਇਆਂ ਸਰਕਾਰ ਨੇ ਆਪਣਾ ਹਮਲਾਵਰ ਜਹਾਜ਼ ਵਾਪਸ ਮੋੜ ਲਿਆ। ਇਸ ਦੌਰਾਨ ਨਸਲਵਾਦੀ ਵੈਨਕੂਵਰ ਪੁਲਿਸ, ਮੇਅਰ ਬੈਕਸਟਰ ਅਤੇ ਸਿਟੀ ਕਾਉਂਸਲਰਾਂ ਤੋਂ ਇਲਾਵਾ ਸਾਰੀਆਂ ਹਾਕਮੀ ਤਾਕਤਾਂ ਨੇ ਜਹਾਜ਼ ਦੇ ਮੁਸਾਫ਼ਰਾਂ ਉੱਪਰ ਦੇਸ਼ ਨਿਕਾਲੇ ਦੇ ਹੁਕਮ ਲਾਗੂ ਕੀਤੇ।

ਵੈਨਕੂਵਰ ਵਾਸੀਆਂ ਵੱਲੋਂ ਮੁਸਾਫ਼ਰਾਂ ਲਈ ਹਾਅ ਦਾ ਨਾਅਰਾ :

ਡੋਮੀਨੀਅਨ ਕੈਨੇਡਾ ਦੀ ਨਸਲਵਾਦੀ ਸਰਕਾਰ ਦੀਆਂ ਪੱਖਪਾਤੀ ਕਾਰਵਾਈਆਂ ਦੇ ਬਾਵਜੂਦ, ਵੈਨਕੂਵਰ ਵਿੱਚ ਰਹਿ ਰਹੇ ਸਥਾਨਕ ਭਾਈਚਾਰਿਆਂ ਨੇ ਯਾਤਰੀਆਂ ਦੀ ਵਕਾਲਤ ਕੀਤੀ ਅਤੇ ਮੁਸਾਫ਼ਰਾਂ ਦੇ ਸਮਰਥਨ ਵਿੱਚ ਪ੍ਰਬੰਧਾਂ ਅਤੇ ਕਾਨੂੰਨੀ ਯਤਨਾਂ ਲਈ ਭੁਗਤਾਨ ਕਰਨ ਲਈ ਫੰਡ ਇਕੱਠੇ ਕੀਤੇ। ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਸਹਿਯੋਗੀ ਹਸਨ ਰਹੀਮ ਦੇ ਨਾਂ 'ਤੇ ਜਹਾਜ਼ ਦੀ ਲੀਜ਼ ਤਬਦੀਲ ਕਰਨ ਮਗਰੋਂ, ਸਥਾਨਕ ਸਿੱਖ ਸੰਗਤਾਂ ਨੇ ਯਾਤਰੀਆਂ ਦੀਆਂ ਮਹਿੰਗੀਆਂ ਕਾਨੂੰਨੀ ਫੀਸਾਂ ਲਈ ਮਹਿੰਗੇ ਵਕੀਲਾਂ ਦੇ ਭੁਗਤਾਨ ਕਰਨ ਲਈ ਵੀ ਆਰਥਿਕ ਪ੍ਰਬੰਧ ਕੀਤੇ, ਜੋ ਉਨ੍ਹਾਂ ਦੇ ਦੇਸ਼ ਨਿਕਾਲੇ ਦੇ ਆਦੇਸ਼ਾਂ ਖ਼ਿਲਾਫ਼ ਲੜ ਰਹੇ ਸਨ। ਭੋਜਨ, ਪਾਣੀ ਅਤੇ ਦਵਾਈਆਂ ਯਾਤਰੀਆਂ ਤੱਕ ਪਹੁੰਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਦੂਜੇ ਪਾਸੇ ਸਥਾਨਕ ਸਿੱਖ ਆਗੂ ਅਤੇ ਮਦਦਗਾਰ ਵੀ ਯਾਤਰੀਆਂ ਤੱਕ ਪਹੁੰਚਣ 'ਚ ਅਸਫਲ ਰਹੇ, ਕਿਉਂਕਿ ਸਰਕਾਰ ਨੇ ਜਹਾਜ਼ ਤੱਕ ਪਹੁੰਚ 'ਤੇ ਪਾਬੰਦੀ ਲਗਾ ਦਿੱਤੀ ਸੀ। ਦੇਸ਼ ਨਿਕਾਲੇ ਦੇ ਹੁਕਮ ਨੂੰ ਕਾਨੂੰਨੀ ਚੁਣੌਤੀ ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੇ ਵਕੀਲ ਜੋਸੇਫ ਐਡਵਰਡ ਬਰਡ ਨੇ ਦਿੱਤੀ, ਪਰ ਉਹ ਅਸਫਲ ਰਿਹਾ। ਆਖ਼ਰਕਾਰ 23 ਜੁਲਾਈ 1914 ਨੂੰ ਸ੍ਰੀ ਗੁਰੂ ਨਾਨਕ ਜਹਾਜ਼ ਨੂੰ ਕੈਨੇਡੀਅਨ ਫ਼ੌਜ ਅਤੇ ਹਕੂਮਤ ਵੱਲੋਂ ਕੈਨੇਡੀਅਨ ਪਾਣੀਆਂ 'ਚੋਂ ਵਿਤਕਰਿਆਂ ਅਤੇ ਧੱਕੇਸ਼ਾਹੀਆਂ ਨਾਲ ਬਾਹਰ ਕਰ ਦਿੱਤਾ ਗਿਆ।




ਕੈਨੇਡਾ ਸਰਕਾਰ ਵੱਲੋਂ ਰਿਲੀਜ਼ ਟਿਕਟ।




ਸ੍ਰੀ ਗੁਰੂ ਨਾਨਕ ਜਹਾਜ਼ ਦੀਆਂ ਟਿਕਟਾਂ ਦੀ ਤਸਵੀਰ।

ਭਾਰਤ ਵਾਪਸੀ 'ਤੇ ਬਜ-ਬਜ ਘਾਟ ਦਾ ਸ਼ਹੀਦੀ ਸਾਕਾ :

ਦੋ ਮਹੀਨੇ ਦੀ ਭਾਰੀ ਖ਼ੱਜਲ-ਖ਼ੁਆਰੀ ਤੋਂ ਬਾਅਦ 29 ਸਤੰਬਰ 1914 ਨੂੰ ਸ੍ਰੀ ਗੁਰੂ ਨਾਨਕ ਜਹਾਜ਼ ਕਲਕੱਤੇ, ਬ੍ਰਿਟਿਸ਼ ਭਾਰਤ ਵਾਪਸ ਪਰਤਿਆ, ਜਿੱਥੇ ਜਹਾਜ਼ 'ਤੇ ਸਵਾਰ ਲੋਕਾਂ ਨੂੰ ਰਾਜਨੀਤਿਕ ਵਿਘਨ ਪਾਉਣ ਵਾਲੇ 'ਅੱਜ ਦੇ ਅੰਦੋਲਨਜੀਵੀ' ਵਾਂਗ ਲੇਬਲ ਕੀਤਾ ਗਿਆ। ਸਿੱਖ ਮੁਸਾਫ਼ਰ ਗ੍ਰਿਫ਼ਤਾਰੀ ਅਤੇ ਪੰਜਾਬ ਵਾਪਸੀ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਲਕੱਤੇ ਦੇ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਚਾਹੁੰਦੇ ਸਨ, ਪਰ ਇਸ ਦਾ ਵਿਰੋਧ ਕਰਦਿਆਂ ਹੋਇਆਂ, ਉਹਨਾਂ ਉੱਪਰ ਗੋਲੀਆਂ ਚਲਾਈਆਂ ਗਈਆਂ। ਇਸ ਦੁਖਦਾਈ ਘਟਨਾ ਦੀ ਅਗਵਾਈ ਬ੍ਰਿਟਿਸ਼ ਭਾਰਤੀ ਫੌਜਾਂ ਦੁਆਰਾ ਕੀਤੀ ਗਈ, ਜਿਸ ਦੇ ਨਤੀਜੇ ਵਜੋਂ 19 ਯਾਤਰੀ ਸ਼ਹੀਦ ਹੋ ਗਏ, ਬਹੁਤ ਸਾਰੇ ਜ਼ਖਮੀ ਹੋਏ ਅਤੇ ਬਹੁਤ ਸਾਰੇ ਹੋਰ ਕੈਦ ਹੋ ਗਏ। ਕੈਨੇਡਾ ਮਗਰੋਂ ਭਾਰਤ ਵਿੱਚ ਬ੍ਰਿਟਿਸ਼ ਭਾਰਤੀ ਨਸਲਵਾਦੀ ਸਰਕਾਰ ਦੇ ਖ਼ੂਨੀ ਸਾਕੇ ਦਾ ਇਹ ਦਿਲ-ਕੰਬਾਊ ਅਧਿਆਇ ਸੀ।

'ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਦਰਦ ਭਰੀ ਕਹਾਣੀ' 'ਤੇ ਪਾਬੰਦੀ :

ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦਾ ਸੱਚਾ-ਸੁੱਚਾ ਇਤਿਹਾਸ ਲਿਖਣ ਦਾ ਫੈਸਲਾ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਕੀਤਾ। ਬਾਬਾ ਗੁਰਦਿੱਤ ਸਿੰਘ ਨੇ ਸਵੈ-ਜੀਵਨੀ 'ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਦਰਦ ਭਰੀ ਕਹਾਣੀ' ਦੋ ਭਾਗਾਂ ਵਿੱਚ ਲਿਖੀ। ਇਸ ਕਿਤਾਬ ਰਾਹੀਂ ਬਾਬਾ ਗੁਰਦਿੱਤ ਸਿੰਘ ਨੇ ਥਾਂ-ਥਾਂ 'ਤੇ ਜਹਾਜ਼ ਦਾ ਨਾਂ 'ਸ੍ਰੀ ਗੁਰੂ ਨਾਨਕ ਜਹਾਜ਼' ਹੀ ਲਿਖਿਆ ਹੈ, ਜਦਕਿ ਸਥਿਤੀ ਨੂੰ ਸਪਸ਼ਟ ਕਰਨ ਲਈ ਲੋੜ ਵੇਲੇ, 'ਕਾਮਾਗਾਟਾਮਾਰੂ' ਸ਼ਬਦ, ਸ੍ਰੀ ਗੁਰੂ ਨਾਨਕ ਜਹਾਜ਼ ਦੇ ਮਗਰੋਂ ਲਿਖਿਆ ਹੈ। ਇਹ ਕਿਤਾਬ ਸਮਕਾਲੀ ਪੰਜਾਬ ਸਰਕਾਰ ਵੱਲੋਂ ਜ਼ਬਤ ਕਰਨ ਲਈ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ। ਕਿਤਾਬ ਦੇ ਪਹਿਲੇ ਭਾਗ ਦਾ ਨਾਂ 'ਸ੍ਰੀ ਗੁਰੂ ਨਾਨਕ ਜਹਾਜ਼' ਅਤੇ ਦੂਜੇ ਭਾਗ ਦਾ ਨਾਂ 'ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਦੁੱਖ ਭਰੀ ਕਹਾਣੀ' ਦਰਜ ਲਾਉਂਦਿਆਂ ਹੋਇਆਂ, ਸਮਕਾਲੀ ਪੰਜਾਬ ਸਰਕਾਰ ਨੇ ਇਸ 'ਤੇ ਪਾਬੰਦੀ ਲਗਾਈ। ਲੰਮਾ ਸਮਾਂ ਮਗਰੋਂ ਜਾ ਕੇ ਇਹ ਕਿਤਾਬ ਪਾਠਕਾਂ ਤੱਕ ਪਹੁੰਚਣ ਵਿੱਚ ਸੰਭਵ ਹੋ ਸਕੀ।




ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਸਵੈ ਜੀਵਨੀ।

ਕੈਨੇਡਾ ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਮੁਆਫ਼ੀਨਾਮਾ:

ਕੈਨੇਡਾ ਦੀ ਮੌਜੂਦਾ ਲਿਬਰਲ ਸਰਕਾਰ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਮਈ, 2016 ਦੇ ਦਿਨ ਮੁਆਫ਼ੀਨਾਮਾ ਜਾਰੀ ਕਰਕੇ ਨਵਾਂ ਅਧਿਆਇ ਸਿਰਜ ਦਿੱਤਾ। ਇਸ ਤੋਂ ਪਹਿਲਾਂ 'ਗਦਰੀ ਬਾਬਿਆਂ ਦੇ ਮੇਲੇ' ਵਿੱਚ ਕੈਨੇਡਾ ਦੇ ਕੰਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਇਸ ਸਬੰਧੀ ਮੁਆਫ਼ੀ ਮੰਗੀ ਸੀ। ਕੈਨੇਡਾ ਦੀ ਪਾਰਲੀਮੈਂਟ 'ਚ ਪ੍ਰਵਾਸੀਆਂ ਨੂੰ ਕਾਲੇ ਕਾਨੂੰਨਾਂ ਰਾਹੀਂ ਧੱਕੇ ਨਾਲ ਵਾਪਸ ਮੋੜਨ ਦੀਆਂ ਇਤਿਹਾਸਕ ਗ਼ਲਤੀਆਂ 'ਤੇ ਮੁਆਫ਼ੀ ਮੰਗਣ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਦਾ ਇਹ ਕਦਮ, ਇਥੇ ਵਸੇ ਪ੍ਰਵਾਸੀਆਂ ਨੂੰ ਮਾਨਤਾ ਦੇਣ ਦੇ ਸੰਦਰਭ 'ਚ ਖ਼ਾਸ ਮਹੱਤਵ ਰੱਖਦਾ ਹੈ। ਕੈਨੇਡਾ ਤੋਂ ਸੇਧ ਲੈ ਕੇ ਭਾਰਤ ਦੀ ਸੰਸਦ 'ਚ ਵੀ ਗੁਰੂ ਨਾਨਕ ਜਹਾਜ਼ ਦੇ ਦੁਖਾਂਤ ਸਬੰਧੀ ਮਤਾ ਪੇਸ਼ ਕੀਤਾ ਜਾਣਾ ਬਣਦਾ ਸੀ ਤੇ ਇਸ ਦੇ ਮੁਸਾਫ਼ਰਾਂ ਦੀ ਕੁਰਬਾਨੀ ਨੂੰ ਵੀ ਚੇਤੇ ਕੀਤਾ ਜਾਣਾ ਚਾਹੀਦਾ ਸੀ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਾਂਗ ਪੰਜਾਬ ਦੀ ਵਿਧਾਨ ਸਭਾ 'ਚ ਵੀ ਅਜਿਹਾ ਕਦਮ ਚੁੱਕਿਆ ਜਾਣਾ ਚਾਹੀਦਾ ਸੀ, ਕਿਉਂਕਿ ਸ੍ਰੀ ਗੁਰੂ ਨਾਨਕ ਜਹਾਜ਼ ਦੇ ਲਗਭਗ ਸਾਰੇ ਮੁਸਾਫ਼ਰ ਸਾਂਝੇ ਪੰਜਾਬ ਨਾਲ ਸਬੰਧਕ ਸਨ, ਪਰ ਦੁੱਖ ਦੀ ਗੱਲ ਇਹ ਹੈ ਕਿ 29 ਸਤੰਬਰ ਨੂੰ, ਜਿਸ ਦਿਨ ਇਹ ਸ਼ਹੀਦੀਆਂ ਹੋਈਆਂ ਹਨ, ਨਾ ਕਦੇ ਭਾਰਤ ਦੀ ਕੇਂਦਰੀ ਸਰਕਾਰ ਤੇ ਨਾ ਹੀ ਕਦੇ ਪੰਜਾਬ ਦੀ ਸਰਕਾਰ ਨੇ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨੂੰ ਯਾਦ ਤੱਕ ਕੀਤਾ ਹੈ। ਕੈਨੇਡਾ ਵੱਸਦੇ ਪੰਜਾਬੀਆਂ ਅਤੇ ਭਾਰਤੀਆਂ ਨੂੰ ਪੰਜਾਬ ਅਤੇ ਭਾਰਤ ਸਰਕਾਰ ਤੋਂ ਇਸ ਗੱਲ ਦੀ ਮੰਗ ਕਰਨੀ ਚਾਹੀਦੀ ਹੈ, ਨਾ ਕਿ ਇਸ ਗੱਲ 'ਤੇ ਜ਼ੋਰ ਲਾਉਣਾ ਚਾਹੀਦਾ ਹੈ ਕਿ ਪਾਰਲੀਮੈਂਟ ਵਿੱਚ ਮਾਫ਼ੀ ਮੰਗੇ ਜਾਣ ਤੋਂ ਬਾਅਦ, ਹਰ ਸ਼ਹਿਰ ਦੀ ਕੌਂਸਲ, ਹਰ ਸੜਕ ਦੇ ਕਿਨਾਰੇ, ਹਰ ਮੋੜ 'ਤੇ ਕਾਮਾਗਾਟਾਮਾਰੂ ਦੀ ਮਾਫ਼ੀ ਦੀ ਚਰਚਾ ਕੀਤੀ ਜਾਵੇ। ਇਹ ਸੋਚ ਸਾਡੇ ਆਤਮ ਬਲ ਨੂੰ ਕਮਜ਼ੋਰ ਕਰਦੀ ਹੈ। ਸ੍ਰੀ ਗੁਰੂ ਨਾਨਕ ਜਹਾਜ਼ ਦਾ ਇਹ ਸਫ਼ਰ ਚੜ੍ਹਦੀ ਕਲਾ ਦਾ ਪ੍ਰਤੀਕ ਸੀ, ਨਾ ਕਿ ਢਹਿੰਦੀ ਕਲਾ ਦਾ। (ਸਮਾਪਤ)

# ਸੂਹੇ ਰੰਗ ਦੀ ਫ਼ੁਲਕਾਰੀ ਮੇਰੀ...

**ਸੁਰਜੀਤ ਸਿੰਘ**

ਫੁਲਕਾਰੀ ਸਿਰਫ਼ ਪਰੰਪਰਾਗਤ ਕਲਾ ਨਹੀਂ ਹੈ, ਇਹ ਪੰਜਾਬ ਦੇ ਜਜ਼ਬਾਤ, ਪਿਆਰ, ਰੰਗ, ਸੱਭਿਆਚਾਰ ਤੇ ਪਰੰਪਰਾਵਾਂ ਦੀ ਕਹਾਣੀ ਹੈ। ਫੁਲਕਾਰੀ ਦੀ ਸਾਰਥਿਕਤਾ ਅੱਜ ਵੀ ਘੱਟ ਨਹੀਂ ਹੋਈ ਹੈ ਅਤੇ ਪੰਜਾਬ ਵਿੱਚ ਹੋਣ ਵਾਲੇ ਸਾਰੇ ਵਿਆਹਾਂ, ਜਨਮ, ਤਿਉਹਾਰਾਂ ਤੇ ਰਸਮਾਂ ਦਾ ਅਨਿੱਖੜਵਾਂ ਅੰਗ ਬਣੀ ਹੋਈ ਹੈ। ਪਰ ਸਮੇਂ ਦੇ ਹਿਸਾਬ ਨਾਲ ਬਹੁਤ ਸਾਰੇ ਇਲਾਕਿਆਂ 'ਚ ਇਹ ਲੋਪ ਹੋ ਚੁੱਕੀ ਹੈ। ਫੁਲਕਾਰੀ ਅੱਜ ਕੱਲ੍ਹ ਜਿਵੇਂ ਬੁਝਾਰਤ ਬਣ ਕੇ ਗੀਤਾਂ ਆਦਿ ਵਿੱਚ ਹੀ ਸਮੋ ਕੇ ਰਹਿ ਗਈ ਹੈ। ਅੱਜ ਕਿਸੇ ਨੇ ਫੁਲਕਾਰੀ ਦੇਖਣੀ ਹੋਵੇ ਤਾਂ ਅਜਾਇਬ ਘਰਾਂ ਵਿੱਚ ਜਾਂ ਵਿਆਹ ਸ਼ਾਦੀਆਂ ਮੌਕੇ ਮੈਰਿਜ ਪੈਲਿਸਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਨ ਵਾਲਿਆਂ ਦੀ ਸਟੇਜਾਂ ਤੇ ਫੁੱਲਕਾਰੀ ਦੀ ਝਲਕ ਮਿਲ ਸਕਦੀ ਹੈ।



ਜੇਕਰ ਅਸੀਂ ਕਹੀਏ ਕਿ ਸਾਡੀਆਂ ਪੰਜਾਬਣਾਂ ਨੇ ਫੁਲਕਾਰੀ ਨੂੰ ਪੂਰੀ ਤਰਾਂ ਵਿਸਾਰ ਦਿੱਤਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ। ਫੁਲਕਾਰੀ ਕਢਾਈ ਭਾਰਤ ਤੇ ਪਾਕਿਸਤਾਨ ਦੇ ਪੰਜਾਬ ਖੇਤਰ ਤੋਂ ਇੱਕ ਰਵਾਇਤੀ ਕਢਾਈ ਤਕਨੀਕ ਹੈ। 'ਫੁਲਕਾਰੀ' ਸ਼ਬਦ ਦਾ ਅਰਥ ਹੈ 'ਫੁੱਲਾਂ ਦਾ ਕੰਮ' ਅਤੇ ਕਢਾਈ ਦੀ ਇਹ ਸ਼ੈਲੀ ਗੁੰਝਲਦਾਰ ਫੁੱਲਾਂ ਦੇ ਨਮੂਨਿਆਂ ਦੀ ਵਿਸ਼ੇਸ਼ਤਾ ਵਾਲੇ ਇਸਦੇ ਜੀਵੰਤ ਤੇ ਰੰਗੀਨ ਡਿਜ਼ਾਈਨ ਲਈ ਜਾਣੀ ਜਾਂਦੀ ਹੈ। ਫੁਲਕਾਰੀ ਦੀ ਕਢਾਈ ਅਕਸਰ ਸ਼ਾਲਾਂ, ਦੁਪੱਟਿਆਂ (ਸਕਾਰਫ਼ਾਂ) ਅਤੇ ਹੋਰ ਕੱਪੜਿਆਂ 'ਤੇ ਕੀਤੀ ਜਾਂਦੀ ਹੈ, ਅਤੇ ਇਹ ਇਸ ਖੇਤਰ ਵਿੱਚ ਸੱਭਿਆਚਾਰਕ ਅਤੇ ਪ੍ਰਤੀਕਾਤਮਕ ਮਹੱਤਵ ਰੱਖਦੀ ਹੈ। ਤਕਨੀਕ ਵਿਚ ਆਮ ਤੌਰ 'ਤੇ ਫੈਬਰਿਕ ਦੇ ਪਿਛਲੇ ਪਾਸੇ ਡਰਨ ਸਟੀਚ ਦੀ ਵਰਤੋਂ ਸ਼ਾਮਲ ਹੁੰਦੀ ਹੈ, ਜਿਸ ਨਾਲ ਸਾਹਮਣੇ ਵਾਲੇ ਪਾਸੇ ਇੱਕ ਵਿਲੱਖਣ ਦਿੱਖ ਬਣ ਜਾਂਦੀ ਹੈ।ਜਦੋਂ ਕਿਸੇ ਸੱਜ-ਵਿਆਹੀ ਦਾ ਮਾਹੀ ਉਸ ਵੱਲ ਘੱਟ ਤਵੱਜੋਂ ਦਿੰਦਾ ਹੈ ਤਾਂ ਉਸਦੀ ਨਾਰ ਆਪਣੇ ਸੱਜਣ ਨੂੰ ਨਿਹੋਰਾ ਮਾਰ ਕੇ ਬੜੇ ਗੁੱਸੇ ਅਤੇ ਪਿਆਰ ਨਾਲ ਸਮਝਾਉਂਦੀ ਹੈ ਅਤੇ ਆਪਣੇ ਸੁਹੱਪਣ ਤੇ ਉੱਤੇ ਲਈ ਫੁਲਕਾਰੀ ਦਾ ਵਾਸਤਾ ਵੀ ਦਿੰਦੀ ਹੈ। ਨਾਲ ਹੀ ਉਨ੍ਹਾਂ ਲੋਕਾਂ ਦਾ ਚੇਤਾ ਵੀ ਕਰਵਾਉਂਦੀ ਹੈ ਜੋ ਕਿ ਸਾਰੀ ਉਮਰ ਔਰਤ ਦਾ ਸਾਥ ਨਾ ਲੱਭ ਸਕੇ ਤੇ ਲੋਕਾਂ ਵੱਲ ਦੇਖ ਕੇ ਝੁਰਦਿਆਂ ਹੀ ਉਮਰ ਬਿਤਾ ਦਿੱਤੀ,

ਸੋਹਣੀ ਸੁਨੱਖੀ ਮੁਟਿਆਰ ਤੇਰੀ, ਉੱਤੇ ਸੂਹੀ ਫੁਲਕਾਰੀ
ਕਈ ਰੰਨਾਂ ਨੂੰ ਝੂਰਦੇ ਹੋ ਗਏ ਬੁੱਢੇ, ਤੂੰ ਮੂਰਖਾ ਮਨੋਂ ਵਿਸਾਰੀ।

ਪੰਜਾਬ ਦੀਆਂ ਔਰਤਾਂ ਵੱਲੋਂ ਫੁਲਕਾਰੀ ਕਲਾ ਦਾ ਅਭਿਆਸ ਕੀਤਾ ਜਾਂਦਾ ਸੀ। ਦਰੱਖ਼ਤ ਦੀ ਸੁਰੱਖਿਆ ਵਾਲੀ ਛਾਂ ਵਿੱਚ ਖਿੱਚੀਆਂ ਚਰਖੜੀਆਂ 'ਤੇ ਬੈਠ ਕੇ, ਪੰਜਾਬ ਭਰ ਦੇ ਪਿੰਡਾਂ ਅਤੇ ਛੋਟੇ ਕਸਬਿਆਂ ਦੀਆਂ ਔਰਤਾਂ ਅਕਸਰ ਦੁਪੱਟਿਆਂ, ਸ਼ਾਲਾਂ ਜਾਂ ਹੋਰ ਕੱਪੜਿਆਂ 'ਤੇ ਸ਼ਾਨਦਾਰ 'ਫੁਲਕਾਰੀ' ਫੁੱਲਾਂ ਦੀ ਕਢਾਈ ਕਰਨ ਵਿੱਚ ਰੁੱਝੀਆਂ ਰਹਿੰਦੀਆਂ ਸਨ। ਇਹ ਕਲਾ ਪੂਰੇ ਪੰਜਾਬ ਵਿੱਚ ਪ੍ਰਚਲਿਤ ਸੀ ਜੋ 1947 ਦੀ ਵੰਡ ਤੋਂ ਬਾਅਦ ਵੰਡੀ ਗਈ ਸੀ। ਇਸ ਲਈ ਹੁਣ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿੱਚ ਫੁਲਕਾਰੀ ਦਾ ਅਭਿਆਸ ਕੀਤਾ ਜਾਂਦਾ ਹੈ। ਫੁਲਕਾਰੀ ਦੀਆਂ ਤਾਰਾਂ ਦੋਹਾਂ ਦੇਸ਼ਾਂ ਦੇ ਸੱਭਿਆਚਾਰਕ ਰਿਸ਼ਤੇ ਨੂੰ ਜੋੜਦੀਆਂ ਹਨ। ਔਰਤਾਂ ਕੱਪੜਿਆਂ 'ਤੇ ਸ਼ਾਨਦਾਰ ਕਢਾਈ ਕਰਦੇ ਲੋਕ ਗੀਤ ਗਾਉਂਦੀਆਂ ਸਨ।

ਸੂਹੇ ਰੰਗ ਦੀ ਫੁਲਕਾਰੀ ਮੇਰੀ, ਉੱਤੇ ਫੁੱਲ ਬੂਟੇ ਮੈਂ ਪਾਂਦੀ ਆਂ
ਸੱਜਣਾਂ ਦੀ ਉਡੀਕ ਵਿੱਚ, ਰੋਜ਼ ਮੈਂ ਇੱਕ ਤੰਦ ਪਾਂਦੀ ਆਂ।

ਫੁਲਕਾਰੀ ਨੂੰ ਸਿਰਫ਼ ਕਲਾ ਨਹੀਂ ਮੰਨਿਆ ਜਾਂਦਾ, ਇਹ ਇੱਕ ਲੜਕੀ ਦਾ ਆਪਣੀ ਮਾਂ ਨਾਲ ਭਾਵਨਾਤਮਕ ਬੰਧਨ ਵੀ ਸੀ। ਜਿਸਨੇ ਉਸਦੇ ਲਈ ਫੁਲਕਾਰੀ ਬੁਣਾਈ ਸੀ। ਜਦੋਂ ਕੋਈ ਕੁੜੀ, ਔਰਤ, ਪਤਨੀ ਜਾਂ ਮਾਂ ਬਣ ਜਾਂਦੀ ਸੀ ਤਾਂ ਉਸ ਲਈ ਫੁਲਕਾਰੀ ਦੁਪੱਟਾ, ਸ਼ਾਲ ਜਾਂ ਕੱਪੜੇ ਦਾ ਸੁੰਦਰ ਟੁਕੜਾ ਬਣਾਇਆ ਜਾਂਦਾ ਸੀ ਪਰ ਅੱਜ ਕੱਲ੍ਹ ਤਾਂ ਸ਼ਾਇਦ ਇਨ੍ਹਾਂ ਗੱਲਾਂ ਵਾਰੇ ਸੁਪਨੇ ਵਿੱਚ ਵੀ ਨਹੀਂ ਸੋਚਦਾ।

### ਕਢਾਈ ਦਾ ਰੂਪ

ਫੁਲਕਾਰੀ ਕਢਾਈ ਦਾ ਪਰੰਪਰਾਗਤ ਰੂਪ ਹੈ ਜੋ ਪੰਜਾਬ ਤੋਂ ਉਪਜੀ ਹੈ। ਇਹ ਫੁੱਲਾਂ ਦੇ ਆਕਾਰ (ਫੁਲ-ਅਕਾਰੀ) ਵਿੱਚ ਅਨੁਵਾਦ ਕਰਦਾ ਹੈ, ਹਾਲਾਂਕਿ ਪੈਟਰਨ ਹੁਣ ਫੁੱਲਾਂ ਤੱਕ ਸੀਮਿਤ ਨਹੀਂ ਸਨ। ਫੁਲਕਾਰੀ ਬਾਰੇ ਸਭ ਤੋਂ ਅਜੀਬ ਗੱਲ ਇਹ ਹੈ ਕਿ ਨਮੂਨੇ ਕੱਪੜੇ ਦੇ ਮੋਟੇ ਪਾਸੇ 'ਤੇ ਬਣਾਏ ਗਏ ਹਨ। ਕਢਾਈ ਦੇ ਇਸ ਰੂਪ ਨੂੰ ਇਸ ਅਨੁਸਾਰ ਤੌਰ 'ਤੇ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ:

**ਬਾਗ਼**

ਜਿਵੇਂ ਕਿ ਤੁਸੀਂ ਜਾਣਦੇ ਹੋਵੋਗੇ ਕਿ ਪਹਿਲਾਂ ਹੀ ਬਾਗ਼ ਦਾ ਅਰਥ ਹੈ ਬਾਗ। ਇਸ ਲਈ ਬਾਗ਼ ਵਿੱਚ, ਪੂਰਾ ਅਧਾਰ ਕੱਪੜਾ ਫੁੱਲਾਂ ਨਾਲ ਭਰਿਆ ਹੁੰਦਾ ਹੈ, ਕਢਾਈ ਦੇ ਕੰਮ ਦੀ ਘਣਤਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਕੰਮ ਆਪਣੇ ਆਪ ਵਿੱਚ ਇੱਕ ਫੈਬਰਿਕ ਬਣ ਜਾਂਦਾ ਹੈ। ਇਸ ਦਾ ਨਤੀਜਾ ਵਧੇਰੇ ਸਮਾਂ ਲੈਣ ਵਾਲਾ ਅਤੇ ਮਹਿੰਗਾ ਹੁੰਦਾ ਹੈ।

**ਬਾਵਨ ਬਾਗ਼**

ਬਾਵਨ ਬਾਗ਼ ਇੱਕ ਕੱਪੜੇ ਉੱਤੇ 52 ਵੱਖ-ਵੱਖ ਪੈਟਰਨਾਂ ਵਾਲਾ ਮੋਜ਼ੇਕ ਹੈ। ਇਸਦੀ ਵਰਤੋਂ ਪੇਸ਼ੇਵਰ ਕਢਾਈ ਕਰਨ ਵਾਲੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਕਰਦੇ ਸਨ। ਅਫ਼ਸੋਸ ਕਿ ਅੱਜ ਫੁਲਕਾਰੀ ਤੇ ਬਾਗ਼ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ ਜਿਸ ਬਾਰੇ ਕਿਸੇ ਤਰ੍ਹਾਂ ਭਰਮ ਭੁਲੇਖਾ ਨਹੀਂ ਹੈ।



ਅਸੀਂ ਆਪਣੇ ਵਿਰਸੇ ਅਤੇ ਸੱਭਿਆਚਾਰ ਤੋਂ ਹੌਲੀ-ਹੌਲੀ ਦੂਰ ਹੋਈ ਜਾ ਰਹੇ ਹਾਂ ਜਿਸ ਦੇ ਅਸੀਂ ਖ਼ੁਦ ਜ਼ਿੰਮੇਵਾਰ ਹਾਂ ਕਿਉਂਕਿ ਧੀਆਂ-ਪੁੱਤ ਤਾਂ ਅਸੀਂ ਜ਼ਮੀਨਾਂ-ਜਾਇਦਾਦਾਂ ਗਹਿਣੇ, ਜਾਂ ਵੇਚ ਵੱਟ ਕੇ ਪ੍ਰਦੇਸੀਂ ਤੋਰ ਦਿੱਤੇ ਅਤੇ ਮਾਂ-ਬਾਪ ਸਾਰਾ ਪਰਿਵਾਰ ਕਰਜ਼ੇ ਦੀਆਂ ਕਿਸ਼ਤਾਂ ਉਤਾਰਦਾ ਹੀ ਬੁੱਢਾ ਹੋ ਜਾਂਦਾ। ਫਿਰ ਕਦੋਂ ਮਿਲੇਗਾ ਫੁਲਕਾਰੀਆਂ ਲਈ ਸਮਾਂ। ਬਾਕੀ ਬਚੀ-ਖੁਚੀ ਕਸਰ ਬਦਲਦੇ ਜ਼ਮਾਨੇ ਨੇ ਪੂਰੀ ਕਰ ਦਿੱਤੀ ਪਰ ਅਸੀਂ ਸ਼ਾਇਦ ਜ਼ਿਆਦਾ ਹੀ ਅਵੇਸਲੇ ਹਾਂ ਅਤੇ ਆਪਣੇ ਵਿਰਸੇ ਨੂੰ ਸਾਂਭਣ ਲਈ ਕੋਈ ਵੀ ਕਿਸੇ ਵੀ ਤਰ੍ਹਾਂ ਵੀ ਜ਼ਿੰਮੇਵਾਰੀ ਨਹੀਂ ਦਿਖਾਉਂਦੇ। ਸਾਨੂੰ ਇਹ ਯਤਨ ਕਰਨੇ ਚਾਹੀਦੇ ਹਨ ਕਿ ਸਾਡੇ ਵਿਰਸੇ ਦੀ ਪਛਾਣ ਫੁਲਕਾਰੀ ਨੂੰ ਹਮੇਸ਼ਾ ਲਈ ਆਪਣਾ ਅੰਗ ਬਣਾ ਕੇ ਰੱਖੀਏ। ਇਹ ਸਾਡੇ ਸਾਂਝੇ ਹੰਭਲੇ ਨਾਲ ਹੀ ਸੰਭਵ ਹੈ।

# ਕਿੱਕਰਾਂ ਦੇ ਫੁੱਲਾਂ ਦੀ...

**ਜੋਗਿੰਦਰ ਕੌਰ ਅਗਨੀਹੋਤਰੀ**



ਕੁਦਰਤ ਆਪਣੇ ਆਪ ਵਿੱਚ ਸੰਪੂਰਨ ਹੈ। ਇਸ ਦੇ ਬਗ਼ੈਰ ਪੱਤਾ ਵੀ ਨਹੀਂ ਝੂਲ ਸਕਦਾ । ਇਸਦੀ ਸਿਰਜੀ ਹੋਈ ਹਰ ਚੀਜ਼ ਕੀਮਤੀ ਹੈ। ਰੇਤ ਦਾ ਕਿਣਕਾ ਵੀ ਤੇ ਸੋਨਾ ਵੀ। ਜੜ੍ਹੀਆਂ ਬੂਟੀਆਂ ਅਤੇ ਰੁੱਖ ਬਹੁਤ ਕੀਮਤੀ ਹਨ ਅਤੇ ਮਨੁੱਖ ਦੇ ਜੀਵਨ ਵਿੱਚ ਇਨ੍ਹਾਂ ਦਾ ਅਹਿਮ ਸਥਾਨ ਹੈ। ਪਰਖੀਆਂ ਹੋਈਆਂ ਜੜ੍ਹੀਆਂ ਬੂਟੀਆਂ ਨੂੰ ਮਨੁੱਖ ਵਰਤਦਾ ਆ ਰਿਹਾ ਹੈ। ਰੁੱਤ ਦੇ ਮੇਵਿਆਂ ਦਾ ਅਨੰਦ ਵੀ ਮਨੁੱਖ ਲੈ ਰਿਹਾ ਹੈ। ਰੁੱਖਾਂ ਦੇ ਸਾਨੂੰ ਅਨੇਕਾਂ ਫ਼ਾਇਦੇ ਹਨ। ਸਭ ਤੋਂ ਪਹਿਲਾਂ ਤਾਂ ਰੁੱਖ ਸਾਨੂੰ ਜੀਵਨ ਦਾਨ ਦਿੰਦੇ ਹਨ ਕਿਉਂਕਿ ਰੁੱਖਾਂ ਤੋਂ ਹੀ ਸਾਨੂੰ ਆਕਸੀਜਨ ਪ੍ਰਾਪਤ ਹੁੰਦੀ ਹੈ ਅਤੇ ਇਹ ਕਾਰਬਨ ਡਾਈਆਕਸਾਈਡ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ। ਰੁੱਖ ਸਾਨੂੰ ਛਾਂ ਦਿੰਦੇ ਹਨ। ਇਨ੍ਹਾਂ ਤੋਂ ਸਾਨੂੰ ਫਲ ਵੀ ਪ੍ਰਾਪਤ ਹੁੰਦੇ ਹਨ ਅਤੇ ਫੁੱਲਾਂ ਦੀ ਸੁਗੰਧੀ ਵੀ ਪ੍ਰਾਪਤ ਹੁੰਦੀ ਹੈ। ਰੁੱਖਾਂ ਤੋਂ ਸਾਨੂੰ ਲੱਕੜੀ ਪ੍ਰਾਪਤ ਹੁੰਦੀ ਹੈ , ਜਿਸ ਨਾਲ ਘਰ ਵਿਚ ਵਰਤਿਆ ਜਾਣੇ ਵਾਲਾ ਸਾਜ਼ੋ-ਸਮਾਨ ਵੀ ਬਣਦਾ ਹੈ। ਭੋਜਨ ਬਣਾਉਣ ਲਈ ਬਾਲਣ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਹਰ ਰੁੱਖ ਦਾ ਬੀਜ ਹੁੰਦਾ ਹੈ ਜਿਸ ਤੋਂ ਅਨੇਕਾਂ ਰੁੱਖ ਪੈਦਾ ਹੁੰਦੇ ਹਨ। ਹਰ ਰੁੱਖ ਦੇ ਉੱਤੇ ਫਲ ਲੱਗਦੇ ਹਨ ਪ੍ਰੰਤੂ ਪਰਖ ਤੋਂ ਬਗ਼ੈਰ ਉਸ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਅਤੇ ਪਰਖ ਨਾਲ ਹੀ ਉਸ ਦੀ ਕੀਮਤ ਬਹੁਮੁੱਲੀ ਵੀ ਹੋ ਜਾਂਦੀ ਹੈ।

**ਲੋਕ ਗੀਤਾਂ ਵਿੱਚ ਕਿੱਕਰ ਦਾ ਜ਼ਿਕਰ**

ਲੋਕ ਗੀਤਾਂ ਵਿੱਚ ਕਿੱਕਰ ਦਾ ਜ਼ਿਕਰ ਆਮ ਹੀ ਆਉਂਦਾ ਹੈ। ਕਿੱਕਰ ਨਾਲ ਜੋੜੇ ਕਈ ਮੁਹਾਵਰੇ ਵੀ ਹਨ ਜਿਵੇਂ 'ਕਿੱਕਰ ਦੇ ਫੁੱਲਾਂ ਵਰਗਾ', 'ਰੋਹੀ ਦੀ ਕਿੱਕਰ ਵਰਗਾ' ਆਦਿ। ਕਿੱਕਰ ਦੇ ਫੁੱਲ ਇੰਨੇ ਹਲਕੇ ਹੁੰਦੇ ਹਨ ਕਿ ਹਵਾ ਦੇ ਬੁੱਲੇ ਦੇ ਆਉਂਦਿਆਂ ਹੀ ਉਹ ਧਰਤੀ 'ਤੇ ਡਿੱਗ ਪੈਂਦੇ ਹਨ, ਜਿਨ੍ਹਾਂ ਦੀ ਕੀਮਤ ਕੁਝ ਵੀ ਨਹੀਂ ਹੁੰਦੀ। ਇਸ ਕਰਕੇ ਹੀ ਜਦੋਂ ਇੱਕ ਮੁਟਿਆਰ ਦਾ ਪ੍ਰੇਮ ਅਸਫਲ ਹੋ ਜਾਵੇ ਜਾਂ ਉਸਦਾ ਪ੍ਰੇਮੀ ਉਸ ਨੂੰ ਛੇਤੀ-ਛੇਤੀ ਨਾ ਮਿਲੇ ਤਾਂ ਉਹ ਉਸ ਨੂੰ ਇੰਜ ਉਲਾਂਭਾ ਦਿੰਦੀ ਹੈ-

'ਕਿੱਕਰ ਦੇ ਫੁੱਲਾਂ ਦੀ,
ਕੌਣ ਕਰੇਂਦਾ ਰਾਖੀ, ਵੇ ਅੜਿਆ'

ਬੇਸ਼ੱਕ ਕਿੱਕਰ ਦਾ ਛਿੱਲਕਾ ਕਾਲਾ ਹੁੰਦਾ ਹੈ ਪਰ ਇਹ ਮਨੁੱਖ ਦਾ ਮੂੰਹ ਤਰੋ-ਤਾਜ਼ਾ ਕਰ ਦਿੰਦਾ ਹੈ ਕਿਉਂਕਿ ਇਸਦੇ ਚੱਬਣ ਨਾਲ ਮੂੰਹ ਦੀ ਸਫ਼ਾਈ ਹੋ ਜਾਂਦੀ ਹੈ, ਜਿਸ ਨਾਲ ਅਨੇਕ ਬਿਮਾਰੀਆਂ ਦੂਰ ਹੁੰਦੀਆਂ ਹਨ। ਦਾਤਣ ਕਰਨ ਨਾਲ ਦੰਦ ਵੀ ਚਿੱਟੇ ਹੁੰਦੇ ਹਨ ਅਤੇ ਮਜ਼ਬੂਤ ਵੀ। ਅਜਿਹੇ ਗੁਣਾਂ ਦੇ ਹੁੰਦੇ ਹੋਏ ਵੀ ਕਾਲੇ ਰੰਗ ਕਾਰਨ ਕਿੱਕਰ ਨਾਲ ਕੁੜੀ ਆਪਣੇ ਕਾਲੇ ਰੰਗ ਦੇ ਵਰ ਦੀ ਤੁਲਨਾ ਕਰਦੀ ਹੈ।

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ,
ਬਾਪੂ ਦੇ ਪਸੰਦ ਆ ਗਿਆ।

ਘਰ ਵਿੱਚ ਵਰਤਣਯੋਗ ਲੱਕੜ ਦੀਆਂ ਚੀਜ਼ਾਂ ਲਈ ਕਿੱਕਰ ਦੀ ਲੱਕੜ ਵੀ ਵਰਤੀ ਜਾਂਦੀ ਹੈ ਜਿਵੇਂ ਮੰਜੇ ਦੀਆਂ ਵਾਹੀਆਂ, ਸੇਰਵੇ, ਪਾਵੇ ਆਦਿ। ਘਰੇਲੂ ਵਰਤੋਂ ਵਿੱਚ ਆਉਣ ਵਾਲੀਆਂ ਚੀਜ਼ਾਂ ਥਾਪਾ, ਗਿੜਗਣ, ਪਟੜੀ-ਪਟੜਾ ਤੋਂ ਬਿਨਾਂ ਅਨੇਕ ਹੋਰ ਵਸਤਾਂ ਇਸ ਦੀ ਲੱਕੜ ਦੀਆਂ ਬਣਾਈਆਂ ਜਾਂਦੀਆਂ ਹਨ। ਅੱਜ ਤੋਂ ਕਈ ਸਾਲ ਪਹਿਲਾਂ ਪੁਰਾਣੇ ਘਰਾਂ ਵਿੱਚ ਕਿੱਕਰ ਦੀਆਂ ਲਟੈਣਾਂ ਆਮ ਦੇਖੀਆਂ ਜਾਂਦੀਆਂ ਸਨ ਪਰ ਕੱਚੇ ਘਰਾਂ ਦੇ ਖ਼ਤਮ ਹੋਣ ਨਾਲ ਲਟੈਣਾਂ ਵੀ ਖ਼ਤਮ ਹੋ ਗਈਆਂ ਹਨ। ਤਾਣੀ ਤੰਦ ਜਾਂ ਦਰੀਆਂ ਦਾ ਨਸਵਾਰੀ ਸੂਟ ਰੰਗਣ ਵੇਲੇ ਵੀ ਕਿੱਕਰ ਦੇ ਸੱਕ ਨੂੰ ਉਬਾਲ ਕੇ ਉਸ ਦਾ ਪਾਹ ਦਿੱਤਾ ਜਾਂਦਾ ਹੈ ਤਾਂ ਕਿ ਰੰਗ ਵਧੀਆ ਚੜ੍ਹ ਜਾਵੇ। ਫੁਲਕਾਰੀਆਂ ਅਤੇ ਬਾਗ਼ ਤਿਆਰ ਕਰਨ ਲਈ ਖੱਦਰ ਨੂੰ ਵੀ ਪਾਹ ਦੇ ਕੇ ਹੀ ਰੰਗਿਆ ਜਾਂਦਾ ਹੈ।





ਕਿੱਕਰ 'ਤੇ ਲੱਗੇ ਤੁੱਕਿਆਂ ਦਾ ਆਚਾਰ ਵੀ ਵੱਖ-ਵੱਖ ਢੰਗਾਂ ਨਾਲ ਪਾਇਆ ਜਾਂਦਾ ਹੈ, ਉਬਾਲ ਕੇ ਵੀ ਅਤੇ ਤਲ ਕੇ ਵੀ। ਤੁੱਕਿਆਂ ਨੂੰ ਸੁਕਾ ਕੇ ਚੰਗੀ ਤਰ੍ਹਾਂ ਪੀਸ ਕੇ ਉਸ ਵਿਚ ਫਟਕੜੀ ਪਾ ਕੇ ਦੰਦਾਂ ਦਾ ਮੰਜਨ ਵੀ ਬਣਾਇਆ ਜਾਂਦਾ ਹੈ, ਇਸ ਨਾਲ ਦੰਦਾਂ ਦੀਆਂ ਕਈ ਬਿਮਾਰੀਆਂ ਦੂਰ ਹੁੰਦੀਆਂ ਹਨ। ਸਾਡੇ ਸੱਭਿਆਚਾਰ ਵਿੱਚ ਵਿਅਕਤੀਆਂ ਦੇ ਗੁਣਾਂ ਤੇ ਔਗੁਣਾਂ ਦੀ ਤੁਲਨਾ ਰੁੱਖਾਂ ਦੇ ਫਲਾਂ ਨਾਲ ਵੀ ਕੀਤੀ ਜਾਂਦੀ ਹੈ ਜਾਂ ਇੰਝ ਕਹਿ ਲਵੋ ਕਿ ਵਿਅਕਤੀਆਂ ਦੇ ਚੰਗੇ ਅਤੇ ਮਾੜੇ ਕੰਮਾਂ ਦਾ ਫਲ ਕੀ ਉਸ ਨੂੰ ਮਿਲਦਾ ਹੈ। ਭਗਤੀ ਮਾਰਗ 'ਤੇ ਚੱਲਦੇ ਸਮੇਂ ਅਜਿਹੀਆਂ ਉਦਾਹਰਨਾਂ ਕੀਰਤਨ ਰਾਹੀਂ ਮਨੁੱਖ ਨੂੰ ਦਿੱਤੀਆਂ ਜਾਂਦੀਆਂ ਹਨ।

'ਕਿੱਥੋਂ ਭਾਲਦਾ ਬਜੌਰੀ ਦਾਖਾਂ
ਕਿੱਕਰਾਂ ਦੇ ਬੀਜ, ਬੀਜ ਕੇ।'

ਇਸ ਦਾ ਮਤਲਬ ਹੈ ਕਿ ਕਿੱਕਰ ਅਤੇ ਦਾਖ ਦੇ ਰੁੱਖ ਵਿੱਚ ਬਹੁਤ ਫ਼ਰਕ ਹੈ ਕਿਉਂਕਿ ਕਿੱਕਰ ਉੱਤੇ ਤੁੱਕੇ ਹੀ ਲੱਗਣਗੇ ਜਦਕਿ ਦਾਖ ਦੇ ਰੁੱਖ ਉੱਤੇ ਦਾਖਾਂ।

ਖੇਤਾਂ ਵਿੱਚ ਕੰਮ ਕਰਦੇ ਕਿਸਾਨ ਨੂੰ ਜਦੋਂ ਰੱਬ ਯਾਦ ਆਉਂਦਾ ਹੈ ਤਾਂ ਉਹ ਰੱਬ ਦਾ ਨਾਂ ਲੈਂਦਾ ਹੈ ਕਿਉਂਕਿ ਰੱਬ ਨਾਲ ਮਨੁੱਖ ਦਾ ਅਧਿਆਤਮਕ ਰਿਸ਼ਤਾ ਹੈ । ਕਿੱਕਰ ਦੇ ਰੁੱਖ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਦੇਖਣ 'ਤੇ ਸਾਨੂੰ ਇਸ ਦੀ ਕੀਮਤ ਦਾ ਪਤਾ ਲੱਗਦਾ ਹੈ ਕਿ ਇਹ ਕੁਦਰਤ ਦੇ ਖ਼ਜ਼ਾਨੇ ਦਾ ਇੱਕ ਕੀਮਤੀ ਹੀਰਾ ਹੈ। ਇਸ ਨੂੰ ਸੰਭਾਲਣ ਦੀ ਜ਼ਰੂਰਤ ਹੈ ਕਿਉਂਕਿ ਅੱਜਕੱਲ੍ਹ ਇਸ ਅਣਮੁੱਲੇ ਦਰੱਖ਼ਤ ਦੀ ਹੋਂਦ ਖ਼ਤਰੇ ਵਿੱਚ ਹੈ।

# ਪੰਜਾਬ ’ਚ ਖੇਤੀ ਆਧਾਰਿਤ ਸਨਅਤਾਂ ਦੀ ਘਾਟ

## ਉਦਯੋਗੀਕਰਨ ਤੋਂ ਬ਼ਗੈਰ ਪੰਜਾਬ ਦੀ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ



ਡਾ. ਸ. ਸ. ਛੀਨਾ



ਸੁਤੰਤਰਤਾ ਤੋਂ ਪਹਿਲਾਂ ਪੰਜਾਬ ਭਾਵੇਂ ਖੇਤੀ ਵਿੱਚ ਸਭ ਪ੍ਰਾਂਤਾਂ ਤੋਂ ਵਿਕਸਤ ਪ੍ਰਾਂਤ ਸੀ ਪਰ ਇੱਥੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਖੇਤੀ ਵਸਤਾਂ ਨਹੀਂ ਸਗੋਂ ਉਦਯੋਗਿਕ ਵਸਤੂਾਂ ਸਨ। ਗਰਮ ਕੱਪੜਾ, ਰੇਸ਼ਮੀ ਕੱਪੜਾ, ਲੋਹੇ ਦੀਆਂ ਬਣੀਆਂ ਪ੍ਰਿੰਟਿੰਗ ਮਸ਼ੀਨਾਂ, ਮੋਟਰਾਂ ਦੇ ਪੁਰਜ਼ੇ, ਹੌਜਰੀ ਦਾ ਸਾਮਾਨ ਆਦਿ ਇੱਥੋਂ ਹੋਰ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਪੰਜਾਬ ਤੋਂ ਅਫ਼ਗਾਨਿਸਤਾਨ ਅਤੇ ਇਸ ਤੋਂ ਅੱਗੇ ਇਰਾਨ ਅਤੇ ਕੇਂਦਰੀ ਏਸ਼ੀਆ ਦੇ ਦੇਸ਼ਾਂ ਨਾਲ ਪੰਜਾਬ ਦਾ ਅੰਤਰਰਾਸ਼ਟਰੀ ਵਪਾਰ ਸੀ ਪਰ ਸੁਤੰਤਰਤਾ ਤੋਂ ਬਾਅਦ ਰਾਜਨੀਤਕ ਕਾਰਨਾਂ ਕਰਕੇ ਪੰਜਾਬ ਤੋਂ ਅਫ਼ਗਾਨਿਸਤਾਨ ਰਸਤੇ ਹੋਣ ਵਾਲਾ ਵਪਾਰ ਬੰਦ ਹੋ ਗਿਆ।

ਪੰਜਾਬ ਤੋਂ ਬੰਦਰਗਾਹਾਂ ਦੀ 1500 ਕਿੱਲੋਮੀਟਰ ਦੀ ਦੂਰੀ ਅਤੇ ਲੋਹੇ, ਕੋਲੇ ਦੇ ਕੱਚੇ ਮਾਲ ਤੋਂ 1200 ਕਿੱਲੋਮੀਟਰ ਦੀ ਦੂਰੀ ਨੇ ਪੰਜਾਬ ਤੋਂ ਬਣਨ ਵਾਲੀਆਂ ਵਸਤੂਾਂ ਨੂੰ ਆਧੁਨਿਕ ਸਮੇਂ ਵਿੱਚ ਮੁਕਾਬਲੇਯੋਗ ਨਾ ਰਹਿਣ ਦਿੱਤਾ ਜਿਸ ਦੇ ਸਿੱਟੇ ਵਜੋਂ ਪੰਜਾਬ ਵਿੱਚੋਂ ਉਦਯੋਗਿਕ ਵਸਤਾਂ ਦੀ ਨਿਰਯਾਤ ਘਟਦੀ ਚਲੀ ਗਈ ਅਤੇ ਉਹ ਕਾਰਖਾਨੇ ਜਿਹੜੇ ਇਨ੍ਹਾਂ ਵਸਤੂਾਂ ਦਾ ਉਦਪਾਦਨ ਕਰਦੇ ਸਨ, ਉਹ ਬੰਦ ਹੋਣ ਲੱਗ ਪਏ। ਇਨ੍ਹਾਂ ਕਾਰਨਾਂ ਕਰਕੇ ਕਾਰਖਾਨਿਆਂ ਵਿੱਚ ਲੱਗੇ ਕਿਰਤੀ ਬੇਰੁਜ਼ਗਾਰ ਹੋ ਗਏ ਅਤੇ ਨਵਾਂ ਰੁਜ਼ਗਾਰ ਪੈਦਾ ਨਾ ਹੋਇਆ। ਕਿਰਤੀ ਪੰਜਾਬ ਛੱਡ ਕੇ ਹੋਰ ਪ੍ਰਦੇਸ਼ਾਂ ਅਤੇ ਵਿਦੇਸ਼ਾਂ ਵਿੱਚ ਜਾਣ ਲੱਗ ਪਏ ਅਤੇ ਪੰਜਾਬ ਨੇ ਉਦਯੋਗਿਕ ਪ੍ਰਾਂਤ ਹੋਣ ਦਾ ਦਰਜਾ ਗੁਆ ਲਿਆ ਤੇ ਇਸ ਦੀ ਨਿਰਭਰਤਾ ਸਿਰਫ਼ ਖੇਤੀ ’ਤੇ ਹੀ ਰਹਿ ਗਈ।

ਭਾਵੇਂ ਪੰਜਾਬ ਖੇਤੀ ਵਿੱਚ ਸਿਰਫ਼ ਭਾਰਤ ਦਾ ਹੀ ਨਹੀਂ, ਦੁਨੀਆਂ ਭਰ ’ਚ ਵਿਕਸਤ ਪ੍ਰਾਂਤ ਹੈ। ਪੰਜਾਬ ਕੋਲ ਭਾਰਤ ਦਾ ਸਿਰਫ਼ 1.53 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਉਹ ਦੇਸ਼ ਦੇ ਅੰਨ ਭੰਡਾਰਾਂ ਵਿੱਚ 60 ਫ਼ੀਸਦੀ ਤੱਕ ਹਿੱਸਾ ਪਾਉਂਦਾ ਰਿਹਾ ਹੈ। ਦੇਸ਼ ਦੇ ਕੁੱਲ ਕਣਕ ਉਤਪਾਦਨ ਵਿੱਚ 19 ਫ਼ੀਸਦੀ, ਝੋਨੇ ਵਿੱਚ 11 ਅਤੇ ਕਪਾਹ ਵਿੱਚ 5% ਹਿੱਸਾ ਰਿਹਾ ਹੈ। ਇੱਥੋਂ ਤੱਕ ਕਿ ਦੁਨੀਆਂ ਭਰ ਵਿੱਚ ਪੈਦਾ ਹੋਣ ਵਾਲੀ ਕਣਕ ਵਿੱਚ ਪੰਜਾਬ ਦਾ ਯੋਗਦਾਨ 2.4%, ਝੋਨੇ ਵਿੱਚ 2.5% ਅਤੇ ਕਪਾਹ ਵਿੱਚ 1.2 ਫ਼ੀਸਦੀ ਹਿੱਸਾ ਹੈ। ਫਿਰ ਵੀ ਪੰਜਾਬ ਖੇਤੀ ਵਿੱਚ ਵੀ ਆਤਮ-ਨਿਰਭਰ ਨਹੀਂ ਸਗੋਂ ਬਹੁਤ ਸਾਰੀਆਂ ਵਸਤਾਂ ਹੋਰ ਪ੍ਰਦੇਸ਼ਾਂ ਤੋਂ ਅਤੇ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ ਜਿਸ ਲਈ ਉੱਚੀਆਂ ਕੀਮਤਾਂ ਦੇਣੀਆਂ ਪੈਂਦੀਆਂ ਹਨ ਭਾਵੇਂ ਉਹ ਵਸਤਾਂ ਪੰਜਾਬ ਵਿੱਚ ਆਸਾਨੀ ਨਾਲ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਸੰਨ 1960 ਤੋਂ ਪਹਿਲਾਂ ਪੰਜਾਬ ਉਹ ਵਸਤਾਂ ਹੋਰ ਪ੍ਰਦੇਸ਼ਾਂ ਨੂੰ ਭੇਜਦਾ ਸੀ ਪਰ 1970 ਤੋਂ ਬਾਅਦ ਜਦੋਂ ਤੋਂ ਝੋਨੇ ਤੇ ਕਣਕ ਨੂੰ ਸਰਕਾਰੀ ਤੌਰ ’ਤੇ ਖ਼ਰੀਦ ਕੇ ਯਕੀਨਨ ਮੰਡੀਕਰਨ ਦਾ ਭਰੋਸਾ ਦਿੱਤਾ ਗਿਆ ਤਾਂ ਫ਼ਸਲ ਚੱਕਰ ਬਦਲ ਕੇ ਇਨ੍ਹਾਂ ਦੋਵਾਂ ਫ਼ਸਲਾਂ ਦਾ ਖੇਤਰ ਵਧਦਾ ਗਿਆ ਅਤੇ ਹੋਰ ਫ਼ਸਲਾਂ ਜਿਵੇਂ ਦਾਲਾਂ ਅਤੇ ਤੇਲ ਦੇ ਬੀਜਾਂ ਅਧੀਨ ਲਗਾਤਾਰ ਖੇਤਰ ਘਟਦਾ ਗਿਆ। ਹੁਣ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਖੇਤਰ ਝੋਨੇ ਅਧੀਨ ਹੈ। ਹੁਣ ਸਰਕਾਰ ਦੀਆਂ ਕੋਸ਼ਿਸ਼ਾਂ ਹਨ ਕਿ ਝੋਨੇ ਅਧੀਨ ਖੇਤਰ ਨੂੰ ਘੱਟ ਕੀਤਾ ਜਾਵੇ ਪਰ ਨਹੀਂ ਹੋ ਰਿਹਾ। ਇਸ ਦਾ ਇਹ ਪ੍ਰਭਾਵ ਪਿਆ ਕਿ ਦਾਲਾਂ ਬਹੁਤ ਮਹਿੰਗੀਆਂ ਮਿਲਣ ਲੱਗੀਆਂ ਅਤੇ ਇਹੋ ਹਾਲ ਤੇਲ ਦੇ ਬੀਜਾਂ ਦਾ ਹੋਇਆ।

ਇੱਥੇ ਤੱਕ ਕਿ ਗੰਢੇ ਵੀ ਨਾਸਿਕ ਤੋਂ ਲਿਆ ਕੇ ਪੰਜਾਬ ਵਿੱਚ ਵਿਕਦੇ ਹਨ ਅਤੇ ਇਸ ਤਰ੍ਹਾਂ ਹੀ ਅਦਰਕ ਤੇ ਹੋਰ ਫ਼ਸਲਾਂ ਵੀ ਹੋਰ ਪ੍ਰਦੇਸ਼ਾਂ ਤੋਂ ਆਉਂਦੀਆਂ ਹਨ। ਹੁਣ ਪੰਜਾਬ ਨਿਰਯਾਤ ਵਿੱਚ ਪੰਦਰਵੇਂ ਸਥਾਨ ’ਤੇ ਹੈ ਅਤੇ ਪੰਜਾਬ ਤੋਂ ਇੱਕ ਹੀ ਵਸਤ ਬਾਸਮਤੀ ਚੌਲ ਹਨ ਜਿਹੜੇ ਸਾਲ ਵਿੱਚ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੇ ਨਿਰਯਾਤ ਕੀਤੇ ਜਾਂਦੇ ਹਨ। ਬਾਸਮਤੀ ਅਮਰੀਕਾ, ਕੈਨੇਡਾ, ਫਰਾਂਸ, ਆਸਟ੍ਰੇਲੀਆ, ਜਰਮਨੀ ਆਦਿ ਦੇਸ਼ਾਂ ਵਿੱਚ ਵਿਕਦੀ ਹੈ। ਬਾਸਮਤੀ ਦੇ ਨਿਰਯਾਤ ਵਿੱਚ ਪੰਜਾਬ ਦਾ 80 ਫ਼ੀਸਦੀ ਹਿੱਸਾ ਹੈ। ਵੈਸੇ ਵੀ ਬਾਸਮਤੀ ਚੌਲ ਇੱਕ ਉਹ ਫ਼ਸਲ ਹੈ ਜਿਹੜੀ ਸਿਰਫ਼ ਪੰਜਾਬ (ਭਾਰਤ) ਵਿੱਚ ਅਤੇ ਪਾਕਿਸਤਾਨ ਵਿੱਚ ਹੀ ਪੈਦਾ ਕੀਤੀ ਜਾਂਦੀ ਹੈ।

ਬਾਹਰਲੇ ਦੇਸ਼ਾਂ ਵਿੱਚ ਬਾਸਮਤੀ ਦੀ ਇੰਨੀ ਮੰਗ ਹੈ ਕਿ ਉਹ ਕਈ ਵਾਰ ਪੂਰੀ ਵੀ ਨਹੀਂ ਹੁੰਦੀ ਪਰ ਪੰਜਾਬ ਵਿੱਚ ਬਾਸਮਤੀ ਦੀ ਫ਼ਸਲ ਲਈ ਖੇਤਰ ਵਿੱਚ ਵਾਧਾ ਨਹੀਂ ਹੋ ਰਿਹਾ। ਸੰਨ 2007 ਵਿੱਚ ਇਸ ਤਰ੍ਹਾਂ ਦੀ ਸਥਿਤੀ ਬਣੀ ਕਿ ਵਿਦੇਸ਼ਾਂ ਵਿੱਚ ਬਾਸਮਤੀ ਚੌਲਾਂ ਦੀ ਜਿੰਨੀ ਮੰਗ ਸੀ, ਉਹ ਪੂਰੀ ਨਹੀਂ ਸੀ ਹੋ ਰਹੀ ਅਤੇ ਅਖ਼ੀਰ ਵਿਦੇਸ਼ੀ ਆਯਾਤਕਾਰਾਂ ਨੇ ਭਾਰਤੀ ਨਿਰਯਾਤਕਾਰਾਂ ਨੂੰ ਕਿਹਾ ਕਿ ਉਹ ਸ਼ਰਬਤੀ ਅਤੇ ਪੂਸਾ ਚੌਲਾਂ ਨੂੰ ਭੇਜ ਦੇਣ।

ਉਹ ਬੇਸ਼ੱਕ ਬਾਸਮਤੀ ਵਰਗੇ ਤਾਂ ਨਹੀਂ ਪਰ ਉਹ ਵੀ ਬਾਹਰ ਵਿਕ ਸਕਦੇ ਹਨ। ਪਰ ਉਸ ਵਕਤ ਅਨਾਜ ਸੁਰੱਖਿਆ ਕਰਕੇ ਉਨ੍ਹਾਂ ਚੌਲਾਂ ਦੇ ਭੇਜਣ ਦੀ ਮਨਾਹੀ ਸੀ। ਇਸ ਲਈ ਭਾਰਤੀ ਨਿਰਯਾਤਕਾਰਾਂ ਨੇ ਵਪਾਰ ਵਜ਼ਾਰਤ ਨੂੰ ਇਸ ਗੱਲ ਲਈ ਸੰਤੁਸ਼ਟ ਕਰ ਲਿਆ ਕਿ ਬਾਹਰ ਇਹ ਚੌਲ ਉੱਚੀ ਕੀਮਤ ’ਤੇ ਵਿਕ ਸਕਦੇ ਹਨ। ਭਾਰਤ ਵਿੱਚ ਹੁਣ ਕੋਈ ਅਨਾਜ ਸਮੱਸਿਆ ਨਹੀਂ ਅਤੇ ਨਿਰਯਾਤਕਾਰਾਂ ਦੀਆਂ ਕੋਸ਼ਿਸ਼ਾਂ ਸਦਕਾ ਉਨ੍ਹਾਂ ਨੂੰ ਚੌਲਾਂ ਦੇ ਨਿਰਯਾਤ ਦੀ ਆਗਿਆ ਦੇ ਦਿੱਤੀ ਗਈ ਹੈ।

ਪੰਜਾਬ ਦਾ ਉਦਯੋਗੀਕਰਨ ਹੋਣਾ ਚਾਹੀਦਾ ਹੈ ਕਿਉਂ ਜੋ ਉਦਯੋਗੀਕਰਨ ਤੋਂ ਬਗੈਰ ਪੰਜਾਬ ਦੀ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ। ਪੰਜਾਬ ਤੋਂ ਉਦਯੋਗਿਕ ਵਸਤਾਂ ਦਾ ਨਿਰਯਾਤ ਵੀ ਹੋਣਾ ਚਾਹੀਦਾ ਹੈ। ਕਿਸੇ ਵੇਲੇ ਲੁਧਿਆਣੇ ਦੀ ਹੌਜਰੀ ਦਾ ਭਾਰਤ ਦੇ ਹੌਜਰੀ ਨਿਰਯਾਤ ਵਿੱਚ 95 ਫ਼ੀਸਦੀ ਹਿੱਸਾ ਸੀ।

ਆਸਟ੍ਰੇਲੀਆ, ਨਿਊਜ਼ੀਲੈਂਡ ਤੋਂ ਉੱਨ ਮੰਗਵਾ ਕੇ ਗਰਮ ਕੱਪੜੇ ਤਿਆਰ ਕਰ ਕੇ ਉਨ੍ਹਾਂ ਦਾ ਨਿਰਯਾਤ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਹੁੰਦਾ ਸੀ। ਪਰ ਨਿਰਯਾਤ ਤੁਲਨਾਤਮਕ ਲਾਗਤ ਦੇ ਸਿਧਾਂਤ ’ਤੇ ਹੁੰਦਾ ਸੀ ਜਿਸ ਦਾ ਅਰਥ ਹੈ ਕਿ ਜਿਹੜੀ ਚੀਜ਼ ਬਾਹਰੋਂ ਤੁਲਨਾਤਮਕ ਤੌਰ ’ਤੇ ਸਸਤੀ ਮਿਲਦੀ ਹੈ, ਉਹ ਲੈ ਲਓ ਅਤੇ ਜਿਸ ਵਸਤੂ ਨੂੰ ਤੁਲਨਾਤਮਕ ਲਾਗਤ ’ਤੇ ਆਪਣੇ ਦੇਸ਼ ਵਿੱਚ ਸਸਤਾ ਬਣਾਇਆ ਜਾ ਸਕਦਾ ਹੈ, ਉਸ ਦਾ ਨਿਰਯਾਤ ਕਰੋ। ਉਸ ਵਸਤ ਦਾ ਨਿਰਯਾਤ ਕਿਤੇ ਸਸਤਾ ਪੈਂਦਾ ਹੈ ਜਿਹੜੀ ਆਪਣੇ ਦੇਸ਼ ਵਿਚ ਪੈਦਾ ਹੁੰਦੀ ਹੈ। ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਇੱਥੋਂ ਖੇਤੀ ਵਸਤਾਂ ਦਾ ਨਿਰਯਾਤ ਜ਼ਿਆਦਾ ਲਾਭਕਾਰੀ ਹੋ ਸਕਦਾ ਹੈ। ਪਰ ਖੇਤੀ ਵਸਤਾਂ ਦੇ ਨਿਰਯਾਤ ਵਿੱਚ ਪੰਜਾਬ ਬਹੁਤ ਪਿੱਛੇ ਹੈ ਅਤੇ ਤਿਆਰ ਖੇਤੀ ਵਸਤਾਂ ਦੇ ਨਿਰਯਾਤ, ਜਿਸ ਦੇ ਜ਼ਿਆਦਾ ਮੌਕੇ ਹਨ, ਬਿਲਕੁਲ ਨਹੀਂ ਹੋ ਰਿਹਾ। ਇੱਥੋਂ ਤੱਕ ਕਿ ਜੂਸ, ਜੈਮ, ਚਟਣੀਆਂ, ਮੁਰੱਬੇ ਆਦਿ ਵੀ ਹੋਰ ਪ੍ਰਦੇਸ਼ਾਂ ਤੋਂ ਆ ਕੇ ਇੱਥੇ ਵਿਕਦੇ ਹਨ।

ਕਣਕ ਤੋਂ ਬਣਿਆ ਆਟਾ ਵੀ ਹੋਰ ਪ੍ਰਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ। ਦੁਨੀਆਂ ਦੇ ਵਿਕਸਤ ਦੇਸ਼ਾਂ ਵਿੱਚ 86 ਫ਼ੀਸਦੀ ਖੇਤੀ ਵਸਤਾਂ ਨੂੰ ਤਿਆਰ ਕਰ ਕੇ ਵੇਚਿਆ ਜਾਂਦਾ ਹੈ ਪਰ ਪੰਜਾਬ ਵਿੱਚ ਸਿਰਫ਼ 12 ਫ਼ੀਸਦੀ ਵਸਤਾਂ ਤਿਆਰ ਕਰਕੇ ਵਿਕਦੀਆਂ ਹਨ। ਖੇਤੀ ਆਧਾਰਤ ਉਦਯੋਗ ਜਿਨ੍ਹਾਂ ਦੀ ਪੰਜਾਬ ਵਿੱਚ ਜ਼ਿਆਦਾ ਸਮਰੱਥਾ ਹੈ, ਉਨ੍ਹਾਂ ਦੀ ਅਣਹੋਂਦ ਹੈ।

ਮੈਨੂੰ ਕੁਝ ਸਾਲ ਪਹਿਲਾਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦਿੱਲੀ ਵੱਲੋਂ ਇਕ ਪ੍ਰਾਜੈਕਟ ਮਿਲਿਆ ਸੀ ਜਿਸ ਵਿੱਚ ਮੈਂ ਇਹ ਅਧਿਐਨ ਕਰਨਾ ਸੀ ਕਿ ਖੇਤੀ ਆਧਾਰਤ ਉਦਯੋਗਾਂ ਦੇ ਵਿਕਾਸ ਲਈ ਪੰਜਾਬ ਵਿੱਚ ਕੀ ਰੁਕਾਵਟਾਂ ਹਨ ਤਾਂ ਮੈਂ ਆਪਣੇ ਅਧਿਐਨ ਵਿੱਚ ਇਹ ਸਿੱਟਾ ਕੱਢਿਆ ਕਿ ਕੱਚੇ ਮਾਲ ਦੀ ਲਗਾਤਾਰ ਅਤੇ ਯੋਗ ਮਾਤਰਾ ਵਿੱਚ ਪੂਰਤੀ ਦਾ ਨਾ ਹੋਣਾ, ਖੇਤੀ ਆਧਾਰਤ ਉਦਯੋਗਾਂ ਲਈ ਪੰਜਾਬ ਵਿੱਚ ਇਕ ਵੱਡੀ ਰੁਕਾਵਟ ਹੈ।

ਹਰ ਉੱਦਮੀ ਇਸ ਗੱਲ ਲਈ ਸੁਚੇਤ ਹੈ ਕਿ ਉਸ ਵੱਲੋਂ ਲਾਈ ਪੂੰਜੀ ਸਾਲ ਦਾ ਜ਼ਿਆਦਾ ਸਮਾਂ ਆਪਣੇ ਕੰਮ ਵਿੱਚ ਲੱਗੀ ਰਹੇ ਅਤੇ ਇਹ ਤਾਂ ਹੀ ਸੰਭਵ ਹੈ ਜੇ ਉਸ ਲਈ ਜ਼ਿਆਦਾ ਤੋਂ ਜ਼ਿਆਦਾ ਸਮੇਂ ਲਈ ਉਹ ਫ਼ਸਲ ਜਾਂ ਕੱਚਾ ਮਾਲ ਮਿਲਦਾ ਹੈ। ਖੇਤੀ ਇੱਕ ਮੌਸਮੀ ਧੰਦਾ ਹੈ। ਹਰ ਫ਼ਸਲ ਹਰ ਵਕਤ ਤਿਆਰ ਨਹੀਂ ਹੋ ਸਕਦੀ। ਉਸ ਲਈ ਸਮਾਂ ਨਿਸ਼ਚਤ ਹੈ। ਪੰਜਾਬ ਵਿੱਚ ਸਿਵਾਏ ਖੰਡ ਮਿੱਲਾਂ ਦੇ ਹੋਰ ਕਿਸੇ ਵੀ ਵਸਤ ਦੇ ਮੁੱਲ ਵਾਧੇ ਲਈ ਉਦਯੋਗਿਕ ਇਕਾਈਆਂ ਨਹੀਂ ਲੱਗੀਆਂ ਹਾਲਾਂਕਿ ਪੰਜਾਬ ਦਾ ਜਲਵਾਯੂ ਹਰ ਫ਼ਸਲ ਦੇ ਅਨੁਕੂਲ ਹੈ। (ਬਾਕੀ ਸਫ਼ਾ 31 ’ਤੇ)



# ਘੱਲੂਘਾਰਾ ਜਾਂ ਇੰਡੋ ਸਿੱਖ ਵਾਰ?

ਕਿਸ਼ਤ ਪਹਿਲੀ

ਗੁਰਚਰਨਜੀਤ ਸਿੰਘ ਲਾਂਬਾ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਨਿਸ਼ਚਿਤ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਹ ਮਹਾਨ ਪਵਿਤ੍ਰਤਮ ਸਥਾਨ ਮਾਤਾ ਧਰਤਿ ਮਹਤੁ ਦੀ ਗੋਦੀ ਵਿੱਚ ਸਾਖਿਆਤ ਪ੍ਰਗਟ ਹੋਇਆ ਹੈ। ਹਰਿਦਾਸ ਕਵੀ ਨੇ ਅੰਕਤ ਕੀਤਾ ਹੈ ਕਿ ਕਰਤਾ ਪੁਰਖ ਨੇ ਜਦੋਂ ਬੈਕੁੰਠ ਅਤੇ ਹਰਿਮੰਦਰ ਨੂੰ ਤੋਲਿਆ ਤਾਂ ਬੈਕੁੰਠ ਹੋਲਾ ਹੋਣ ਕਾਰਨ ਉਤੇ ਚਲਾ ਗਿਆ ਅਤੇ ਹਰਿਮੰਦਰ ਸਾਹਿਬ ਭਾਰਾ ਹੋਣ ਕਰਕੇ ਧਰਤੀ 'ਤੇ ਆ ਗਿਆ।

ਹਰਿਮੰਦਰ ਬੈਕੁੰਠ ਕੌ, ਤੋਲਿਓ ਹਰਿ 'ਹਰਿਦਾਸ'।
ਗੌਰਾ ਸੁ ਧਰਨੀ ਰਹਿਓ, ਹੌਰਾ ਚੜਿਓ ਅਕਾਸ॥

ਪਰ ਜੂਨ 1984 ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਇਆ ਹਮਲਾ ਮਾਨਵਤਾ ਦੇ ਇਤਿਹਾਸ ਦਾ ਕਰੂਰਤਮ ਅਤੇ ਕਹਿਰ ਵਾਲਾ ਕਾਲਾ ਦਿਨ ਹੈ। 1984 ਤੋਂ 2024 ਤਕ ਦਾ ਸਫ਼ਰ 40 ਸਾਲ ਬੀਤ ਜਾਣ ਦੇ ਬਾਵਜੂਦ ਇਹ ਜ਼ਖਮ ਅਜੇ ਵੀ ਪੂਰੀ ਤਰ੍ਹਾਂ ਅੱਲ੍ਹੇ ਹਨ। ਹਰਿਮੰਦਰ ਸਾਹਿਬ ਸਿੱਖੀ ਦੀ ਆਤਮਾ ਹੈ। ਹਰਿਮੰਦਰ ਸਾਹਿਬ 'ਤੇ ਟੈਂਕ ਅਤੇ ਤੋਪਾਂ ਚਾੜ੍ਹ ਕੇ ਕੀਤਾ ਗਿਆ ਹਮਲਾ ਸਿੱਖਾਂ ਅਤੇ ਸਿੱਖੀ 'ਤੇ ਹਮਲਾ ਹੈ। ਇਹ ਹਮਲਾ ਕੋਈ ਅਚਨਚੇਤ ਵਾਪਰੀ ਘਟਨਾ ਨਹੀਂ ਸੀ। ਇਸ ਪਿੱਛੇ ਦਹਾਕਿਆਂ ਲੰਮਾ ਇਤਿਹਾਸ ਅਤੇ ਮਾਨਸਿਕਤਾ ਸੀ। ਇਸ ਕਾਰਵਾਈ ਲਈ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਹੀ ਚੁਣਨਾ, ਇਸ ਤੋਂ ਪਹਿਲਾਂ ਸਾਰੇ ਦੇਸ਼ ਦੀਆਂ ਭਾਵਨਾਵਾਂ ਨੂੰ ਸਿੱਖਾਂ ਵਿਰੁੱਧ ਕਰਨਾ, ਸਰਕਾਰੀ ਪੱਤਰ 'ਬਾਤਚੀਤ' ਵਿੱਚ ਅੰਮ੍ਰਿਤਧਾਰੀਆਂ ਨੂੰ ਦਹਿਸ਼ਤਗਰਦ ਕਰਾਰ ਦੇਣਾ, ਦਰਬਾਰ ਸਾਹਿਬ ਬਾਰੇ ਨਿਤ ਨਵੀਆਂ ਦੂਸ਼ਣਬਾਜੀਆਂ, ਹਰ ਮਾੜੀ ਘਟਨਾ ਦਾ ਕੇਂਦਰ ਬਿੰਦੂ ਸੱਚਖੰਡ ਸਾਹਿਬ ਨੂੰ ਦਰਸ਼ਾਉਣਾ, ਹਰਿਮੰਦਰ ਸਾਹਿਬ ਦੇ ਮਾਡਲ ਦੀ ਘਿਰਣਤ ਬੇ-ਹੁਰਮਤੀ ਕਰ ਕੇ ਭੰਨਤੋੜ ਕਰਨੀ ਆਦਿ ਆਦਿ ਅਤੇ ਇਸ ਲਈ ਪੂਰੀ ਸੋਚੀ ਸਮਝੀ ਵਿਉਂਤਬੰਦੀ ਨਾਲ ਕੀਤੀ ਤਿਆਰੀ।

1849 ਵਿੱਚ ਅੰਗਰੇਜ਼ਾਂ ਨੇ ਸਾਰੇ ਭਾਰਤ 'ਤੇ ਕਬਜ਼ਾ ਕਰਨ ਉਪਰੰਤ ਮਾਤਹਿਤ ਹੋ ਚੁੱਕੀਆਂ ਬਾਕੀ ਦੇਸ਼ ਦੀਆਂ ਫ਼ੌਜਾਂ ਨਾਲ ਮਿਲ ਕੇ ਪੰਜਾਬ 'ਤੇ ਹਮਲਾ ਕੀਤਾ ਅਤੇ ਇਸ ਨੂੰ ਗੁਲਾਮ ਬਣਾਇਆ। ਇਸ ਨੂੰ ਪੰਜਾਬ ਦੇ ਸ਼ਾਇਰ ਸ਼ਾਹ ਮੁਹੰਮਦ ਨੇ 'ਜੰਗ ਹਿੰਦ ਪੰਜਾਬ' ਅਤੇ ਫ਼ਿਰੰਗੀਆਂ ਨੇ 'ਐਂਗਲੋ ਸਿੱਖ ਵਾਰ' ਦਾ ਨਾਮ ਦਿੱਤਾ। ਇਸ ਤੋਂ ਪਹਿਲਾਂ ਸਿੱਖ ਮੁਗਲ ਵਾਰ, ਪਠਾਣ ਸਿੱਖ ਵਾਰ ਵੇਖੀਆਂ ਜਾ ਚੁਕੀਆਂ ਸਨ। ਪਰ ਆਜ਼ਾਦ ਭਾਰਤ ਵਿੱਚ ਇਹ ਹਮਲਾ ਵਿਸ਼ਵਾਸਘਾਤ ਦੀ ਇੰਤਹਾ ਸੀ ਤਾਂ ਤੇ ਹਰਿਮੰਦਰ ਸਾਹਿਬ ਅਤੇ ਹੋਰ ਦਰਜਨਾਂ ਗੁਰਦੁਆਰਿਆਂ 'ਤੇ ਹਮਲੇ ਨੂੰ 'ਇੰਡੋ ਸਿੱਖ ਵਾਰ' ਕਿਹਾ ਜਾ ਸਕਦਾ ਹੈ।

ਸਰੀਰ ਨੂੰ ਲੱਗੇ ਡੂੰਘੇ ਤੋਂ ਡੂੰਘੇ ਫੱਟ ਤਾਂ ਸਮਾਂ ਵਿਹਾਅ ਕੇ ਪੂਰੇ ਜਾਂਦੇ ਹਨ, ਪਰ ਕਰਕ ਕਲੇਜੇ ਮਾਹਿ ਆਤਮਾ ਨੂੰ ਲੱਗੇ ਜ਼ਖਮ ਕਦੀ ਵੀ ਨਹੀਂ ਮਿਟਦੇ। ਇਹ ਇਤਿਹਾਸ ਵਿੱਚ ਉਕਰ ਜਾਂਦੇ ਹਨ। ਇਹ ਕਹਿਣਾ ਅਤੇ ਸੋਚਣਾ ਕਿ ਸਮਾਂ ਪਾ ਕੇ ਇਹ ਭੁੱਲ ਜਾਣਗੇ ਜਾਂ ਭੁਲਾ ਦਿੱਤੇ ਜਾਣਗੇ ਤਾਂ ਇਹ ਬਹੁਤ ਵੱਡੀ ਭੁੱਲ ਹੈ। ਬਲਕਿ ਜਿਉਂ ਜਿਉਂ ਸਮਾਂ ਬੀਤੇਗਾ, ਇਹ ਜ਼ਖਮ ਉਭਰਨਗੇ ਅਤੇ ਹਰ ਸਾਲ ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਆਏਗਾ ਇਹ ਹੋਰ ਹਰੇ ਹੁੰਦੇ ਰਹਿਣਗੇ।

ਜ਼ੁਲਮ ਤੋ ਜ਼ੁਲਮ ਹੈ ਬਰਪੇ ਗਾ ਤੋ ਥਮ ਜਾਏਗਾ।

ਲਹੂ ਤੋ ਲਹੂ ਹੈ ਟਪਗੇ ਗਾ ਤੋਂ ਜਮ ਜਾਏਗਾ।

ਇਸ ਤੋਂ ਪਹਿਲਾਂ ਵੀ ਸ੍ਰੀ ਹਰਿਮੰਦਰ ਸਾਹਿਬ 'ਤੇ ਤਬਾਹਕੁਨ ਹਮਲੇ ਹੁੰਦੇ ਰਹੇ ਹਨ। ਹਰਿਮੰਦਰ ਸਾਹਿਬ ਤੇ ਅਬਦਾਲੀ, ਦੁੱਰਾਨੀ, ਰੰਗੜਾਂ, ਫਿਰੰਗੀਆਂ ਵੱਲੋਂ ਕੀਤਾ ਹਰ ਹਮਲਾ ਸਿੱਖਾਂ ਅਤੇ ਸਿੱਖੀ 'ਤੇ ਹੁੰਦਾ ਸੀ। ਇਹ ਹਮਲੇ ਵਿਦੇਸ਼ੀ ਜਰਵਾਣਿਆਂ ਅਤੇ ਹਕੂਮਤਾਂ ਵੱਲੋਂ ਸਰਅੰਜਾਮ ਦਿੱਤੇ ਗਏ ਪਰ 1984 ਵਿੱਚ ਦਰਬਾਰ ਸਾਹਿਬ 'ਤੇ ਪੂਰੀ ਸਰਕਾਰੀ ਤਾਕਤ ਨਾਲ ਕੀਤਾ ਹਮਲਾ ਸਾਰੀ ਸਿੱਖ ਕੌਮ 'ਤੇ ਸੀ। ਇਸਦੀ ਪੀੜਾ ਵੀ ਸਿੱਖ ਕੌਮ ਨੇ ਹੀ ਆਪਣੇ ਸੀਨੇ 'ਤੇ ਹੰਢਾਈ ਹੈ।

ਦਰਬਾਰ ਸਾਹਿਬ 'ਤੇ ਹੋਏ ਇਸ ਭਿਆਨਕ ਹਮਲੇ ਦਾ ਜ਼ਿਆਦਾ ਦੁਖਦਾਈ ਪਹਿਲੂ ਇਹ ਵੀ ਹੈ ਕਿ ਜਿਸ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ ਆਪਣਾ ਸਭ ਕੁਝ ਵਾਰਿਆ ਇਹ ਉਸੇ ਆਪਣੇ ਹੀ ਦੇਸ਼ ਅਤੇ ਆਪਣੀ ਹੀ ਸਰਕਾਰ ਵੱਲੋਂ ਕੀਤਾ ਗਿਆ। ਕਿਸੇ ਵੀ ਦਲੀਲ ਜਾਂ ਪਰਚਾਵੇ ਨਾਲ ਇਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਖੁਸ਼ ਹੁਆ ਥਾ ਤੋੜ ਕਰ ਅਪਨੇ ਕਫ਼ਸ ਕੀ ਤੀਲੀਆਂ।

ਹਾਏ ਕਹਿ ਕੇ ਰਹਿ ਗਿਆ ਟੂਟੇ ਪਰੋਂ ਕੋ ਦੇਖ ਕਰ।

ਇਹ ਕਿਹਾ ਜਾ ਰਿਹਾ ਹੈ ਕਿ ਜੋ ਹੋ ਗਿਆ ਉਸ ਨੂੰ ਭੁਲ ਜਾਉ ਅਤੇ ਭੁਲਾ ਦਿਉ। ਹੋ ਸਕਦਾ ਹੈ ਹਰ ਸਾਲ ਰਾਵਣ ਦਾ ਸਾੜਨਾ ਬੰਦ ਹੋ ਜਾਏ, ਕਰਬਲਾ ਦੀ ਸ਼ਹਾਦਤ ਭੁਲਾ ਦਿੱਤੀ ਜਾਏ, ਈਸਾ ਮਸੀਹ ਦੀ ਸ਼ਹਾਦਤ ਮਨਾਈ ਜਾਣੀ ਬੰਦ ਹੋ ਜਾਏ ਪਰ ਜੂਨ 1984 ਦਾ ਘੱਲੂਘਾਰਾ ਨਾ ਤਾਂ ਭੁਲਿਆ ਜਾਏਗਾ ਅਤੇ ਨਾ ਹੀ ਭੁਲਾਇਆ ਜਾ ਸਕਦਾ ਹੈ।

ਸੰਸਾਰ ਵਿੱਚ ਲੱਖਾਂ ਕਰੋੜਾਂ ਹੀ ਨਹੀਂ ਬਲਿਕ ਅਨਗਿਣਤ ਇਮਾਰਤਾਂ ਹਨ। ਕਿਸੇ ਨੂੰ ਕੋਈ ਖ਼ਤਰਾ ਨਹੀਂ। ਪਰ ਕੀ ਕਾਰਨ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਢ ਕਦੀਮ ਤੋਂ ਹੀ ਹਰ ਕਾਲ ਖੰਡ ਅਤੇ ਰਾਜ ਕਾਲ ਵਿੱਚ ਖ਼ਤਰਾ ਰਿਹਾ। ਬਿਨਾ ਅਪਵਾਦ ਦੇ ਹਰ ਹਕੂਮਤ ਇਸ ਵਲ ਕੈਰੀ ਨਜ਼ਰ ਰਖਦੀ ਰਹੀ। ਇਸ ਨੂੰ ਬੰਦ ਕਰਾਉਣ ਦੀ ਕਵਾਇਦ ਕਰਦੀ ਰਹੀ। ਇਸਨੂੰ 'ਦੁਕਾਨ-ਏ-ਬਾਤਲ' ਤਕ ਐਲਾਨਦੀ ਰਹੀ। ਇਸ 'ਤੇ ਹਮਲੇ ਦੇ ਮਨਸੂਬੇ ਤਿਆਰ ਕਰਦੀ ਰਹੀ। ਪਰ ਇਹ ਇੱਕ ਐਸੀ ਨਿਤ ਨਵੀਂ, ਨਿਰਜੁਰ ਨਿਰੂਪ ਅਤੇ ਸੁੰਦਰ ਸਰੂਪ ਇਮਾਰਤ ਹੈ ਜੋ ਕਦੀ ਗਿਰ ਕੇ ਵੀ ਗਿਰਦੀ ਨਹੀਂ। ਕਿਉਂ ਕਿ ਇਸਦਾ ਸਿਰਜਨਹਾਰਾ ਵੀ ਨੀਤ ਨਵਾਂ ਹੈ। ਇਸ ਇਮਾਰਤ ਨੂੰ ਖ਼ਤਰਾ ਰਿਹਾ ਹੈ ਅਤੇ ਅਗੋਂ ਵੀ ਰਹੇਗਾ। ਕਾਰਨ ਇਹ ਕਿ ਜਾਨਾਂ ਹੂਲ ਕੇ ਅਤੇ ਹਰ ਕੀਮਤ ਤਾਰ ਕੇ ਸਿੱਖ ਇਸਦੇ ਕੋਲ ਆਉਂਦੇ ਹਨ। ਹਰਿਮੰਦਰ ਸਾਹਿਬ ਦੀ ਰਾਖੀ ਦਾ ਇਤਿਹਾਸ ਸ਼ਹਾਦਤਾਂ ਦਾ ਇਤਿਹਾਸ ਹੈ। ਜਿਸ ਦਿਨ ਸਿੱਖ ਇੱਥੇ ਆਉਣੇ ਬੰਦ ਹੋ ਗਏ ਹਰਿਮੰਦਰ ਸਾਹਿਬ ਨੂੰ ਖ਼ਤਰਾ ਖ਼ਤਮ ਹੋ ਜਾਏਗਾ। ਪਰ ਇਹ ਵੀ ਨਿਸ਼ਚਿਤ ਹੈ ਕਿ ਉਸ ਤੋਂ ਬਾਅਦ ਸਿੱਖ ਵੀ ਖ਼ਤਮ ਹੋ ਜਾਣਗੇ। ਸਿੱਖ ਅਤੇ ਹਰਿਮੰਦਰ ਸਾਹਿਬ ਦੀ ਹੋਂਦ ਅਤੇ ਹਸਤੀ ਇੱਕ ਦੂਜੇ ਦੀ ਪੂਰਕ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਇਤਿਹਾਸ ਜ਼ਿੰਦਾ ਇਤਿਹਾਸ ਹੈ। ਇਸ ਤੋਂ ਲਗਾਤਾਰ ਸੇਧ ਅਤੇ ਪ੍ਰੇਰਨਾ ਲਏ ਜਾਣ ਦੀ ਲੋੜ ਪਹਿਲੇ ਨਾਲੋਂ ਵੱਧ ਹੈ। ਇਥੇ ਕੁਝ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਹੈ।

1847 ਦੀ ਇੱਕ ਘਟਨਾ ਦਰਸਾਉਂਦੀ ਹੈ ਕਿ ਵਿਦੇਸ਼ੀ ਹਕੂਮਤ ਵੀ ਦਰਬਾਰ ਸਾਹਿਬ ਦੀ ਪਵਿਤ੍ਰਤਾ, ਮਹੱਤਤਾ ਅਤੇ ਮਹਾਨਤਾ ਬਾਰੇ ਕੀ ਵਿਚਾਰ ਰਖਦੇ ਸੀ। ਬਾ-ਹੁਕਮ ਗਵਰਨਰ ਜਨਰਲ ਲਾਹੌਰ ਸਥਿਤ ਰੈਜ਼ੀਡੈਂਟ ਐਚ ਐਮ ਲਾਰੰਸ ਨੇ 24 ਮਾਰਚ, 1847 ਨੂੰ ਤਾਂਬੇ ਦੀ ਇੱਕ ਪਲੇਟ ਦਰਬਾਰ ਸਾਹਿਬ ਦੇ ਬਾਹਰ ਲਗਵਾਈ। ਇਸ ਵਿੱਚ ਲਿਖਿਆ ਗਿਆ ਸੀ ਦਰਬਾਰ ਸਾਹਿਬ ਜਾਂ ਇਸ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਵਿਅਕਤੀ ਜੁੱਤੀਆਂ ਪਾ ਕੇ ਦਾਖ਼ਲ ਨਹੀਂ ਹੋ ਸਕਦਾ।

The Priests of Amritsur having complained of annoyances this is to make known to all concerned that, by Order of the Governor General British Subjects are forbidden to enter the Temple (called the Durbar) or its precincts at Amritsur, or indeed any Temple with their Shoes on, Kine are not to be killed at Amritsur, nor are the Sikhs to bemolested, or in any way to be interfered with. Shoes are to be taken off at the Bhoonga at the corner of the Tank and no Person is to walk round the Tank with his shoes on.

ਅੰਮ੍ਰਿਤਸਰ ਦੇ ਪੁਜਾਰੀਆਂ ਵੱਲੋਂ ਦਰਪੇਸ਼ ਪਰੇਸ਼ਾਨੀਆਂ ਦੀ ਸ਼ਿਕਾਇਤ ਕੀਤੇ ਜਾਣ 'ਤੇ ਗਵਰਨਰ ਜਨਰਲ ਦੇ ਹੁਕਮ ਨਾਲ ਕੋਈ ਵੀ ਵਿਅਕਤੀ ਹਰਿਮੰਦਿਰ (ਦਰਬਾਰ) ਜਾਂ ਇਸਦੇ ਪਰਿਸਰ ਵਿੱਚ ਜੁੱਤੀਆਂ ਸਣੇ ਦਾਖ਼ਲ ਨਹੀਂ ਹੋਏਗਾ, ਅੰਮ੍ਰਿਤਸਰ ਵਿੱਚ ਗੋ ਹੱਤਿਆ ਨਹੀਂ ਕੀਤੀ ਜਾਏਗੀ, ਕਿਸੇ ਵੀ ਢੰਗ ਨਾਲ ਸਿੱਖਾਂ ਨਾਲ ਛੇੜ ਛਾੜ ਜਾਂ ਬੇਪਤੀ ਨਹੀਂ ਕੀਤੀ ਜਾਏਗੀ ਅਤੇ ਨਾ ਹੀ ਦਖ਼ਲ ਅੰਦਾਜ਼ੀ ਕੀਤੀ ਜਾਏਗੀ। ਜੁੱਤੀਆਂ ਬੁੰਗੇ ਦੇ ਬਾਹਰ ਉਤਾਰੀਆਂ ਜਾਣਗੀਆਂ ਅਤੇ ਕੋਈ ਵੀ ਜੁੱਤੀਆਂ ਸਣੇ ਸਰੋਵਰ ਦੀ ਪਰਿਕਰਮਾ ਵਿੱਚ ਦਾਖਲ ਨਹੀਂ ਹੋਏਗਾ।

Lahore, March 24, 1847
H.M.Lawrence,
Resident.

ਇਤਿਹਾਸ ਦੀ ਗਵਾਹੀ ਦਾ ਇਹ ਦਸਤਾਵੇਜ਼ ਇੱਕ ਤਾਂਬੇ ਦੀ ਪਲੇਟ ਅੰਕਤ ਸ੍ਰੀ ਹਰਿਮੰਦਰ ਸਾਹਿਬ ਦੇ ਮਿਊਜ਼ੀਅਮ ਵਿੱਚ ਰਖੀ ਹੋਈ ਹੈ। ਪਰ ਇੱਥੇ ਇੱਕ ਪਲ ਸੋਚਣ ਦੀ ਲੋੜ ਹੈ ਕਿ ਕਈ ਵਾਰ ਆਪਸੀ ਕਲਹ ਕਾਰਨ ਕਈ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਖ਼ੁਦ ਹੀ, ਵਿਸ਼ੇਸ਼ ਕਰ ਵਿਦੇਸ਼ਾਂ ਵਿੱਚ ਪੁਲਿਸ ਨੂੰ ਸੱਦਾ ਦਿੰਦੇ ਹਨ ਅਤੇ ਪੁਲਿਸ ਬੂਟਾਂ ਸਣੇ ਦਰਬਾਰ ਹਾਲ ਵਿੱਚ ਦਾਖ਼ਲ ਹੋ ਜਾਂਦੀ ਹੈ।

ਇੱਥੇ ਇੱਕ ਅਹਿਮ ਤੱਥ ਸਮਝਣ ਦੀ ਲੋੜ ਹੈ ਕਿ ਇਤਿਹਾਸਕ ਤੌਰ 'ਤੇ ਲਫ਼ਜ਼ ਹਰਿਮੰਦਰ ਸਾਹਿਬ ਪੂਰੇ ਪਰਿਸਰ ਲਈ ਵਰਤਿਆ ਜਾਂਦਾ ਹੈ। ਇਸ ਵਿੱਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਬਾ ਅਟਲ ਸਾਹਿਬ ਵੀ ਸ਼ਾਮਲ ਸੀ।

ਪਰ 1847 ਦੀ ਇਸ ਘਟਨਾ ਤੋਂ ਤਕਰੀਬਨ ਚਾਲੀ ਸਾਲ ਬਾਅਦ ਇਸੇ ਲਾਸੰਸ ਦੇ ਰਾਜ ਕਾਲ ਵਿੱਚ ਹੀ ਇਸ ਹੁਕਮ ਦੀ ਉਲੰਘਣਾ ਦੀ ਇੱਕ ਦੁਖਦਾਈ ਘਟਨਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਵਾਪਰੀ। ੧੯੮੪ ਤੋਂ ਇੱਕ ਸਦੀ ਪਹਿਲਾਂ 1884 ਦੇ ਆਰੰਭ ਵਿੱਚ ਈਸਟ ਇੰਡੀਆ ਕੰਪਨੀ ਦੀ ਇੱਕ ਫ਼ੌਜੀ ਟੁਕੜੀ ਬੂਟਾਂ ਸਣੇ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਦਾਖ਼ਲ ਹੋ ਗਈ। ਸੋ ਦੱਸਣ ਦੀ ਲੋੜ ਨਹੀਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਵਿੱਚ ਤਤਪਰ ਕੁਝ ਸਿੰਘਾਂ ਨੇ ਇਨ੍ਹਾਂ ਦਾ ਮੁਕਾਬਲਾ ਕੀਤਾ ਅਤੇ ਇਸ ਝੜਪ ਵਿੱਚ ਕੰਪਨੀ ਬਹਾਦਰ ਦਾ ਸੂਬੇਦਾਰ ਮਾਰਿਆ ਗਿਆ ਤੇ ਕੰਪਨੀ ਕਮਾਂਡਰ ਸਣੇ ਹੋਰ ਫ਼ੌਜੀ ਜ਼ਖ਼ਮੀ ਹੋ ਗਏ। ਇਸ ਕੇਸ ਦਾ ਮੁਕੱਦਮਾ ਲਾਹੌਰ ਵਿੱਚ ਚਲਾ ਕੇ ਅੰਗਰੇਜ਼ ਰੈਜੀਡੈਂਟ ਸਰ ਜਾਨ੍ਹ ਲਾਰੈਂਸ ਨੇ 19 ਫਰਵਰੀ, 1848 ਨੂੰ ਸਰਦਾਰ ਗੰਡਾ ਸਿੰਘ ਤੇ ਦੋ ਹੋਰ ਸਿੰਘਾਂ ਨੂੰ ਫ਼ਾਂਸੀ ਦੇ ਦਿੱਤੀ ਤੇ ਛੇ ਹੋਰ ਸਿੰਘਾਂ ਬਬੇਗ ਸਿੰਘ, ਖੜਗ ਸਿੰਘ, ਮਸਤਾਨ ਸਿੰਘ, ਹੀਰਾ ਸਿੰਘ, ਹੁਕਮ ਸਿੰਘ ਅਤੇ ਜਵਾਹਰ ਸਿੰਘ ਨੂੰ ਕੈਦ ਬਾ-ਮੁਸ਼ੱਕਤ ਡੰਡੇ ਬੇੜੀਆਂ ਸਣੇ ਦਿੱਤੀ ਗਈ। ਬਾਅਦ ਵਿੱਚ ਜਾਨ੍ਹ ਲਾਰੈਂਸ ਨੇ ਐਚ.ਐਮ. ਇਲੀਅਟ, ਸੈਕਟਰੀ, ਗੌਰਮਿੰਟ ਆਫ਼ ਇੰਡੀਆ, ਫੋਰਟ ਵਿਲੀਅਮ, ਕਲਕੱਤਾ ਨੂੰ ਉਚੇਚਾ ਸੰਦੇਸ਼ ਭੇਜਿਆ ਕਿ ਇਨ੍ਹਾਂ ਅਕਾਲੀਆਂ ਨੂੰ ਪੰਜਾਬ ਦੀ ਸਿੱਖ ਜਨਤਾ ਸਤਿਕਾਰ ਭਰੀ ਸ਼ਰਧਾ ਨਾਲ ਦੇਖਦੀ ਹੈ, ਇਸ ਲਈ ਇਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਦੀ ਬਜਾਏ ਬਰੇਲੀ ਦੀ ਜੇਲ੍ਹ ਵਿੱਚ ਰੱਖਿਆ ਜਾਏ।

ਫਿਰੰਗੀ ਸਰਕਾਰ ਦਾ ਕਦੇ ਨਰਮ ਕਦੇ ਗਰਮ ਸਿਲਸਿਲਾ ਜਾਰੀ ਰਿਹਾ। 7 ਸਤੰਬਰ, 1915 ਈ: ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ, ਕੇ.ਸੀ.ਐਸ. ਕਿੰਗ, ਸੀ.ਆਈ.ਈ., ਨੇ ਦਰਬਾਰ ਸਾਹਿਬ ਦੀ ਪਵਿਤ੍ਰਤਾ ਨੂੰ ਮੁੱਖ ਰਖਦਿਆਂ ਹੁਕਮ ਜਾਰੀ ਕਰ ਦਿੱਤਾ ਕਿ ਗੁਰੂ ਰਾਮਦਾਸ ਜੀ ਦੀ ਪਾਵਨ ਨਗਰੀ ਦੀ ਹਦੂਦ ਅੰਦਰ ਕੋਈ ਵੀ ਸ਼ਰਾਬ ਦੀ ਦੁਕਾਨ ਨਹੀਂ ਰਹਿ ਸਕਦੀ। ਜੇਕਰ ਪੁਰਾਣੇ ਹਾਕਮ ਦੀ ਕੋਈ ਗੱਲ ਚੰਗੀ ਹੈ ਤਾਂ ਉਸਨੂੰ ਜਾਰੀ ਰੱਖਣ ਅਤੇ ਅਮਲ ਵਿੱਚ ਲਿਆਉਣ ਵਿੱਚ ਕੀ ਹਰਜ਼ ਹੈ? ਹੁਣ ਸ਼ਰਾਬ ਦੇ ਠੇਕੇ ਅੰਦਰੂਨ ਸ਼ਹਿਰ ਵਿੱਚ ਤਾਂ ਨਹੀਂ ਪਰ ਪਵਿੱਤਰ ਨਗਰ ਵਿੱਚ ਦਾਖ਼ਲ ਹੋਣ ਦੇ ਹਰ ਗੇਟ ਦੇ ਬਾਹਰ ਇਹ ਖੁਲ ਗਏ ਹਨ।

ਅਪ੍ਰੈਲ 1919 ਨੂੰ ਸਾਰੇ ਪੰਜਾਬ ਵਿੱਚ ਇੱਕ ਜ਼ਬਰਦਸਤ ਅਫਵਾਹ ਫੈਲ ਗਈ ਕਿ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਵਾਈ ਬੰਬਾਰੀ ਕੀਤੀ ਹੈ ਅਤੇ ਨਾਲ ਹੀ ਦਰਬਾਰ ਸਾਹਿਬ ਵਿੱਚ ਗੋਲੀ ਚਲਾਈ ਹੈ। ਇਸ ਨਾਲ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨਾਂ ਨੂੰ ਇਹ ਡਰ ਪੈ ਗਿਆ ਕਿ ਜੇਕਰ ਸਿੱਖ ਉਠ ਖੜੇ ਹੋਏ ਤਾਂ ਉਨ੍ਹਾਂ ਨੂੰ ਕਾਬੂ ਵਿੱਚ ਰਖਣਾ ਮੁਸ਼ਕਿਲ ਹੋਏਗਾ ਕਿਉਂ ਕਿ ਉਸ ਸਮੇਂ ਫ਼ੌਜ ਵਿੱਚ ਸਿੱਖ ਵੱਡੀ ਗਿਣਤੀ ਵਿੱਚ ਸਨ ਅਤੇ ਇਸ ਬਗਾਵਤ ਦਾ ਅਸਰ ਸਿੱਖ ਫ਼ੌਜੀ, ਜੋ ਹਿੰਦੁਸਤਾਨ ਅਤੇ ਮਿਸਰ ਵਿੱਚ ਤੈਨਾਤ ਹਨ, ਉਹਨਾਂ 'ਤੇ ਅਸਰ ਪਏਗਾ।

ਸਰਕਾਰ ਨੇ ਸਾਰੇ ਸਾਧਨ ਵਰਤ ਕੇ ਇਸ ਅਫਵਾਹ ਨੂੰ ਦੂਰ ਕਰਨ ਦੇ ਸਾਰੇ ਯਤਨ ਕੀਤੇ। ਇਸ ਵੇਲੇ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ, ਗ੍ਰੰਥੀ ਸਾਹਿਬਾਨ ਤੇ ਪੁਜਾਰੀ ਸਿੰਘਾਂ ਵੱਲੋਂ ਇਸ਼ਤਿਹਾਰ ਜਾਰੀ ਕਰ ਕੇ ਇਸ ਦਾ ਖੰਡਨ ਕੀਤਾ ਗਿਆ।

ਇਹ ਸ੍ਰੋਤ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗੁਰੂ ਖਾਲਸਾ ਜੀ ਦੇ ਪਵਿੱਤ੍ਰ ਅਸਥਾਨ ਵਿਖੇ ਕੋਈ ਗੋਲੀ ਚਲੀ ਹੈ ਜਾਂ ਹਵਾਈ ਜਹਾਜ਼ ਨੇ ਬੰਬ ਦਾ ਗੋਲਾ ਸੁਟਿਆ ਹੈ, ਜਾਂ ਹੋਰ ਕਿਸੇ ਤਰ੍ਹਾਂ ਬੇਅਦਬੀ ਕੀਤੀ ਗਈ ਹੈ, ਬਿਲਕੁਲ ਗਲਤ ਹੈ, ਇਸ ਦੀ ਕੋਈ ਬੁਨਿਆਦ ਨਹੀਂ। ਸਰਬਰਾਹ ਸਾਹਿਬ, ਗ੍ਰੰਥੀ ਸਾਹਿਬਾਨ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਪੁਜਾਰੀ ਸਿੰਘਾਂ ਵੱਲੋਂ ਇੱਕ ਇਸ਼ਤਿਹਾਰ ਦੁਆਰਾ ਇਸ ਅਫਵਾਹ ਦਾ ਗਲਤ ਹੋਣਾ ਪ੍ਰਗਟ ਹੋ ਚੁਕਾ ਹੈ। ਸਾਰੇ ਪੰਥ ਦੇ ਦਿਲ ਵਿਚੋਂ ਇਸ ਗਲਤ ਅਫਵਾਹ ਦੇ ਮੁਤਅਲਕ ਹਰ ਤਰ੍ਹਾਂ ਦੇ ਭਰਮ ਨੂੰ ਦੂਰ ਕਰਨ ਲਈ ਇਹ ਬਿਨੈ ਕੀਤੀ ਜਾਂਦੀ ਹੈ ਕਿ ਕੋਈ ਸਜਨ ਇਸ ਅਫਵਾਹ ਦਾ ਯਕੀਨ ਨਾ ਕਰੇ। ਇਹ ਅਫਵਾਹ ਉਕੀ ਅਸੱਤ ਹੈ।

ਇਤਨਾ ਹੀ ਨਹੀਂ ਸਰਕਾਰ ਵੱਲੋਂ ਉਸ ਸਮੇਂ ਦੀ ਪ੍ਰਮੁੱਖ ਸਿੱਖ ਜਥੇਬੰਦੀ ਚੀਫ਼ ਖਾਲਸਾ ਦੀਵਾਨ ਨੂੰ ਵੀ ਪਹੁੰਚ ਕੀਤੀ ਗਈ ਕਿ ਉਹ ਇਸ ਬਾਰੇ ਸਪਸ਼ਟੀਕਰਨ ਦੇਣ। ਇਹ ਘਟਨਾ ਮਾਮੂਲੀ ਨਹੀਂ ਸੀ ਅਤੇ ਇਸਦਾ ਬਹੁਤ ਜ਼ਿਆਦਾ ਨੁਕਸਾਨ ਹੋ ਸਕਦਾ ਸੀ। ਉਪਰੰਤ ਚੀਫ਼ ਖਾਲਸਾ ਦੀਵਾਨ ਨੇ ਵੀ ਮਤਾ ਪਾਸ ਕਰ ਕੇ ਜਾਰੀ ਕੀਤਾ,

ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਜੀ) ਅੰਮ੍ਰਿਤਸਰ ਗੁਰਸਿਖੀ ਦਾ ਪਰਮ ਪਵਿੱਤ੍ਰ ਧਾਮ ਹੈ, ਇਹ ਅਫਵਾਹ ਜੋ ਦਰਬਾਰ ਸਾਹਿਬ ਵਿੱਚ ਗੋਲੀ ਚਲਾਈ ਗਈ ਹੈ ਯਾ ਬੰਬ ਦਾ ਗੋਲਾ ਸੁੱਟਿਆ ਗਿਆ ਹੈ, ਬਿਲਕੁਲ ਗਲਤ ਹੈ। ਦਰਬਾਰ ਸਾਹਿਬ ਦੇ ਸੇਵਕਾਂ ਵੱਲੋਂ ਤੇ ਚੀਫ਼ ਖਾਲਸਾ ਦੀਵਾਨ ਵੱਲੋਂ ਇਸ ਅਫਵਾਹ ਦਾ ਗਲਤ ਹੋਣਾ ਅੱਗੇ ਬਿਨੈ ਹੋ ਚੁੱਕਾ ਹੈ। ਪਿਆਰੇ ਖਾਲਸਾ ਜੀ ਦੇ ਹਿਰਦੇ ਵਿੱਚ ਅਕਾਰਣ ਦੁੱਖ ਤੇ ਕਲੇਸ਼ ਪੈਦਾ ਹੋਣ ਦੀ ਰੋਕ ਕਰਨ ਲਈ ਚੀਫ਼ ਖਾਲਸਾ ਦੀਵਾਨ ਦੀ ਆਗਯਾ ਅਨੁਸਾਰ ਬਿਨੈ ਹੈ ਜੋ ਇਸ ਬਾਰੇ ਵਿੱਚ ਉਹ ਕਿਸੇ ਤਰ੍ਹਾਂ ਚਿੰਤਾਤਰ ਨਾ ਹੋਣ। ਇਸੇ ਤਰ੍ਹਾਂ ਦੀਵਾਨ ਦੀ ਆਗਯਾ ਅਨੁਸਾਰ ਅਮਨ ਚੈਨ ਰਖਣ ਲਈ ਤੇ ਇਸ ਹਲਾਚਲੀ ਵਿੱਚ ਅਡੋਲ ਸਤਿਗੁਰਾਂ ਦੇ ਉਪਦੇਸ਼ਾਂ ਨੂੰ ਯਾਦ ਰੱਖ ਕੇ ਸਰਕਾਰ ਦੀ ਵਫਾਦਾਰੀ ਤੇ ਗੁਰੂ-ਪੰਥ ਦੀ ਸੇਵਾ ਲਈ ਅਰਜੋਈ ਕੀਤੀ ਜਾ ਚੁਕੀ ਹੈ ਜੋ ਕ੍ਰਿਪਾਲੂ ਸਜਣਾਂ ਦੀ ਦ੍ਰਿਸ਼ਟੀ ਗੋਚਰ ਹੋ ਚੁੱਕੀ ਹੋਵੇਗੀ।

ਇਸੇ ਤਰ੍ਹਾਂ ਸਰ ਸੁੰਦਰ ਸਿੰਘ ਮਜੀਠੀਆ ਨੇ ਵੀ ਨਿਜੀ ਤੌਰ 'ਤੇ ਇੱਕ ਬਿਆਨ ਜਾਰੀ ਕਰਕੇ ਇਸ ਅਫਵਾਹ ਦਾ ਖੰਡਨ ਕੀਤਾ। ਭਾਵੇਂ ਇਹ ਇੱਕ ਅਫਵਾਹ ਹੀ ਸੀ ਪਰ ਇਸ ਨੇ ਸਰਕਾਰ ਨੂੰ ਪੂਰੀ ਤਰ੍ਹਾਂ ਝੰਜੋੜ ਦਿੱਤਾ। ਜੇਕਰ ਇੱਕ ਵਿਦੇਸ਼ੀ ਹਕੂਮਤ ਐਸੀ ਮਾੜੀ ਘਟਨਾ ਦੇ ਨਤੀਜਿਆਂ ਪ੍ਰਤੀ ਇਤਨੀ ਸੰਜੀਦਾ ਅਤੇ ਗੰਭੀਰ ਹੋ ਸਕਦੀ ਹੈ ਪਰ ਹੈਰਾਨੀ ਹੈ ਕਿ ਪੂਰੀ ਤਾਕਤ ਨਾਲ ਦਰਬਾਰ ਸਾਹਿਬ ਤੇ ਕੀਤੇ ਹਮਲੇ ਬਾਰੇ ਆਪਣੀ ਸਰਕਾਰੇ ਕਿਉਂ ਨਹੀਂ ਸੋਚਿਆ ਕਿ ਸਿੱਖ ਇਸ ਨੂੰ ਕਿਵੇਂ ਬਰਦਾਸ਼ਤ ਕਰ ਲੈਣਗੇ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਇੱਕ ਹੋਰ ਅਹਿਮ ਘਟਨਾ ਦਾ ਜ਼ਿਕਰ ਲੈਰੀ ਕਾਲਿਨਸ ਅਤੇ ਡਾਮਨਿਕ ਲਾਪਿਏਰੇ ਨੇ ਆਪਣੀ ਕਿਤਾਬ 'ਫਰੀਡਮ ਐਟ ਮਿਡਨਾਈਟ' ਵਿੱਚ ਕੀਤਾ ਹੈ। ਹਿੰਦੁਸਤਾਨ ਦੇ ਵਾਇਸਰਾਇ ਦੀ ਇੱਕ ਉਚ ਪੱਧਰੀ ਮੀਟਿੰਗ ਹੋਈ। ਇਸ ਵਿੱਚ ਦਸਿਆ ਗਿਆ ਕਿ 14 ਅਗਸਤ ਨੂੰ ਜਦੋਂ ਮੁਹੰਮਦ ਅਲੀ ਜਿਨ੍ਹਾ ਦਾ ਜਲੂਸ ਨਿਕਲੇਗਾ ਤਾਂ ਉਸ ਦੇ ਕਤਲ ਦੀ ਸਾਜ਼ਿਸ਼ ਸਿੱਖ ਲੀਡਰ ਸ਼ਿਪ ਨੇ ਕੀਤੀ ਹੈ। ਇਸ'ਤੇ ਮੁਸਲਿਮ ਆਗੂਆਂ ਨੇ ਮੰਗ ਕੀਤੀ ਕਿ ਸਿੱਖ ਆਗੂਆਂ ਨੂੰ ਤੁਰੰਤ ਹਿਰਾਸਤ ਵਿੱਚ ਲਿਆ ਜਾਏ। ਇਸ ਦੇ ਜਵਾਬ ਵਿੱਚ ਮਾਉਂਟ ਬੈਟਨ ਨੇ ਕਿਹਾ ਕਿ ਕੀ ਤੁਹਾਨੂੰ ਪਤਾ ਹੈ ਕਿ ਸਿੱਖ ਆਗੂ ਮਾਸਟਰ ਤਾਰਾ ਸਿੰਘ ਇਸ ਸਮੇਂ ਦਰਬਾਰ ਸਾਹਿਬ ਦੇ ਅੰਦਰ ਹੈ। ਦਰਬਾਰ ਸਾਹਿਬ ਦੇ ਅੰਦਰ ਪੁਲਿਸ ਨੂੰ ਦਾਖ਼ਲ ਕਰਨ ਬਾਰੇ ਉਹ ਸੋਚ ਵੀ ਨਹੀਂ ਸਕਦਾ। ਇਸ 'ਤੇ ਮੁਸਲਿਮ ਨੁਮਾਇੰਦਿਆਂ ਨੇ ਪੁਛਿਆ ਕਿ ਸਾਡੇ ਕਾਇਦ ਦੀ ਹਿਫਾਜ਼ਤ ਲਈ ਕੀ ਕਦਮ ਚੁਕੇ ਜਾਣਗੇ। ਬਹੁਤ ਹੀ ਅਹਿਮ ਜਵਾਬ ਵਾਇਸਰਾਇ ਨੇ ਦਿੱਤਾ ਕਿ ਜਦੋਂ ਜਿਨ੍ਹਾ ਦਾ ਜਲੂਸ ਨਿਕਲੇਗਾ ਉਸਦੀ ਨਾਲ ਦੀ ਸੀਟ 'ਤੇ ਮੈਂ ਬੈਠ ਜਾਵਾਂਗਾ। ਇਹ ਖ਼ਤਰਾ ਮੈਂ ਲੈ ਲਵਾਂਗਾ ਪਰ ਦਰਬਾਰ ਸਾਹਿਬ ਦੇ ਅੰਦਰ ਪੁਲਿਸ ਦੇ ਜ਼ੋਰ ਨਾਲ ਦਾਖ਼ਲ ਹੋਣ ਬਾਰੇ ਮੈਂ ਸੋਚ ਵੀ ਨਹੀਂ ਸਕਦਾ। ਉਹ ਹਕੂਮਤ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਸਦਾ ਸੂਰਜ ਕਦੇ ਗ਼ਰੂਬ ਨਹੀਂ ਹੁੰਦਾ ਉਹਨਾਂ ਨੂੰ ਦਰਬਾਰ ਸਾਹਿਬ ਵਿੱਚ ਤਾਕਤ ਨਾਲ ਦਾਖ਼ਲ ਹੋਣ ਦੇ ਅੰਜਾਮ ਬਾਰੇ ਅਹਿਸਾਸ ਸੀ। ਪਰ ਕੀ ਇਹ ਸੋਝੀ ਬਲਿਊ ਸਟਾਰ ਸਮੇਂ 'ਆਪਣੀ ਸਰਕਾਰ' ਨੂੰ ਨਹੀਂ ਸੀ ਆਈ।

ਦੇਸ਼ ਨੂੰ ਆਜ਼ਾਦੀ ਮਿਲਿਆਂ ਅਜੇ 8 ਸਾਲ ਵੀ ਨਹੀਂ ਸਨ ਹੋਏ ਕਿ ਪੰਡਿਤ ਨਹਿਰੂ ਦੇ ਰਾਜ ਕਾਲ ਵਿੱਚ ਜੁਲਾਈ 1955 ਵਿੱਚ ਲਾਲਾ ਭੀਮ ਸੈਨ ਸੱਚਰ, ਮੁੱਖ ਮੰਤਰੀ ਪੰਜਾਬ ਦੇ ਹੁਕਮ 'ਤੇ ਵੱਡੀ ਗਿਣਤੀ ਪੁਲਿਸ ਅਸ਼ਵਨੀ ਕੁਮਾਰ ਡੀ.ਆਈ.ਜੀ. ਦੀ ਅਗਵਾਈ ਵਿੱਚ ਦਰਬਾਰ ਸਾਹਿਬ ਦੇ ਅੰਦਰ ਬੂਟਾਂ ਸਣੇ ਦਾਖ਼ਲ ਹੋਈ। ਇਸ ਹਮਲੇ ਦੌਰਾਨ ਸੰਗਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ। ਕਾਫ਼ੀ ਭੰਨ ਤੋੜ ਵੀ ਕੀਤੀ ਗਈ। ਪ੍ਰਸ਼ਾਦ ਅਤੇ ਲੰਗਰ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ। ਇਸ ਘਟਨਾ ਦਾ ਜ਼ਿਕਰ ਗਿਆਨੀ ਸੰਤੋਖ ਸਿੰਘ ਜੀ ਆਸਟ੍ਰੇਲੀਆ ਵਾਲੇ ਕਰਦੇ ਹਨ,

ਚਾਰ ਤੇ ਪੰਜ ਜੁਲਾਈ (੧੯੫੫) ਦੀ ਅੱਧੀ ਰਾਤ ਨੂੰ ਪੁਲਿਸ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿਤਾ। ਹਾਜ਼ਰ ਵਿਅਕਤੀਆਂ ਨੂੰ ਭੈ ਭੀਤ ਕਰਨ ਵਾਸਤੇ ਪਹਿਲਾਂ ਟੀਅਰ ਗੈਸ ਛੱਡੀ ਤੇ ਫਿਰ ਗੋਲ਼ੀ ਚਲਾਈ। ਸ੍ਰੀ ਗੁਰੂ ਰਾਮਦਾਸ ਸਰਾਂ, ਲੰਗਰ, ਦਫ਼ਤਰ ਸ੍ਰੀ ਦਰਬਾਰ ਸਾਹਿਬ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਦੀਵਾਨ ਹਾਲ ਸ੍ਰੀ ਮੰਜੀ ਸਾਹਿਬ ਆਦਿ ਸਥਾਨਾਂ ਉਪਰ ਪੁਲਿਸ ਨੇ ਕਬਜ਼ਾ ਕਰ ਲਿਆ। ਉਸ ਸਮੇ ਜਿੰਨੇ ਵੀ ਯਾਤਰੂ, ਵਾਲੰਟੀਅਰ, ਸੇਵਾਦਾਰ, ਆਗੂ ਆਦਿ ਮੌਜੂਦ ਸਨ, ਸਭ ਨੂੰ ਪੁਲਿਸ ਗ੍ਰਿਫਤਾਰ ਕਰਕੇ ਲੈ ਗਈ। ਕੁਝ ਵਿਅਕਤੀ ਗੋਲ਼ੀਆਂ ਤੇ ਟੀਅਰ ਗੈਸ ਸਦਕਾ ਜ਼ਖ਼ਮੀ ਵੀ ਹੋ ਗਏ।

ਇਸ ਘਟਨਾ ਦਾ ਇਤਨਾ ਤਿੱਖਾ ਪ੍ਰਤੀਕਰਮ ਹੋਇਆ ਕਿ 10 ਅਕਤੂਬਰ, 1955 ਨੂੰ ਭੀਮ ਸੈਨ ਸੱਚਰ ਖ਼ੁਦ ਦਰਬਾਰ ਸਾਹਿਬ ਹਾਜ਼ਰ ਹੋਇਆ ਅਤੇ ਮੰਜੀ ਸਾਹਿਬ ਖੜੇ ਹੋ ਕੇ ਉਸਨੇ ਸੰਗਤ ਤੋਂ ਖਿਮਾ ਯਾਚਨਾ ਕੀਤੀ। ਇਹ ਸੋਚਣਾ ਕਿ ਜੋ ਕੁਝ ਜੂਨ ਚੁਰਾਸੀ ਵਿੱਚ ਹੋਇਆ ਉਸਦੇ ਮੁਕਾਬਲੇ ਵਿਚ ਤਾਂ ਇਹ ਘਟਨਾ ਕੁਝ ਵੀ ਨਹੀਂ ਸੀ, ਸਹੀ ਨਹੀਂ ਹੋਏ ਗਾ। ਪਰ ਭੀਮ ਸੈਨ ਸੱਚਰ ਦੀ ਮਾਫ਼ੀ ਨੂੰ ਫ਼ਿਰਕਾ ਪ੍ਰਸਤ ਕਾਂਗਰਸੀਆਂ ਨੇ ਪ੍ਰਵਾਨ ਨਾ ਕੀਤਾ ਅਤੇ ਸੱਚਰ ਨੂੰ ਅਸਤੀਫ਼ਾ ਦੇਣਾ ਪਿਆ। **(ਚਲਦਾ)**

# ਜੂਨ ’84 ਦਾ ਸਿੱਖ ਦੁਖਾਂਤ ਤੇ ਸਿੱਖ ਲੀਡਰਸ਼ਿਪ ਦੀ ਜ਼ਿੰਮੇਵਾਰੀ



ਡਾ. ਗੁਰਦਰਸ਼ਨ ਸਿੰਘ ਢਿੱਲੋਂ
ਸਾਬਕਾ ਪ੍ਰੋਫ਼ੈਸਰ ਆਫ਼ ਹਿਸਟਰੀ,
ਪੰਜਾਬ ਯੂਨੀਵਰਸਟੀ, ਚੰਡੀਗੜ੍ਹ

ਸਿੱਖਾਂ ਦੇ ਇਤਿਹਾਸ ਵਿੱਚ ਘੱਲੂਘਾਰੇ ਪਹਿਲਾਂ ਵੀ ਵਾਪਰੇ ਹਨ ਪ੍ਰੰਤੂ ਜੂਨ ’84 ਦਾ ਖ਼ੂਨੀ ਘੱਲੂਘਾਰਾ ਪਿਛਲੇ ਵਾਪਰੇ ਘੱਲੂਘਾਰਿਆਂ ਨਾਲੋਂ ਕਿਤੇ ਵੱਧ ਭਿਆਨਕ ਅਤੇ ਦਰਦਨਾਕ ਸੀ। ਇਹ ਫੌਜੀ ਹਮਲਾ ਸਿੱਖਾਂ ਦੀ ਦਾਸਤਾਂ ਵਿੱਚ ਨਾ-ਭੁੱਲਣ ਵਾਲਾ ਘਟਨਾਕ੍ਰਮ ਹੈ। ਜੇਕਰ ਸਿੱਖ ਇਸ ਸਾਰੇ ਵਰਤਾਰੇ ਨੂੰ ਭੁਲਾ ਦੇਣਗੇ ਤਾਂ ਸਿੱਖ, ਸਿੱਖ ਹੀ ਨਹੀਂ ਰਹਿਣਗੇ। ਜਿਹੜੇ ਸਿੱਖਾਂ ਨੇ ਇਸ ਘੱਲੂਘਾਰੇ ਦਾ ਦੁਖਾਂਤ ਆਪਣੇ ਮਨਾਂ ਅਤੇ ਪਿੰਡਿਆਂ ’ਤੇ ਹੰਢਾਇਆ ਹੈ, ਉਹੀ ਜਾਣਦੇ ਹਨ ਕਿ ਇਹ ਵਰਤਾਰਾ ਕੀ ਸੀ? ਇਸ ਸੰਤਾਪ ਨੂੰ ਸਿੱਖ ਹਾਲੇ ਵੀ ਭੋਗ ਰਹੇ ਹਨ। ਬੀਜੇਪੀ ਦੇ ਵੱਡੇ ਨੇਤਾ ਐਲ.ਕੇ. ਅਡਵਾਨੀ ਨੇ ਅਪਣੀ ਜੀਵਨ ਕਥਾ ਵਿੱਚ ਲਿਖਿਆ ਹੈ ਕਿ ਉਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ’ਤੇ ਜ਼ੋਰ ਪਾ ਕੇ ਕਿਹਾ ਸੀ ਕਿ ਜਲਦੀ ਤੋਂ ਜਲਦੀ ਸਿੱਖਾਂ ਦੇ ਸਰਬਉੱਚ ਧਾਰਮਿਕ ਅਸਥਾਨ ਦਰਬਾਰ ਸਾਹਿਬ ’ਤੇ ਫ਼ੌਜੀ ਹਮਲਾ ਕੀਤਾ ਜਾਵੇ।

ਵਰਣਨਯੋਗ ਹੈ ਕਿ ਪੰਜਾਬੀ ਲਿਖਾਰੀਆਂ ਵਿਚੋਂ ਕਿਸੇ ਨੇ ਵੀ ਇਸ ਘਟਨਾ ਦਾ ਜ਼ਿਕਰ ਅਪਣੀਆਂ ਲਿਖਤਾਂ ਵਿੱਚ ਖੁੱਲ੍ਹ ਕੇ ਨਹੀਂ ਕੀਤਾ। ਸ਼ਾਇਦ ਇਹ ਲਿਖਾਰੀ ਦਿੱਲੀ ਵਾਲਿਆਂ ਤੋਂ ਪਦਮ ਸ੍ਰੀ, ਪਦਮ ਬਿਭੂਸ਼ਨ ਵਰਗੇ ਪੁਰਸਕਾਰਾਂ ਦੀ ਝਾਕ ਵਿੱਚ ਰਹਿੰਦੇ ਹਨ। ਇਥੇ ਖ਼ਾਸ ਤੌਰ ’ਤੇ ਵਰਣਨਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਵੀ ਇਸ ਘਟਨਾਕ੍ਰਮ ਵਿੱਚ ਦਿੱਲੀ ਵਾਲਿਆਂ ਨਾਲ ਅੰਦਰੂਨੀ ਤੌਰ ’ਤੇ ਇਕਮਿਕ ਹੋਣ ਦੀ ਚਰਚਾ ਆਮ ਰਹੀ ਹੈ। ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਨੇ ਹਾਲੇ ਇਸ ਖ਼ੂਨੀ ਘਟਨਾਕ੍ਰਮ ਬਾਰੇ ਕਾਫ਼ੀ ਕੁੱਝ ਲਿਖਣਾ ਹੈ, ਜੋ ਬਾਕੀ ਹੈ। ਮੈਂ ਇਥੇ ਖ਼ਾਸ ਤੌਰ ’ਤੇ ਪਾਕਿਸਤਾਨ ਦੇ ਪੰਜਾਬੀ ਕਵੀ ਅਫ਼ਜ਼ਲ ਅਹਿਸਨ ਰੰਧਾਵਾ ਦੀ ਇਸ ਘਟਨਾ ’ਤੇ ਲਿਖੀ ਹੋਈ ਇੱਕ ਕਵਿਤਾ ਵਿਚੋਂ ਇੱਕ ਲਾਈਨ ਪਾਠਕਾਂ ਅੱਗੇ ਪੇਸ਼ ਕਰ ਰਿਹਾ ਹਾਂ:

ਅੱਜ ਤਪਦੀ ਭੱਠੀ ਬਣ ਗਿਆ, ਮੇਰਾ ਸਗਲੇ ਵਾਲਾ ਪੈਰ,
ਅੱਜ ਵੈਰੀਆਂ ਕੱਢ ਵਿਖਾਲਿਆ, ਹਾਇ! ਪੰਜ ਸਦੀਆਂ ਦਾ ਵੈਰ।

ਦਰਬਾਰ ਸਾਹਿਬ, ਅੰਮ੍ਰਿਤਸਰ ਸਿੱਖੀ ਦਾ ਧੁਰਾ ਹੈ। ਸਿੱਖਾਂ ਦੀ ਜਿੰਦ ਜਾਨ ਹੈ। ਸਿੱਖਾਂ ਦੀ ਆਨ-ਸ਼ਾਨ ਹੈ। ਇਸ ਉਪਰ ਝੂਲਦੇ ਦੋ ਨਿਸ਼ਾਨ ਸਿੱਖ ਗੁਰੂਆਂ ਦੀ ਮੀਰੀ-ਪੀਰੀ ਵਿਚਾਰਧਾਰਾ ਦੇ ਮੂੰਹ ਬੋਲਦੇ ਪ੍ਰਤੀਕ ਹਨ। ਆਹਮਣੇ ਸਾਹਮਣੇ ਖੜੀਆਂ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਦੀਆਂ ਇਮਾਰਤਾਂ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਦਰਸਾਉਂਦੀਆਂ ਹਨ। ਸਿੱਖਾਂ ਦਾ ਸਦੀਆਂ ਪੁਰਾਣਾ ਇਤਿਹਾਸ ਇਸ ਪਵਿੱਤਰ ਅਸਥਾਨ ਨਾਲ ਜੁੜਿਆ ਹੋਇਆ ਹੈ। ਸਿੱਖ ਪ੍ਰੰਪਰਾ ਅਨੁਸਾਰ, ਅਕਾਲ ਤਖ਼ਤ ’ਤੇ ਹੋਏ ਸਰਬੱਤ ਖ਼ਾਲਸੇ ਦੇ ਇਕੱਠ ਅਤੇ ਗੁਰਮਤੇ (ਗੁਰੂ ਦੇ ਨਾਮ ’ਤੇ ਲਏ ਗਏ ਫ਼ੈਸਲੇ) ਸਿੱਖਾਂ ਦਾ ਮਾਰਗ ਦਰਸ਼ਨ ਕਰਦੇ ਰਹੇ ਹਨ ਅਤੇ ਜਬਰ ਜ਼ੁਲਮ ਵਿਰੁਧ ਟੱਕਰ ਲੈਣ ਲਈ ਸਿੱਖੀ ਸਪਿਰਿਟ ਨੂੰ ਬਰਕਰਾਰ ਰੱਖਣ ਵਿੱਚ ਸਹਾਈ ਹੁੰਦੇ ਰਹੇ ਹਨ। ਅਕਾਲ ਤਖ਼ਤ ਸਰਬੱਤ ਦੇ ਭਲੇ ਦੀ ਕਾਮਨਾ ਕਰਦਾ ਹੈ ਅਤੇ ਰੰਗ, ਨਸਲ ਤੇ ਜਾਤ-ਪਾਤ ਦੇ ਭੇਦ ਮਿਟਾ ਕੇ, ਸਮੁੱਚੀ ਮਾਨਵਤਾ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਲਈ ਵਚਨਬੱਧ ਹੈ। ਇਹ ਸਿੱਖ ਧਰਮ ਦੀ ਨਿਆਰੀ ਅਤੇ ਨਿਵੇਕਲੀ ਪਛਾਣ ਦੀ ਸ਼ਾਹਦੀ ਭਰਦਾ ਹੈ।

ਸਿੱਖਾਂ ਦੀ ਵੱਧ ਰਹੀ ਤਾਕਤ ਨੂੰ ਰੋਕਣ ਲਈ ਹਮਲਾਵਰਾਂ ਨੇ ਕਈ ਵਾਰ ਦਰਬਾਰ ਸਾਹਿਬ ’ਤੇ ਹਮਲੇ ਕਰ ਕੇ, ਇਸ ਨੂੰ ਢਹਿ ਢੇਰੀ ਕਰ ਦਿਤਾ। ਅੰਗਰੇਜ਼ ਵੀ ਦਰਬਾਰ ਸਾਹਿਬ ਦਾ ਮਹੱਤਵ ਜਾਣਦੇ ਸਨ ਕਿ ਇਹ ਸਿੱਖੀ ਦਾ ਧੁਰਾ ਹੈ। ਉਨ੍ਹਾਂ ਨੇ ਸਿੱਖੀ ਤੋਂ ਬੇਮੁੱਖ ਹੋਏ ਮਹੰਤਾਂ, ਪੁਜਾਰੀਆਂ ਤੋਂ ਦਰਬਾਰ ਸਾਹਿਬ ਅਤੇ ਹੋਰ ਪ੍ਰਮੁੱਖ ਗੁਰਦਵਾਰਿਆਂ ’ਤੇ ਕਬਜ਼ਾ ਕਰਵਾ ਕੇ, ਇਨ੍ਹਾਂ ਨੂੰ ਅਪਣੀ ਸਰਪ੍ਰਸਤੀ ਹੇਠ ਰਖਿਆ। ਸਿੱਖਾਂ ਨੇ ਗੁਰਦੁਆਰਾ ਲਹਿਰ ਚਲਾ ਕੇ ਅਤੇ ਬੇਅੰਤ ਕੁਰਬਾਨੀਆਂ ਦੇ ਕੇ ਇਹ ਗੁਰਦੁਆਰੇ ਮਹੰਤਾਂ-ਪੁਜਾਰੀਆਂ ਦੇ ਕੰਟਰੋਲ ਤੋਂ ਆਜ਼ਾਦ ਕਰਵਾਏ। ਇਨ੍ਹਾਂ ਦਾ ਪ੍ਰਬੰਧ ਸੰਨ 1920 ਵਿੱਚ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ। ਭਾਰਤੀ ਫ਼ੌਜਾਂ ਵੱਲੋਂ ਜੂਨ 1984 ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ ’ਤੇ ਕੀਤਾ ਗਿਆ ਵਹਿਸ਼ੀਆਨਾ ਹਮਲਾ ਆਜ਼ਾਦ ਭਾਰਤ ਦੇ ਇਤਿਹਾਸ ਦੀ ਸਭ ਤੋਂ ਮੰਦਭਾਗੀ ਘਟਨਾ ਹੈ। ਇਸ ਘਟਨਾ ਨੇ ਦੇਸ਼ ਵਿਦੇਸ਼ ਵਿੱਚ ਵਸਦੇ ਸਮੂਹ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚਾਈ। ਸੰਸਾਰ ਦੇ ਕੋਨੇ ਕੋਨੇ ਵਿੱਚ ਰਹਿੰਦੇ ਸਿੱਖਾਂ ਨੇ ਭਾਰੀ ਰੋਸ ਦਾ ਪ੍ਰਗਟਾਵਾ ਕੀਤਾ। ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ 80 ਫ਼ੀ ਸਦੀ ਤੋਂ ਵੀ ਵੱਧ ਸ਼ਹਾਦਤਾਂ ਪਾਉਣ ਵਾਲੀ ਸਿੱਖ ਕੌਮ ਨੂੰ ਆਪਣੇ ਹੀ ਦੇਸ਼ ਵਿੱਚ ਬੇਗਾਨਗੀ ਦਾ ਅਹਿਸਾਸ ਹੋਣ ਲੱਗਾ। ਸੰਨ 1919 ਵਿੱਚ ਹੋਏ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਨੇ ਸਾਰੇ ਦੇਸ਼ ਵਿੱਚ ਹਾਹਾਕਾਰ ਮਚਾ ਦਿਤੀ ਸੀ ਅਤੇ ਇਸ ਨੇ ਬਰਤਾਨਵੀ ਸਮਰਾਜ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿਤਾ ਸੀ। ਪ੍ਰੰਤੂ ਇਸ ਸਮੇਂ ਲੋਕਾਂ ਦੀ ਨਾਰਾਜ਼ਗੀ ਵਿਦੇਸ਼ੀ ਹਾਕਮਾਂ ਦੇ ਜਬਰੋ ਜ਼ੁਲਮ ਵਿਰੁਧ ਸੀ। ਇਸ ਦੇ ਉਲਟ, ਸਾਕਾ ਨੀਲਾ ਤਾਰਾ ਨਾਂ ਨਾਲ ਜਾਣੇ ਜਾਂਦੇ, ਦਰਬਾਰ ਸਾਹਿਬ ’ਤੇ ਕੀਤੇ ਗਏ ਫ਼ੌਜੀ ਹਮਲੇ ਨੇ ਆਜ਼ਾਦ ਭਾਰਤ ਦੇ ਹੁਕਮਰਾਨਾਂ ਦੀ ਨਾਕਾਰਤਮਕ ਸਿਆਸਤ, ਫ਼ਿਰਕੂ ਵਿਚਾਰਧਾਰਾ, ਦੋਗਲੀ ਨੀਤੀ ਅਤੇ ਦੇਸ਼ ਦੀਆਂ ਘੱਟ-ਗਿਣਤੀਆਂ ਪ੍ਰਤੀ ਦੁਰਭਾਵਨਾਵਾਂ ਅਤੇ ਉਨ੍ਹਾਂ ਨਾਲ ਕੀਤੇ ਜਾ ਰਹੇ ਜ਼ੁਲਮ ਦੀ ਤਸਵੀਰ ਨੂੰ ਪ੍ਰਤਖ ਰੂਪ ਵਿੱਚ ਸੰਸਾਰ ਸਾਹਮਣੇ ਲੈ ਆਂਦਾ। ਪ੍ਰੰਤੂ ਭਾਰਤੀ ਮੀਡੀਏ ਅਤੇ ਇਤਿਹਾਸਕਾਰਾਂ ਨੇ ਇਸ ਦੁਖਦਾਈ ਘਟਨਾ ਦੇ ਵੱਖ ਵੱਖ ਪਹਿਲੂਆਂ ਦਾ ਸਹੀ ਵਿਸ਼ਲੇਸ਼ਣ ਨਹੀਂ ਕੀਤਾ।

ਫ਼ੌਜੀ ਹਮਲੇ ਦੀ ਵਿਉਂਤਬੰਦੀ ਬਹੁਤ ਵੱਡੀ ਪੱਧਰ ’ਤੇ ਕਈ ਮਹੀਨੇ ਪਹਿਲਾਂ ਤੋਂ ਹੀ ਹੋ ਚੁੱਕੀ ਸੀ। ਇੱਕ ਗਹਿਰੀ ਸਾਜ਼ਿਸ਼ ਅਧੀਨ ਦੇਸ਼ ਦੀਆਂ ਖ਼ੁਫ਼ੀਆ ਏਜੰਸੀਆਂ ਨੂੰ ਪੂਰੀ ਤਰ੍ਹਾਂ ਸਰਗਰਮ ਕਰ ਦਿਤਾ ਗਿਆ ਸੀ। ਪਹਾੜੀ ਇਲਾਕੇ ਵਿੱਚ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ, ਇਸ ਨੂੰ ਤਬਾਹ ਕਰਨ ਦੀ ਵਿਉਂਤ ਬਣਾਈ ਜਾ ਰਹੀ ਸੀ। ਬਰਤਾਨੀਆ ਸਰਕਾਰ ਤੋਂ ਵੀ ਇਸ ਮੰਤਵ ਲਈ ਸਲਾਹਕਾਰ ਮੰਗਵਾਏ ਗਏ ਸਨ ਜਿਨ੍ਹਾਂ ਨੇ ਖ਼ੁਫ਼ੀਆ ਤੌਰ ’ਤੇ ਦਰਬਾਰ ਸਾਹਿਬ ਜਾ ਕੇ ਪੂਰਾ ਸਰਵੇਖਣ ਕਰ ਕੇ, ਭਾਰਤ ਸਰਕਾਰ ਨੂੰ ਅਪਣੀ ਸਲਾਹ ਪੇਸ਼ ਕੀਤੀ ਸੀ। ਕਵੀ ਸ਼ਾਹ ਮੁਹੰਮਦ ਦੇ ਲਫ਼ਜ਼ਾਂ ਵਿੱਚ ‘ਹਿੰਦ-ਪੰਜਾਬ ਜੰਗ’ ਦੀਆਂ ਪੂਰੀਆਂ ਤਿਆਰੀਆਂ ਕਸੀਆਂ ਗਈਆਂ ਸਨ। ਸੱਭ ਤੋਂ ਅਫ਼ਸੋਸਜਨਕ ਗੱਲ ਤਾਂ ਇਹ ਹੈ ਕਿ ਇੱਕ ਪਾਸੇ ਤਾਂ ਫ਼ੌਜੀ ਹਮਲੇ ਦੀ ਪੂਰੀ ਤਿਆਰੀ ਸੀ ਤੇ ਦੂਜੇ ਪਾਸੇ ਇੱਕ ਬਹੁਤ ਹੀ ਕੋਝੀ ਦੋਗਲੀ ਨੀਤੀ ਦੇ ਅਧੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਸਿੱਖ ਨੇਤਾਵਾਂ ਦੀਆਂ ਅੱਖਾਂ ਵਿਚ ਧੂੜ ਪਾ ਕੇ, ਸਮੱਸਿਆਵਾਂ ਦੇ ਹੱਲ ਲਈ ਗੱਲਬਾਤ ਦਾ ਸੱਦਾ ਦੇ ਰਹੀ ਸੀ।

ਵਿਖਾਵੇ ਮਾਤਰ ਗੱਲਬਾਤ ਦੇ ਕੋਈ ਦੋ ਦਰਜਨ ਤੋਂ ਵੀ ਵੱਧ ਦੌਰ ਚੱਲਦੇ ਰਹੇ। ਸਮਝੌਤਾ ਕਰਵਾਉਣ ਵਾਲਿਆਂ ਵਿੱਚ ਦੇਸ਼ ਦੇ ਮੰਨੇ ਪ੍ਰਮੰਨੇ ਪਤਵੰਤੇ ਵਿਅਕਤੀ ਸ਼ਾਮਲ ਸਨ ਜਿਵੇਂ ਕਿ ਸਰਵਣ ਸਿੰਘ, ਇੰਦਰ ਕੁਮਾਰ ਗੁਜਰਾਲ, ਕੁਲਦੀਪ ਨਈਅਰ, ਕੈਪਟਨ ਅਮਰਿੰਦਰ ਸਿੰਘ, ਹਰਕਿਸ਼ਨ ਸਿੰਘ ਸੁਰਜੀਤ, ਫ਼ਾਰੂਕ ਅਬਦੁੱਲਾ ਅਤੇ ਕਈ ਹੋਰ। ਇਨ੍ਹਾਂ ਸਭਨਾਂ ਨੇ ਇੰਦਰਾ ਗਾਂਧੀ ਦੀ ਦੋਗਲੀ ਨੀਤੀ ਦਾ ਪ੍ਰਗਟਾਵਾ ਕੀਤਾ। ਗੁਜਰਾਲ ਨੇ ਏ.ਜੀ. ਨੂਰਾਨੀ ਨੂੰ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਪ੍ਰਧਾਨ ਮੰਤਰੀ ਦੀ ਅਕਾਲੀਆਂ ਨਾਲ ਸਮਝੌਤਾ ਕਰਨ ਦੀ ਕੋਈ ਮਨਸ਼ਾ ਹੀ ਨਹੀਂ ਸੀ। 2 ਜੂਨ 1984 ਨੂੰ ਜਦੋਂ ਕਿ ਦਰਬਾਰ ਸਾਹਿਬ ਨੂੰ ਚਾਰੇ ਪਾਸਿਉਂ ਫ਼ੌਜਾਂ ਨੇ ਘੇਰ ਲਿਆ ਸੀ ਅਤੇ ਫ਼ਾਇਰਿੰਗ ਸ਼ੁਰੂ ਹੋ ਚੁੱਕੀ ਸੀ, ਤਾਂ ਵੀ ਪ੍ਰਧਾਨ ਮੰਤਰੀ ਨੇ ਇੱਕ ਟੈਲੀਵਿਜ਼ਨ ਸੰਦੇਸ਼ ਦੁਆਰਾ ਅਕਾਲੀਆਂ ਨੂੰ ਗੱਲਬਾਤ ਦਾ ਸੱਦਾ ਦੇਣ ਦਾ ਨਾਟਕ ਰਚਿਆ। ਪ੍ਰੰਤੂ ਇਹ ਸਰਾਸਰ ਪਖੰਡ ਸੀ, ਦੁਨੀਆਂ ਨੂੰ ਗੁਮਰਾਹ ਕਰਨ ਦੀ ਇਕ ਲੂੰਬੜ ਚਾਲ ਸੀ। ਸਿੱਖਾਂ ਨਾਲ ਟਕਰਾਉ ਦਾ ਮਨ ਤਾਂ ਇੰਦਰਾ ਗਾਂਧੀ ਨੇ ਬਹੁਤ ਪਹਿਲਾਂ ਹੀ ਬਣਾ ਰਖਿਆ ਸੀ। 1975 ਵਿੱਚ ਲਗਾਈ ਗਈ ਐਮਰਜੈਂਸੀ ਦੀ ਦੇਸ਼ ਵਿੱਚ ਸਭ ਤੋਂ ਵੱਧ ਵਿਰੋਧਤਾ ਅਕਾਲੀ ਦਲ ਦੀ ਅਗਵਾਈ ਵਿੱਚ ਹੀ ਹੋਈ ਸੀ। ਇੰਦਰਾ ਗਾਂਧੀ ਲਈ ਹੁਣ ਸਿੱਖਾਂ ਨੂੰ ਸਬਕ ਸਿਖਾਉਣ ਦਾ ਬਹੁਤ ਵਧੀਆ ਅਵਸਰ ਮਿਲਿਆ ਸੀ। ਦੂਜਾ ਕਾਰਨ ਇਹ ਸੀ ਕਿ ਫ਼ਿਰਕੂ ਵਿਚਾਰਧਾਰਾ ਅਧੀਨ ਇੰਦਰਾ ਗਾਂਧੀ ਹਿੰਦੂ ਰਾਸ਼ਟਰ ਦੀ ਸਰਪ੍ਰਸਤ ਬਣ ਕੇ ਭਾਜਪਾ ਨੂੰ ਮਾਤ ਪਾਉਣਾ ਚਾਹੁੰਦੀ ਸੀ ਅਤੇ ਹਿੰਦੂ ਵੋਟ ਬੈਂਕ ਨੂੰ ਮਜ਼ਬੂਤ ਕਰਨਾ ਚਾਹੁੰਦੀ ਸੀ। ਪੰਜਾਬ ਦੀਆਂ ਰਾਜਨੀਤਕ ਸਮੱਸਿਆਵਾਂ ਨੂੰ ਫ਼ਿਰਕੂ ਰੰਗ ਦੇ ਕੇ ਅਮਨ-ਕਾਨੂੰਨ ਦੀ ਸਮੱਸਿਆ ਵਿੱਚ ਬਦਲ ਦੇਣ ਦੀ ਕੋਝੀ ਚਾਲ ਚਲ ਰਹੀ ਸੀ।

ਸੰਨ 1982 ਵਿੱਚ ਲੱਗਿਆ ਧਰਮ ਯੁੱਧ ਮੋਰਚਾ ਬਹੁਤ ਹੀ ਸ਼ਾਂਤਮਈ ਮੋਰਚਾ ਸੀ ਜਿਸ ਵਿੱਚ ਤਕਰੀਬਨ ਦੋ ਲੱਖ ਦੇ ਕਰੀਬ ਸਿੱਖ ਜੇਲ੍ਹਾਂ ਵਿੱਚ ਗਏ ਸਨ। ਮੋਰਚੇ ਦੀਆਂ ਸਮਾਜਕ, ਆਰਥਿਕ ਅਤੇ ਰਾਜਨੀਤਕ ਮੰਗਾਂ ਬਹੁਤ ਹੀ ਜਾਇਜ਼ ਸਨ ਅਤੇ ਭਾਰਤੀ ਸੰਵਿਧਾਨ ਦੇ ਖੇਤਰ ਵਿੱਚ ਰਹਿ ਕੇ ਪੂਰੀਆਂ ਕੀਤੀਆਂ ਜਾ ਸਕਦੀਆਂ ਸਨ। ਪ੍ਰੰਤੂ ਜਦੋਂ ਦੇਸ਼ ਦੇ ਹੁਕਮਰਾਨ ਇਨਸਾਫ਼ ਦੇਣ ਦਾ ਰਸਤਾ ਛੱਡ ਕੇ, ਟਕਰਾਅ ਦਾ ਰਸਤਾ ਅਪਣਾ ਲੈਣ ਅਤੇ ਅਪਣੇ ਹੀ ਦੇਸ਼ ਵਾਸੀਆਂ ਦੇ ਖ਼ੂਨ ਖ਼ਰਾਬੇ ਦੀ ਪ੍ਰਵਾਹ ਨਾ ਕਰਨ ਤਾਂ ਇਸ ਤੋਂ ਮੰਦਭਾਗੀ ਗੱਲ ਹੋਰ ਕੀ ਹੋ ਸਕਦੀ ਹੈ?

ਇੱਕ ਗਿਣੀ ਮਿਥੀ ਚਾਲ ਅਧੀਨ ਦਰਬਾਰ ਸਾਹਿਬ ’ਤੇ ਹਮਲਾ ਕਰਨ ਲਈ 6 ਜੂਨ ਦਾ ਦਿਨ ਜਾਣਬੁਝ ਕੇ ਚੁਣਿਆ ਗਿਆ। ਇਹ ਦਿਨ ਦਰਬਾਰ ਸਾਹਿਬ ਦੇ ਨਿਰਮਾਤਾ ਪੰਜਵੇਂ ਸਿੱਖ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਨ ਸੀ ਜਦੋਂ ਕਿ ਹਜ਼ਾਰਾਂ ਦੀ ਤਾਦਾਦ ਵਿੱਚ ਸ਼ਰਧਾਲੂ ਪੰਜਾਬ ਦੇ ਕੋਨੇ ਕੋਨੇ ਤੋਂ ਇਥੇ ਇਕੱਤਰ ਹੁੰਦੇ ਹਨ। ਇਤਿਹਾਸ ਗਵਾਹ ਹੈ ਕਿ ਵਿਦੇਸ਼ੀ ਹਮਲਾਵਰ ਵੀ ਦਰਬਾਰ ਸਾਹਿਬ ਤੇ ਹਮਲਾ ਕਰਨ ਵੇਲੇ ਕਿਸੇ ਤਿਉਹਾਰ ਜਾਂ ਗੁਰਪੁਰਬ ਦਾ ਦਿਹਾੜਾ ਹੀ ਚੁਣਦੇ ਸਨ। ਅੰਗਰੇਜ਼ੀ ਰਾਜ ਸਮੇਂ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਵੀ ਵੈਸਾਖੀ ਦੇ ਦਿਨ ਹੀ ਵਾਪਰਿਆ ਸੀ। ਭਾਰਤ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕਿ ਹਮਲਾ ਕਰਨ ਤੋਂ ਪਹਿਲਾਂ ਅੰਦਰ ਗਏ ਵਿਅਕਤੀਆਂ ਨੂੰ ਕੋਈ ਨੋਟਿਸ ਦਿੰਦੇ ਜਾਂ ਉਨ੍ਹਾਂ ਦੇ ਵਾਰੰਟ ਜਾਰੀ ਕਰਦੇ ਜਾਂ ਉਨ੍ਹਾਂ ਵਿਰੁੱਧ ਕੇਸ ਰਜਿਸਟਰ ਕਰਦੇ। ਸਾਰੇ ਘਟਨਾਕ੍ਰਮ ਵਿੱਚ ਨਾ ਤਾਂ ਖਾੜਕੂਆਂ ਦੀ ਕੋਈ ਲਿਸਟ ਕੱਢੀ ਗਈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਚਿਤਾਵਨੀ ਦਿਤੀ ਗਈ। ਸਾਰੇ ਪੰਜਾਬ ਵਿੱਚ ਕਰਫ਼ਿਊ ਲਗਾ ਦਿਤਾ ਗਿਆ। ਮੀਡੀਆ ’ਤੇ ਪਾਬੰਦੀ ਲਗਾ ਦਿੱਤੀ ਗਈ। ਤਿੰਨ ਦਿਨਾਂ ਲਈ ਅਖ਼ਬਾਰ ਵੀ ਬੰਦ ਕਰ ਦਿਤੇ ਗਏ। ਦਰਬਾਰ ਸਾਹਿਬ ਤੋਂ ਬਾਹਰ ਨਿਕਲਣ ਦੇ ਸਾਰੇ ਰਸਤੇ ਬੰਦ ਕਰ ਦਿਤੇ ਗਏ। ਟੈਲੀਫ਼ੋਨ, ਪਾਣੀ ਅਤੇ ਬਿਜਲੀ ਦੇ ਕੁਨੈਕਸ਼ਨ ਵੀ ਕੱਟ ਦਿਤੇ ਗਏ। ਗੁਰਪੁਰਬ ਮੌਕੇ ਹੁਮ-ਹੁਮਾ ਕੇ ਆਏ ਸ਼ਰਧਾਲੂ, ਜਿਨ੍ਹਾਂ ਵਿੱਚ ਇਸਤਰੀਆਂ, ਮਰਦ, ਬਜ਼ੁਰਗ ਅਤੇ ਬੱਚੇ ਸਭ ਸ਼ਾਮਲ ਸਨ, ਕਹਿਰ ਦੀ ਗਰਮੀ ਵਿੱਚ ਪਾਣੀ ਪੀਣ ਤੋਂ ਵੀ ਤਰਸ ਗਏ।

ਦਰਬਾਰ ਸਾਹਿਬ ’ਤੇ ਹਮਲੇ ਲਈ 15,000 ਫ਼ੌਜੀ ਅੱਗੇ ਲਿਆਂਦੇ ਗਏ ਅਤੇ 35,000 ਫ਼ੌਜੀਆਂ ਨੂੰ ਤਿਆਰ ਬਰ ਤਿਆਰ ਰਹਿਣ ਦੇ ਆਦੇਸ਼ ਦਿਤੇ ਗਏ। ਹਮਲੇ ਦੇ ਸ਼ੁਰੂ ਵਿੱਚ ਮਸ਼ੀਨ ਗੰਨਾਂ ਅਤੇ ਰਾਕਟਾਂ ਦੀ ਵਰਤੋਂ ਕੀਤੀ ਗਈ। ਅੰਦਾਜ਼ਾ ਲਗਾਇਆ ਗਿਆ ਸੀ ਕਿ 48 ਘੰਟਿਆਂ ਵਿੱਚ ਹੀ ਆਰਮੀ ਸਥਿਤੀ ’ਤੇ ਕਾਬੂ ਪਾ ਲਵੇਗੀ, ਪਰ ਇਹ ਅਨੁਮਾਨ ਗ਼ਲਤ ਨਿਕਲਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਮੌਤ ਤੋਂ ਨਾ ਡਰਨ ਵਾਲੇ ਸਾਥੀਆਂ ਨੇ ਚਾਰ ਦਿਨ ਡਟ ਕੇ ਮੁਕਾਬਲਾ ਕੀਤਾ। ਚੌਥੇ ਦਿਨ ਆਰਮੀ ਨੇ ਟੈਂਕਾਂ ਨਾਲ ਵਾਰ ਕੀਤਾ ਅਤੇ ਕੰਪਲੈਕਸ ਅੰਦਰ ਘੁਸ ਗਏ। ਅਕਾਲ ਤਖ਼ਤ ਢਹਿ ਢੇਰੀ ਹੋ ਗਿਆ। ਪੰਜ-ਛੇ ਹਜ਼ਾਰ ਦੇ ਕਰੀਬ ਸਿੱਖ, ਫ਼ੌਜੀ ਤਸ਼ੱਦਦ ਦਾ ਸ਼ਿਕਾਰ ਹੋ ਗਏ। ਇਨ੍ਹਾਂ ਵਿੱਚ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਨਾਲ ਲੜਨ ਵਾਲਿਆਂ ਦੀ ਗਿਣਤੀ ਤਾਂ ਪੰਜਾਹ ਤੋਂ ਲੈ ਕੇ ਸੌ ਦੇ ਕਰੀਬ ਹੀ ਦਸੀ ਜਾਂਦੀ ਹੈ। ਬਾਕੀ ਸਾਰੇ ਤਾਂ ਨਿਹੱਥੇ ਸਿੱਖ ਸ਼ਰਧਾਲੂ ਅਤੇ ਦਰਬਾਰ ਸਾਹਿਬ ਦੇ ਕਰਮਚਾਰੀ ਅਤੇ ਸੇਵਾਦਾਰ ਹੀ ਸਨ। ਬਹੁਤ ਸਾਰੇ ਸਿੱਖ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਪਗੜੀਆਂ ਉਤਾਰ ਕੇ, ਇਨ੍ਹਾਂ ਪਗੜੀਆਂ ਨਾਲ ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ, ਇਕ ਲਾਈਨ ਵਿੱਚ ਬਿਠਾ ਕੇ, ਪੂਰੀ ਬੇਰਹਿਮੀ ਨਾਲ ਸ਼ੂਟ ਕਰ ਦਿਤਾ ਗਿਆ। ਸਿੱਖ ਰੈਂਫ਼ਰੈਂਸ ਲਾਇਬਰੇਰੀ ਨੂੰ ਸਾੜ ਕੇ ਸੁਆਹ ਕਰ ਦਿਤਾ ਗਿਆ। ਦਰਬਾਰ ਸਾਹਿਬ ਦੇ ਨਾਲ ਪੰਜਾਬ ਵਿੱਚ 72 ਹੋਰ ਗੁਰਦੁਆਰਿਆਂ ਉੱਪਰ ਵੀ ਭਾਰਤੀ ਫ਼ੌਜ ਨੇ ਸਰਕਾਰ ਦੇ ਆਦੇਸ਼ ਅਨੁਸਾਰ ਹਮਲਾ ਕੀਤਾ, ਭਾਵੇਂ ਇਨ੍ਹਾਂ ਗੁਰਦੁਆਰਿਆਂ ਅੰਦਰ ਮੁਕਾਬਲਾ ਕਰਨ ਵਾਲਾ ਕੋਈ ਵੀ ਮੌਜੂਦ ਨਹੀਂ ਸੀ। ਫ਼ਿਰਕੂ ਭਾਵਨਾਵਾਂ ਨਾਲ ਪ੍ਰੇਰਿਤ ਫ਼ੌਜੀਆਂ ਨੇ ਸਿੱਖ ਨੌਜਵਾਨਾਂ ਦਾ ਜੋ ਕਤਲੇਆਮ ਕੀਤਾ, ਉਹ ਬਿਆਨ ਤੋਂ ਬਾਹਰ ਹੈ। ਇਥੇ ਵਰਣਨਯੋਗ ਹੈ ਕਿ ਇਨ੍ਹਾਂ ਦਿਲ-ਕੰਬਾਊ ਘਟਨਾਵਾਂ ਤੋਂ ਬਾਅਦ ਪੰਜਾਬ ਵਿੱਚ ਕੋਈ ਫ਼ਿਰਕੂ ਦੰਗੇ ਵੇਖਣ ਵਿੱਚ ਨਹੀਂ ਆਏ ਜਿਵੇਂ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖ-ਵਿਰੋਧੀ ਦੰਗੇ ਦਿੱਲੀ ਤੇ ਹੋਰ ਸ਼ਹਿਰਾਂ ਵਿੱਚ ਵੇਖੇ ਗਏ।

ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ’ਤੇ ਕੀਤੇ ਗਏ ਵਹਿਸ਼ੀ ਹਮਲਿਆਂ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿਤਾ। ਉਨ੍ਹਾਂ ਦੇ ਸਵੈਮਾਨ ’ਤੇ ਬਹੁਤ ਹੀ ਗਹਿਰੀ ਸੱਟ ਵੱਜੀ। ਇਸ ਦੀ ਪ੍ਰਵਾਹ ਨਾ ਕਰਦਿਆਂ ਸਰਕਾਰ ਨੇ ਪੰਜਾਬ ਵਿੱਚ ਜਬਰ ਜ਼ੁਲਮ ਦਾ ਦੌਰ ਜਾਰੀ ਰਖਿਆ। ਮਨੁੱਖੀ ਅਧਿਕਾਰਾਂ ਦਾ ਜੋ ਘਾਣ ਪੰਜਾਬ ਵਿੱਚ ਹੋਇਆ, ਉਸ ਦੀ ਮਿਸਾਲ ਸਾਰੇ ਦੇਸ਼ ਵਿੱਚ ਨਹੀਂ ਮਿਲਦੀ। ਆਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਅਪਣੀ ਗ਼ੁਲਾਮੀ ਅਤੇ ਬੇਬਸੀ ਦਾ ਅਹਿਸਾਸ ਹੋਣ ਲੱਗਾ। ਇਸ ਸਾਕੇ ਨੇ ਦੇਸ਼ ਦੀ ਧਰਮ ਨਿਰਪੱਖਤਾ ’ਤੇ ਬਹੁਤ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ। ਹੁਕਮਰਾਨਾਂ ਦੀ ਨਾਕਾਰਤਮਕ ਸਿਆਸਤ ਦਾ ਬਹੁਤ ਹੀ ਕੋਝਾ ਰੂਪ ਵੇਖਣ ਵਿੱਚ ਆਇਆ ਜਦੋਂ ਸਾਕੇ ਨਾਲ ਸਬੰਧਿਤ ਫ਼ੌਜੀ ਅਫ਼ਸਰਾਂ ਨੂੰ ਤਰੱਕੀ ਅਤੇ ਪੁਰਸਕਾਰ ਦਿਤੇ ਗਏ। ਇੰਦਰਾ ਗਾਂਧੀ ਦੀ ਫ਼ਿਰਕੂ ਵਿਚਾਰਧਾਰਾ ਬਹੁਤ ਹੀ ਚੰਡਾਲ ਰੂਪ ਧਾਰਨ ਕਰ ਗਈ ਸੀ। ਇਸ ਸਾਕੇ ਨਾਲ ਤਾਂ ਉਸ ਨੇ ਭਾਜਪਾ ਨੂੰ ਵੀ ਮਾਤ ਪਾ ਦਿਤੀ ਸੀ ਅਤੇ ਅਪਣਾ ਵੋਟ ਬੈਂਕ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਮਜ਼ਬੂਤ ਕਰ ਲਿਆ ਸੀ। ਹਿੰਦੂ ਉਸ ਨੂੰ ਮਾਂ ਦੁਰਗਾ ਦਾ ਅਵਤਾਰ ਸਮਝਣ ਲੱਗ ਪਏ ਸਨ ਅਤੇ ਸਾਰੇ ਦੇਸ਼ ਵਿੱਚ ਜੈ ਜੈਕਾਰ ਹੋਣ ਲੱਗ ਪਈ ਸੀ। ਸਰਕਾਰ ਨੇ ਅਪਣੀ ਸਫ਼ਾਈ ਪੇਸ਼ ਕਰਨ ਲਈ ਇੱਕ ਵਾਈਟ ਪੇਪਰ ਜਾਰੀ ਕੀਤਾ ਜੋ ਕਿ ਨਿਰਾ ਝੂਠ ਦਾ ਪੁਲੰਦਾ ਸੀ। ਇਸ ਵਿੱਚ ਸਿੱਖਾਂ ਨੂੰ ਖਲਨਾਇਕ ਵਜੋਂ ਪੇਸ਼ ਕੀਤਾ ਗਿਆ, ਜਿਨ੍ਹਾਂ ਤੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਦੱਸਿਆ ਗਿਆ। ਉਸ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਮੈਨੂੰ ਇਸ ਵਾਈਟ ਪੇਪਰ ਦਾ ਢੁਕਵਾਂ ਜਵਾਬ ਦੇਣ ਦੀ ਜ਼ਿੰਮੇਵਾਰੀ ਸੌਂਪੀ। ਮੈਂ ਸਿੱਖਾਂ ਦਾ ਪੱਖ ਪੇਸ਼ ਕਰਨ ਲਈ ਢਾਈ ਸਾਲ ਦੀ ਮਿਹਨਤ ਨਾਲ ‘ਟਰੁਥ ਅਬਾਊਟ ਪੰਜਾਬ’ ਨਾਂ ਦਾ ਦਸਤਾਵੇਜ਼ ਤਿਆਰ ਕੀਤਾ। ਇਹ ਰਲੀਜ਼ ਤਾਂ ਹੋ ਗਿਆ ਪਰ ਸਾਡੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜਿਨ੍ਹਾਂ ਨੇ ਬਿਨਾਂ ਸ਼ਰਤ ਭਾਜਪਾ ਨੂੰ ਹਰ ਹਾਲਤ ਵਿੱਚ ਸਮਰਥਨ ਦੇਣ ਦੀ ਕਸਮ ਖਾਧੀ ਹੋਈ ਸੀ, ਨੇ ਭਾਜਪਾ ਦੇ ਦਬਾਅ ਹੇਠ ਆ ਕੇ ਇਸ ਨੂੰ ਕਿਸੇ ਕਾਲ ਕੋਠੜੀ ਵਿੱਚ ਬੰਦ ਕਰ ਦਿੱਤਾ। ਇਹ ਤਾਂ ਹੈ ਸਾਡੇ ਲੀਡਰਾਂ ਦਾ ਹਾਲ!

ਇਹ ਆਪ ਹੀ ਸਭ ਤੋਂ ਵੱਧ ਕਸੂਰਵਾਰ ਹਨ। ਇਸੇ ਸੰਦਰਭ ਵਿੱਚ ਮੈਂ ਪਾਠਕਾਂ ਦਾ ਧਿਆਨ ਸੰਨ 1985 ਵਿੱਚ ਕੀਤੇ ਰਾਜੀਵ-ਲੌਂਗੋਵਾਲ ਸਮਝੌਤੇ ਵਲ ਦੁਆਉਣਾ ਚਾਹੁੰਦਾ ਹਾਂ। ਇਹ ਸਮਝੌਤਾ ਸਿਰਫ਼ ਲੋਕ ਵਿਖਾਵੇ ਲਈ ਸੀ। ਇਕ ਬਹੁਤ ਹੀ ਗੁਪਤ ਤਰੀਕੇ ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਨੂੰ ਗੱਲਬਾਤ ਦਾ ਸੱਦਾ ਦੇ ਕੇ ਅਤੇ ਰਾਜ ਸੱਤਾ ਦਾ ਲਾਲਚ ਦੇ ਕੇ ਇਸ ਸਮਝੌਤੇ ’ਤੇ ਦਸਤਖ਼ਤ ਕਰਵਾਏ ਗਏ। ਇਸ ਸਮਝੌਤੇ ਵਿੱਚ ਨਾ ਤਾਂ ਦਰਬਾਰ ਸਾਹਿਬ ਉਤੇ ਹੋਏ ਹਮਲੇ ਦਾ ਕੋਈ ਜ਼ਿਕਰ ਕੀਤਾ ਗਿਆ ਅਤੇ ਨਾ ਹੀ ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ ਉਠਾਇਆ ਗਿਆ। ਲਾਲਚ-ਵਸ ਹੋ ਕੇ ਸਿੱਖ ਲੀਡਰਾਂ ਨੇ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਆਪ ਹੀ ਪੁਟਵਾ ਕੇ ਹਰਿਆਣਾ ਦੇ ਸਪੁਰਦ ਕਰਨ ਦਾ ਵਚਨ ਦੇ ਦਿੱਤਾ। ਇਥੇ ਵਰਣਨਯੋਗ ਹੈ ਕਿ ਧਰਮ ਯੁੱਧ ਮੋਰਚੇ ਦਾ ਮੁੱਖ ਮੁੱਦਾ ਹੀ ਪੰਜਾਬ ਦੇ ਪਾਣੀਆਂ ਦਾ ਸੀ। ਸਮਝੌਤੇ ਅਨੁਸਾਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਵੀ ਪੰਜਾਬ ਨੂੰ ਨਾ ਮਿਲ ਸਕੇ। ਇਹ ਰਾਜਨੀਤਕ ਮੁੱਦੇ ਜਿਉਂ ਦੇ ਤਿਉਂ ਹੀ ਲਟਕਦੇ ਆ ਰਹੇ ਹਨ।

ਤਿੰਨ ਦਹਾਕੇ ਬੀਤ ਜਾਣ ’ਤੇ ਵੀ ਸਿੱਖਾਂ ਦੇ ਮਨਾਂ ਵਿੱਚ ਦਰਬਾਰ ਸਾਹਿਬ ’ਤੇ ਹੋਏ ਫ਼ੌਜੀ ਹਮਲੇ ਵਿਰੁਧ ਰੋਸ ਲਗਾਤਾਰ ਬਣਿਆ ਹੋਇਆ ਹੈ। ਸਿੱਖਾਂ ਦੇ ਜ਼ਖ਼ਮਾਂ ’ਤੇ ਮਰਹਮ ਲਾਉਣ ਦਾ ਕੋਈ ਵੀ ਯਤਨ ਨਹੀਂ ਕੀਤਾ ਗਿਆ। ਅਫ਼ਸੋਸ ਇਸ ਗੱਲ ਦਾ ਹੈ ਕਿ ਲੀਡਰਾਂ ਨੇ ਉਨ੍ਹਾਂ ਲੋਕਾਂ ਨਾਲ ਭਾਈਵਾਲੀ ਕਾਇਮ ਕੀਤੀ ਹੋਈ ਹੈ ਜਿਨ੍ਹਾਂ ਨੇ ਫ਼ੌਜੀ ਹਮਲੇ ਦਾ ਖੁਲ੍ਹ ਕੇ ਸਮਰਥਨ ਕੀਤਾ ਸੀ। ਅਹਿਮ ਸਵਾਲ ਇਹ ਉਠਦਾ ਹੈ ਕਿ ਅੱਜ ਦੀ ਸਥਿਤੀ ਵਿੱਚ ਸਿੱਖਾਂ ਨੂੰ ਕੀ ਕਰਨਾ ਚਾਹੀਦਾ ਹੈ। ਮੇਰੇ ਵਿਚਾਰਾਂ ਵਿੱਚ ਤਾਂ ਸਿੱਖ ਜਗਤ ਨੂੰ ਪੂਰੀ ਤਰ੍ਹਾਂ ਸੁਚੇਤ ਹੋ ਕੇ ਪ੍ਰਮੁੱਖ ਤੌਰ ’ਤੇ ਹੇਠ ਲਿਖੇ ਮੁੱਦਿਆਂ ’ਤੇ ਅਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ:

(1) ਜੂਨ 1984 ਦੇ ਖ਼ੂਨੀ ਸਾਕੇ ਨਾਲ ਸਬੰਧਿਤ ਸਾਰੇ ਖ਼ੁਫ਼ੀਆ ਦਸਤਾਵੇਜ਼ ਰਿਲੀਜ਼ ਕਰਵਾ ਕੇ, ਇਸ ਘਟਨਾ ਦੀ ਪੂਰੀ ਇਨਕੁਆਰੀ ਕੀਤੀ ਜਾਵੇ ਤਾਂਕਿ ਅਸਲੀਅਤ ਸਾਹਮਣੇ ਆ ਸਕੇ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਖੜਾ ਕੀਤਾ ਜਾ ਸਕੇ। 1919 ਦੇ ਜਲ੍ਹਿਆਂ ਵਾਲੇ ਬਾਗ਼ ਦੇ ਦਰਦਨਾਕ ਸਾਕੇ ਉਪ੍ਰੰਤ ਲੋਕਾਂ ਵਿੱਚ ਹਾਹਾਕਾਰ ਮਚਦੀ ਵੇਖ ਕੇ, ਅੰਗਰੇਜ਼ੀ ਸਰਕਾਰ ਨੇ ਵੀ ਹੰਟਰ ਕਮਿਸ਼ਨ ਨਾਮ ਦਾ ਇਨਕੁਆਰੀ ਕਮਿਸ਼ਨ ਸਥਾਪਤ ਕਰ ਦਿਤਾ ਸੀ। ਇਸ ਦੀ ਰੀਪੋਰਟ ਆਉਣ ਤੇ ਜਨਰਲ ਡਾਇਰ ਨੂੰ ਸੇਵਾ ਮੁਕਤ ਕਰ ਦਿਤਾ ਗਿਆ ਸੀ। ਜਲ੍ਹਿਆਂ ਵਾਲੇ ਬਾਗ਼ ਵਿੱਚ ਮ੍ਰਿਤਕਾਂ ਦੀ ਸੰਖਿਆ ਚਾਰ ਸੌ ਦੇ ਕਰੀਬ ਸੀ। ਦਰਬਾਰ ਸਾਹਿਬ ਤੇ ਫ਼ੌਜੀ ਹਮਲੇ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਸਿੱਖ ਮਾਰੇ ਗਏ। ਇਨ੍ਹਾਂ ਮ੍ਰਿਤਕਾਂ ਦੀ ਨਾ ਕੋਈ ਲਿਸਟ ਕੱਢੀ ਗਈ ਅਤੇ ਨਾ ਹੀ ਉਨ੍ਹਾਂ ਦੇ ਨਾਮ ਦੱਸੇ ਗਏ। ਏਨੇ ਵੱਡੇ ਸਾਕੇ ਦੀ ਨਿਰਪੱਖ ਇਨਕੁਆਰੀ ਜ਼ਰੂਰ ਹੋਣੀ ਚਾਹੀਦੀ ਹੈ।

(2) ਬ੍ਰਿਟਿਸ਼ ਸਰਕਾਰ ਨੂੰ ਵੀ ਅਪੀਲ ਕਰ ਕੇ ਪਤਾ ਲਗਾਇਆ ਜਾਵੇ ਕਿ ਉਨ੍ਹਾਂ ਦਾ ਇਸ ਸਾਕੇ ਵਿੱਚ ਕੀ ਰੋਲ ਸੀ। ਉਹ ਇਸ ਘਟਨਾ ਨਾਲ ਸਬੰਧ ਰੱਖਦੇ ਸਾਰੇ ਦਸਤਾਵੇਜ਼ ਜਲਦੀ ਤੋਂ ਜਲਦੀ ਮੁਹਈਆ ਕਰਵਾਉਣ ਤਾਂਕਿ ਜਾਂਚ ਮੁਕੰਮਲ ਹੋ ਸਕੇ।

(3) ਸਿੱਖਾਂ ਦਾ ਪੱਖ ਪੇਸ਼ ਕਰਨ ਲਈ ਅਕਾਲੀ ਦਲ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਤੇ ਦਬਾਅ ਪਾ ਕੇ ਵਾਈਟ ਪੇਪਰ ਕੱਢਿਆ ਜਾਵੇ। ਇਸ ਨੂੰ ਦਬਾਅ ਕੇ ਰੱਖਣ ਨਾਲ ਸਿੱਖਾਂ ਦਾ ਪੱਖ ਕਮਜ਼ੋਰ ਹੋ ਜਾਂਦਾ ਹੈ।

(4) ਪੰਜਾਬ ਸਰਕਾਰ ਇਸ ਸਾਕੇ ਸਬੰਧੀ ਅਸੈਂਬਲੀ ਵਿੱਚ ਮਤਾ ਪਾਸ ਕਰਵਾ ਕੇ ਪਾਰਲੀਮੈਂਟ ਅੱਗੇ ਮਾਫ਼ੀ ਮੰਗਣ ਦਾ ਪ੍ਰਸਤਾਵ ਪੇਸ਼ ਕਰੇ। ਕੈਨੇਡਾ ਦੀ ਮਿਸਾਲ ਸਾਹਮਣੇ ਹੈ। ਗ਼ਦਰ ਲਹਿਰ ਨਾਲ ਸਬੰਧਿਤ ਕਾਮਾਗਾਟਾ ਮਾਰੂ ਜਹਾਜ਼ ਦਾ ਕੈਨੇਡਾ ਤੋਂ ਵਾਪਸ ਮੋੜਿਆ ਜਾਣਾ ਅਤੇ ਬਜਬਜ ਘਾਟ ’ਤੇ ਹੋਈ ਗੋਲੀਬਾਰੀ ਦੀਆਂ ਦਰਦਨਾਕ ਘਟਨਾਵਾਂ ਨੇ ਕੈਨੇਡਾ ਸਰਕਾਰ ਵਿਰੁੱਧ ਜਿਹੜਾ ਰੋਸ ਪ੍ਰਗਟ ਕੀਤਾ ਸੀ, ਉਹ ਲੰਮੇ ਸਮੇਂ ਤਕ ਕਾਇਮ ਰਿਹਾ। ਮੌਜੂਦਾ ਸਮੇਂ ਵਿੱਚ ਜਦੋਂ ਕਿ ਪੰਜਾਬੀ, ਕੈਨੇਡਾ ਸਰਕਾਰ ਵਿੱਚ ਭਾਈਵਾਲ ਵਜੋਂ ਕੰਮ ਕਰ ਰਹੇ ਹਨ, ਇਨ੍ਹਾਂ ਨੇ ਸਰਕਾਰ ਨੂੰ ਗ਼ਲਤੀ ਦਾ ਅਹਿਸਾਸ ਕਰਵਾਇਆ। ਕੈਨੇਡਾ ਸਰਕਾਰ ਵੱਲੋਂ ਇਨ੍ਹਾਂ ਘਟਨਾਵਾਂ ਲਈ ਮਾਫ਼ੀ ਮੰਗ ਲਈ ਗਈ ਹੈ। ਜੇ ਵਿਦੇਸ਼ੀ ਸਰਕਾਰ ਐਨੇ ਲੰਮੇ ਸਮੇਂ ਬਾਅਦ ਮਾਫ਼ੀ ਮੰਗ ਸਕਦੀ ਹੈ ਤਾਂ ਅਪਣੇ ਹੀ ਦੇਸ਼ ਦੀ ਸਰਕਾਰ ਅਜਿਹਾ ਕਿਉਂ ਨਹੀਂ ਕਰ ਸਕਦੀ? ਸਮੂਹ ਸਿੱਖ ਜਥੇਬੰਦੀਆਂ ਨੂੰ ਇਹ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। 3 ਜੂਨ, 1984 ਦਾ ਸੋਗ ਭਰਿਆ ਦਿਨ ਇਹੀ ਸੰਦੇਸ਼ ਦਿੰਦਾ ਹੈ।

# ਇੱਕ ਬਹੁਭਾਸ਼ੀ ਸ਼੍ਰੋਮਣੀ ਲੋਕ ਕਵੀ ਜਨਾਬ ਆਜ਼ਾਦ ਜਲੰਧਰੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਪੰਜਾਬ ਦੀ ਧਰਤੀ ਪੀਰਾਂ, ਪੈਗੰਬਰਾਂ, ਭਗਤਾਂ ਤੇ ਸੂਫੀ ਦਰਵੇਸ਼ਾਂ ਦੀ ਧਰਤੀ ਹੈ। ਉਸੇ ਧਰਾਤਲ ਦੀ ਉਪਜ ਅਤੇ ਉਸੇ ਕਤਾਰ ਦਾ ਸੀ ਸਾਡਾ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ। ਬਚਪਣ ਵਿੱਚ ਹੀ ਪੰਜਾਬ ਦੀ ਧਰਤੀ ਦੀ ਧਾਰਮਿਕ ਚੇਤਨਾ ਨੇ ਉਸ ਦੇ ਬਾਲਪਨ ਮਨ ’ਤੇ ਗੁਰਬਾਣੀ ਦਾ ਅਜਿਹਾ ਅਸਰ ਕੀਤਾ ਕਿ ਗੁਰਬਾਣੀ ਉਸ ਦੇ ਹਿਰਦੇ ’ਤੇ ਉੱਕਰੀ ਗਈ। ਜਦ ਕਦੇ ਅੱਖਾਂ ਮੁੰਦ ਕੇ ਗੁਰਬਾਣੀ ਵਿੱਚ ਲੀਨ ਹੁੰਦਾ ਤਾਂ ਸੱਚਮੁੱਚ ਕੁਦਰਤ ਉਸ ’ਤੇ ਇਤਨੀ ਮਿਹਰਵਾਨ ਹੋ ਜਾਂਦੀ ਕਿ ਫਿਰ ਉਹ ਸੱਚੇ ਕਾਦਰ ਨੂੰ ਆਪਣੇ ਆਸ ਪਾਸ ਪਾਉਂਦਾ। ਉਹ ਕੁਦਰਤ ਵਿਚੋਂ ਕਾਦਰ ਨੂੰ ਵੇਖਦਾ ਅਤੇ ਲੋਕ ਪਿਆਰ ਵਿੱਚ ਲੀਨ ਹੋ ਜਾਂਦਾ। ਇਹ ਹਾਵ ਭਾਵ ਜਦ ਉਹ ਕਾਗਜ ’ਤੇ ਉਤਾਰਦਾ ਤਾਂ ਉਹ ਰੱਬ ਦੀ ਗੱਲ ਸਹਿਜ ਸੁਭਾਅ ਹੀ ਕਹਿ ਜਾਂਦਾ। ਜਦੋਂ ਕੋਈ ਲੇਖਕ ਪ੍ਰਭੂ ਦੀ ਉਸਤੱਤ ਲਿਖਦਾ ਹੈ, ਉਸ ਵੇਲੇ ਉਸ ਦਾ ਮਨ ਪੂਰੀ ਤਰ੍ਹਾਂ ਪ੍ਰਭੂ ਨਾਲ ਜੁੜਿਆ ਹੁੰਦਾ ਸੀ।

ਆਜ਼ਾਦ ਸਾਹਿਬ ਦਾ ਜਨਮ 12 ਜਨਵਰੀ 1933 ਵਿੱਚ ਜਲੰਧਰ ਜ਼ਿਲ੍ਹੇ ਦੇ ਸ਼ਹਿਰ ਗੁਰਾਇਆ ਨੇੜੇ ਪਿੰਡ ਬੜਾ ਪਿੰਡ, ਜਿਸ ਦਾ ਇਤਿਹਾਸਕ ਨਾਮ ਕੁਲੇਤਾ ਹੈ, ਵਿਖੇ ਹੋਇਆ। ਪਿਤਾ ਕਿਸ਼ਨ ਸਿੰਘ ਸੁੰਮਨ ਤੇ ਮਾਤਾ ਜੀ ਠਾਕੁਰ ਕੌਰ ਸਨ। ਬਚਪਨ ਦਾ ਨਾਉਂ ਕਿਹਰ ਸਿੰਘ ਸੁੰਮਨ ਸੀ। ਇਹ ਪਿੰਡ ਬੁਨਿਆਦੀ ਸਹੂਲਤਾਂ ਦੇ ਨਾਲ ਨਾਲ ਅਧਿਆਤਮਕ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਰਿਹਾ ਹੈ। ਜਿੱਥੇ ਆਜ਼ਾਦੀ ਘੁਲਾਟੀਏ ਜੁਆਲਾ ਸਿੰਘ ਸਰਗਰਮ ਸਨ। ਉਹਨਾਂ ਦਿਨਾਂ ਵਿੱਚ ਮਿਹਨਤ ਹਿੰਮਤ ਆਪਸੀ ਭਾਈਚਾਰੇ ਲਈ ਬੜਾ ਪਿੰਡ ਬਹੁਤ ਪ੍ਰਸਿੱਧ ਸੀ। ਅਜਿਹੇ ਮਾਹੌਲ ਦਾ ਪ੍ਰਭਾਵ ਆਜ਼ਾਦ ਸਾਹਿਬ ’ਤੇ ਬਹੁਤ ਪਿਆ। ਆਪ ਦੇ ਪਿਤਾ ਜੀ ਇੱਕ ਮਾਮੂਲੀ ਮਜਦੂਰ ਸਨ। ਜੋ ਬੜੇ ਰਹਿਮ ਦਿਲ ਅਤੇ ਪਰਮਾਤਮਾ ਵਿੱਚ ਵਿਸ਼ਵਾਸ ਰੱਖਣ ਵਾਲੇ ਸਨ। ਜੋ ਵੱਡੇ ਪ੍ਰਵਾਰ ਦਾ ਗੁਜਾਰਾ ਬੜੀ ਮਿਹਨਤ ਨਾਲ ਚਲਾਉਂਦੇ ਸਨ। ਆਪ ਜੀ ਦੇ ਮਾਤਾ ਜੀ ਬੜੀ ਤੀਬਰ ਬੁੱਧੀ ਅਤੇ ਪ੍ਰਭਾਵ ਸ਼ਾਲੀ ਸ਼ਖਸ਼ੀਅਤ ਸਨ। ਕਿਸੇ ਵੀ ਕੰਮ ਲਈ ਪਿੰਡ ਦੇ ਲੋਕ ਉਹਨਾਂ ਪਾਸੋਂ ਹੀ ਸਲਾਹ ਲੈਂਦੇ ਸਨ। ਉਹਨਾਂ ਦਾ ਬਚਪਨ ਕੱਚੀਆਂ ਕੰਧਾਂ, ਘੁੱਪ ਹਨੇਰਾ ਤੇ ਗਰੀਬੀ ਦੇ ਸਾਏ ਹੇਠ ਬਤੀਤ ਹੋਇਆ। ਉਹਨਾਂ ਦੀ ਲਗਨ ਪਰਮਾਤਮਾ ਨਾਲ ਲੱਗ ਗਈ ਸੀ। ਇਲਾਕੇ ਦੇ ਇਰਦ ਗਿਰਦ ਮੰਦਰ, ਮਸਜਿਦਾਂ ਤੇ ਗੁਰਦੁਆਰਾ ਸਨ। ਜਿੱਥੇ ਜਾ ਕੇ ਧਾਰਮਿਕ ਪ੍ਰਵਚਨ ਸੁਣਦੇ ਸਨ। ਧਾਰਮਿਕ ਗੀਤ ਅਤੇ ਗੁਰਬਾਣੀ ਸਰਵਣ ਕਰਦਿਆਂ ਉਹ 9 ਸਾਲ ਦੀ ਉਮਰ ਵਿੱਚ ਹੀ ਗੀਤ ਲਿਖ ਕੇ ਗਾਉਣ ਲੱਗੇ ਸਨ।

ਰਾਮਗੜ੍ਹੀਆ ਹਾਈ ਸਕੂਲ ਫਗਵਾੜਾ ਤੋਂ ਪੜ੍ਹਾਈ ਕਰਕੇ ਸੰਨ 1950 ਵਿੱਚ ਦਿੱਲੀ ਜਾ ਕੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵਿੱਚ ਨੌਕਰੀ ਕਰ ਲਈ। ਉਹਨਾਂ ਨੂੰ ਪੰਜਾਬੀ, ਹਿੰਦੀ, ਉਰਦੂ,ਫਾਰਸੀ ਦਾ ਗਿਆਨ ਸੀ। ਸਾਹਿਤ ਤਾਂ ਉਹ ਪਹਿਲਾਂ ਵੀ ਪੜਦੇ ਸਨ। ਦਿੱਲੀ ਵਸਦਿਆਂ ਬਕਾਇਦਾ ਤੌਰ ਤੇ ਸਾਹਿਤ ਦਾ ਸਫਰ ਸ਼ੁਰੂ ਹੋਇਆ। ਦਿੱਲੀ ਵਸਦੇ ਉਘੇ ਸਾਹਿਤਕਾਰਾਂ, ਸੰਗੀਤਕਾਰਾਂ, ਗਾਇਕਾਂ, ਫਨਕਾਰਾਂ ਦਾ ਗੜ੍ਹ ਸੀ। ਜਿਥੇ ਜਾ ਕੇ ਉਹ ਉਹਨਾਂ ਨਾਲ ਜੁੜ ਗਏ। ਉਥੇ ਪੈਰਾਡਾਇਸ ਕਲੱਬ ਬਣਾਇਆ। ਕਈ ਵੱਡੇ ਸੰਮੇਲਨਾ ਵਿੱਚ ਹਿੱਸਾ ਲਿਆ। ਗੁਰਬਾਣੀ ਕੀਰਤਨ ਸੁਣਦੇ ਸੁਣਦੇ ਰੂਹਾਨੀ ਸਾਹਿਤ ਵਿੱਚ ਵੀ ਰੁਚੀ ਵੱਧਦੀ ਗਈ ਅਤੇ ਹਰ ਸਾਹਿਤਕ ਖੇਤਰ ਵਿੱਚ ਵੀ ਉਤਸ਼ਾਹ ਵਧਦਾ ਗਿਆ। ਗੁਰੂ ਘਰਾਂ ਵਿੱਚ ਕੀਰਤਨ ਦੀ ਸੇਵਾ ਵੀ ਨਿਭਾਈ। ਫਿਰ ਨਾਲ ਹੀ ਸਾਹਿਤ ਖੇਤਰ ਦੇ ਮਸ਼ਹੂਰ ਲੇਖਕਾਂ ਨਾਲ ਸੰਪਰਕ ਹੋ ਗਿਆ। ਪੰਡਿਤ ਲਾਲਾ ਚੰਦ ਚਿਨਿਊਟੀ ਨੂੰ ਉਸਤਾਦ ਮਨ ਲਿਆ। ਜਿਨਾਂ ਨੇ ਬੜੇ ਪਿਆਰ ਨਾਲ ਸ਼ਾਇਰੀ ਦੇ ਗੁਣ ਸਿਖਾਏ। ਉਪਰੰਤ ਜਿਨਾਂ ਸ਼ਾਇਰਾਂ ਦੀ ਸੰਗਤ ਕੀਤੀ ਜਿਵੇਂ ਲਾਲ ਚੰਦ ਫਲਕ, ਉਸਤਾਦ ਮਿਲਖੀ ਰਾਮ, ਗਿਆਨ ਚੰਦ ਧਵਨ, ਪੰਡਤ ਕੰਸ ਰਾਜ ਗੋਹਰ, ਡਾ. ਹਰਿਭਜਨ ਸਿੰਘ, ਪ੍ਰੀਤਮ ਸਿੰਘ ਸਫੀਰ, ਅੰਮ੍ਰਿਤ ਦਸੂਹਵੀ, ਚੰਨ ਨਨਕਾਣਵੀ, ਚਾਨਣ ਗੋਬਿੰਦਪੁਰੀ, ਪ੍ਰਕਾਸ਼ ਸਾਥੀ, ਸੰਸਾਰ ਸਿੰਘ ਗਰੀਬ, ਆਦਿਕ ਨਾਲ ਧਾਰਮਿਕ ਅਤੇ ਸਮਾਜਿਕ ਕਵੀ ਦਰਬਾਰ ਨਿਭਾਏ।

ਫਿਰ ਸਾਹਿਤਕ ਮੰਚ ਨੂੰ ਅਧਿਆਤਮਕ ਮੰਚ ਵੱਲ ਤੋਰ ਲਿਆ। ਸੂਫੀ ਮੱਤ ਦੇ ਗੀਤ ਗਜ਼ਲਾਂ ਲਿਖ ਕੇ ਗਾਉਣ ਲੱਗੇ। ਸ਼ਾਇਰੀ ਵਿੱਚ ਲੋਕਾਂ ਦੀ ਗੱਲ ਕੀਤੀ। ਸਾਹਿਤ ਨੂੰ ਸਮਾਜ ਸੇਵਾ ਦੇ ਲੇਖੇ ਲਾ ਦਿੱਤਾ। ਪੰਜਾਬੀ ਉਰਦੂ ਅਤੇ ਹਿੰਦੀ ਵਿੱਚ ਡੇਢ ਦਰਜਨ ਤੋਂ ਵੱਧ ਪੁਸਤਕਾਂ ਛਪੀਆਂ ਹਨ। ਅਦਬੀ ਸ਼ਾਇਰਾਂ ਦੀ ਸੰਗਤ ਅਤੇ ਰੂਹਾਨੀ ਰੰਗਤ ਵਿੱਚ ਰੰਗੇ ਇਸ ਅਧਿਆਤਮਕ ਸ਼ਾਇਰ ਦੀ ਸ਼ਾਇਰੀ ਦਾ ਦਾਇਰਾ ਦਿੱਲੀ ਖੇਤਰ ਤੋਂ ਇਲਾਵਾ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉਤਰ ਪ੍ਰਦੇਸ਼, ਬੰਬਈ ਤੱਕ ਫੈਲ ਗਿਆ। ਹਿੰਦੀ ਫ਼ਿਲਮਾਂ ਲਈ ਗੀਤ ਲਿਖੇ, ਜਿਹਨਾਂ ਨੂੰ ਨਾਮਵਰ ਗਾਇਕਾਂ ਨੇ ਆਵਾਜ਼ ਦਿੱਤੀ ਹੈ, ਜਿਵੇਂ ਭੁਪਿੰਦਰ, ਮਿਤਾਲੀ, ਸੁਰੇਸ਼ ਵਾਡਗਰ, ਸਾਧਨਾ ਸਰਗਮ, ਮੁਹੰਮਦ ਅਜੀਜ, ਉਦਿਤ ਨਰਾਇਣ, ਕੁਮਾਰ ਸ਼ਾਨੂੰ, ਅਲਿਕਾ ਯਾਗਨਿਕ, ਕ੍ਰਿਸ਼ਨਾ ਮੂਰਤੀ, ਅਭਿਜੀਤ, ਸਾਧਨਾ ਮੁਖਰਜੀ ਆਦਿ।

ਸੰਨ 1957 ਵਿੱਚ ਗ੍ਰਹਿ ਮੰਤਰਾਲੇ ਦੇ ਮੁਲਾਜਮਾਂ ਵੱਲੋਂ ਸਲਾਨਾ ਕਵਿਤਾ ਮੁਕਾਬਲਿਆਂ ਵਿੱਚ ਹਿੱਸਾ ਲਿਆ। ਪ੍ਰਬੰਧਕੀ ਬੋਰਡ ਵਿੱਚ ਵੀ ਕੰਮ ਕੀਤਾ। ਉਦੋਂ ਵੀ ਕਈ ਕਵੀਆਂ ਨਾਲ ਮੁਲਾਕਾਤ ਹੋਈ ਜਿਵੇਂ ਜਿਗਰ ਮੁਰਾਦਾਬਾਦੀ, ਸਾਗਰ ਨਿਜਾਮੀ, ਮਖਮੂਹ ਦੇਹਲਵੀ, ਨਰੇਸ਼ ਕੁਮਾਰ ਸ਼ਾਦ, ਗੁਲਜ਼ਾਰ ਦੇਹਲਵੀ, ਹਰਵੰਸ ਰਾਏ ਬਚਨ, ਨੀਰਜ, ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਭਾਈਆ ਈਸ਼ਰ ਸਿੰਘ, ਗੁਰਮੁੱਖ ਸਿੰਘ ਮੁਸਾਫਿਰ ਆਦਿ। ਮੁਕਾਬਲਿਆਂ ਵਿੱਚ 1958,1959,1962 ਵਿੱਚ ਜੇਤੂ ਰਹੇ। ਬਹੁਤ ਸਾਰੀਆਂ ਸਭਾਵਾਂ ਨੇ ਸਨਮਾਨਿਤ ਵੀ ਕੀਤਾ। ਸੰਨ 1956 ਵਿੱਚ ਪੰਜਾਬੀ ਕਵੀ ਸਭਾ ਦਿੱਲੀ ਦਾ ਜਨਰਲ ਸਕੱਤਰ ਰਹੇ। ਸੰਨ 1958 ਵਿੱਚ ਹਿੰਦੀ ਮਾਸਕ ਰਸਾਲਾ ਗੰਗੋਤਰੀ ਸ਼ੁਰੂ ਕੀਤਾ। ਸੰਨ 1998 ਵਿੱਚ ਦਿੱਲੀ ਤੋਂ ਤ੍ਰੈਮਾਸਿਕ ਰਸਾਲਾ ਮਮਨਦੀਪ ਸ਼ੁਰੂ ਕੀਤਾ।

ਸੰਨ 1978 ਵਿੱਚ ਅਮਰੀਕਾ ਕੈਲੀਫ਼ੋਰਨੀਆ ਦੇ ਸਿਲੀਕਾਨ ਵੈਲੀ ਦੇ ਇਲਾਕੇ ਸੈਨਹੋਜੇ ਸ਼ਹਿਰ ਵਿੱਚ ਪਤਨੀ ਬੱਚਿਆਂ ਦੇ ਨਾਲ ਰਹਿਣਾ ਸ਼ੁਰੂ ਕੀਤਾ। ਉਹਨਾਂ ਦਿਨਾਂ ਵਿੱਚ ਗੁਰੂ ਘਰਾਂ ਵਿੱਚ ਪਾਠੀ ਸਿੰਘ ਅਤੇ ਕੀਰਤਨੀਆਂ ਦੀ ਘਾਟ ਸੀ। ਇਸ ਲਈ ਇਹਨਾਂ ਖੁਦ ਕੀਰਤਨ ਦੀ ਸੇਵਾ ਨਿਭਾਈ। ਸਾਹਿਤਕ, ਸੱਭਿਆਚਾਰਕ, ਧਾਰਮਿਕ ਸੰਸਥਾਵਾਂ ਵਿੱਚ ਸ਼ਿਰਕਤ ਕੀਤੀ। ਲੋਕ ਗਾਇਕ ਹਰਿਭਜਨ ਸਿੰਘ ਭਜਨ ਨਾਲ ਸ਼ਾਨ ਏ ਪੰਜਾਬ ਸੰਗੀਤ ਗਰੁੱਪ ਬਣਾਇਆ। ਜਿਥੇ ਕਈ ਗਾਇਕਾਂ ਨੇ ਉਹਨਾਂ ਦੇ ਲਿਖੇ ਗੀਤ ਗਾਏ ਤੇ ਕੈਸਟਾਂ ਵੀ ਕੱਢੀਆਂ। ਜਿਵੇਂ ਸਤਪਾਲ ਦਿਉਲ, ਸੋਹਣ ਸਿੰਘ ਢੋਲਾ, ਹਰਿਭਜਨ ਸਿੰਘ ਭਜਨ ਆਦਿ। ਭਾਈਚਾਰਕ ਸੰਸਥਾਵਾਂ ਵਿੱਚ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਵਜੋਂ ਮਸ਼ਹੂਰ ਹੋਏ।

ਆਜ਼ਾਦ ਸਾਹਿਬ ਨਾਲ ਮੇਰਾ ਸਾਥ ਮਈ 1995 ਤੋਂ ਸੀ। ਭਾਈਚਾਰਕ ਸਮਾਗਮਾਂ ਵਿੱਚ ਵਿਚਰਦੇ ਰਹਿਣ ਨਲ ਸਮਕਾਲੀ ਸਾਹਿਤਕਾਰ ਨਾਲ ਨੇੜਤਾ ਵਧਦੀ ਗਈ। ਫੋਨ ’ਤੇ ਗੱਲਾਂ ਵੀ ਹੁੰਦੀਆਂ ਸਨ। ਕਈ ਕੁਝ ਸਿੱਖਣ ਨੂੰ ਮਿਲਿਆ। ਲੇਖਣੀ ਦੇ ਸਫਰ ਵਿੱਚ ‘ਜੰਗ ਸਿੰਘ ਗਿਆਨੀ ਅਤੇ ਆਜ਼ਾਦ ਜਲੰਧਰੀ’ ਅਭਿਨੰਦਰ ਗ੍ਰੰਥੀ ਨੂੰ ਲਿਖਣ ਵਿੱਚ ਅਸੀਂ ਤਿੰਨਾ ਨੇ ਬੜਾ ਕੰਮ ਕੀਤਾ। ਅਖੀਰ ਮੇਰੇ ਵੱਲੋਂ ਸਾਰਾ ਮਸੌਦਾ ਤਿਆਰ ਕਰਕੇ ਛੱਪਣ ਲਈ ਭੇਜਿਆ ਗਿਆ। ‘ਪੰਜਾਬੀ ਪਬਲੀਕੇਸ਼ਨ ਟਰੱਸਟ ਦੀ ਸਥਾਪਨਾ 16 ਨਵੰਬਰ 2004 ਨੂੰ ਕੀਤੀ। ਜਿਸਦਾ ਮਨੋਰਥ ਸੀ ਅਣਛਪਿਆ ਸਾਹਿਤ ਛਾਪ ਕੇ ਪ੍ਰਚਾਰ ਕੀਤਾ ਜਾਵੇ ਜਿਹੜੇ ਲੇਖਕ ਮਾਲੀ ਔਂਕੜਾਂ ਜਾਂ ਹੋਰ ਕਿਸੇ ਕਾਰਨ ਆਪਣਾ ਸਾਹਿਤ ਨਹੀਂ ਛਪਵਾ ਸਕੇ, ਦੀ ਮਦਦ ਕੀਤੀ ਜਾਵੇ। ਜੂਨ 25,2003 ਦੇ ਟਰੱਸਦ ਦੇ ਪਹਿਲੇ ਸਮਾਗਮ ਵਿਚ ਅਭਿਨੰਦਨ ਗ੍ਰੰਥ ਲੋਕ ਅਰਪਣ ਹੋਇਆ। ਟਰਸਟ ਦੀ ਸਥਾਪਨਾ ਦੇ ਪਿਛੋਕੜ ਵਿੱਚ ਕੰਮ ਕਰਨ ਦੇ ਨਾਲ ਨਾਲ ਮੇਰੇ ਵਲੋਂ ਸਮਾਗਮ ਦੇ ਪ੍ਰਬੰਧ ਤੋਂ ਲੈ ਕੇ ਜਨਰਲ ਸਕੱਤਰ, ਮੰਚ ਸੰਚਾਲਕ ਅਤੇ ਪ੍ਰੈਸ ਸਕੱਤਰ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ ਗਈਆਂ। ਪ੍ਰੌਡ ਸਾਹਿਤਕਾਰਾਂ ਤੋਂ ਮਿਲੇ ਉਤਸ਼ਾਹ ਨਾਲ ਹੀ ਮੈਂ ਆਪਣੀ ਸਦਾ ਲਈ ਵਿਛੜੀ ਧੀ ਦੀ ਯਾਦ ਵਿੱਚ ਗਿੰਨੀ ਸ੍ਰਿਮਤੀ ਗ੍ਰੰਥ ਦੀ ਸੰਪਾਦਨਾ ਕੀਤੀ। ਉਪਰੰਤ 3 ਕਾਵਿ ਸੰਗ੍ਰਹਿ , 2 ਇਤਿਹਾਸ ਦੀਆਂ ਪੁਸਤਕਾਂ ਅਤੇ ਇੱਕ ਇਤਿਹਾਸ ਦੀ ਪੁਸਤਕ ਛਪਾਈ ਅਧੀਨ ਹੈ। ਮੇਰੇ ਇਸ ਲੇਖਣੀ ਦੇ ਸਫਰ ਵਿੱਚ ਆਜ਼ਾਦ ਸਾਹਿਬ ਦਾ ਹਮੇਸ਼ਾ ਸਾਥ ਰਿਹਾ। ਉਹਨਾਂ ਮੇਰੀਆਂ ਕੁਝ ਪੁਸਤਕਾਂ ਦੇ ਮੁੱਖ ਬੰਦ ਵੀ ਲਿਖੇ, ਇੱਕ ਕਵਿਤ ‘ਕਵੀ ਪ੍ਰਵਾਨਾ’ ਲਿਖੀ ਜੋ ਸਾਹਿਤ ਖੇਤਰ ਵਿੱਚ ਬੜੀ ਮਕਬੂਲ ਹੋਈ। ਸਾਡਾ ਸਾਥ ਇੱਕ ਪ੍ਰਵਾਰਕ ਮੈਂਬਰ ਵਾਂਗ ਹੀ ਸੀ। ਉਹ ਮੈਨੂੰ ਪਿਆਰਾ, ਅਜੀਜ ਸਾਹਿਤਕਾਰ ਬੁਲਾਉਂਦੇ ਸਨ। ਪੰਜਾਬੀ ਮਾਂ ਬੋਲੀ ਪ੍ਰਤੀ ਮੇਰੇ ਵੱਲੋਂ ਨਿਭਾਈਆਂ ਸੇਵਾਵਾਂ ਤੇ ਮਾਣ ਕਰਦਿਆਂ ਮੈਨੂੰ ਪ੍ਰਵਾਨਾ ਤਖਲਸ ਦਿੱਤਾ। ਜੋ ਹਮੇਸ਼ਾ ਲਈ ਉਹਨਾਂ ਦੀ ਯਾਦ ਨਾਲ ਜੁੜਿਆ ਰਹੇਗਾ। ਆਜ਼ਾਦ ਸਾਹਿਬ ਜੀ ਦੀ ਇੱਕ ਅਜੀਮ ਨਜ਼ਮ ਸਾਂਝੀ ਕਰਨ ਦਾ ਮਾਣ ਮਹਿਸੂਸ ਕਰ ਰਿਹਾ ਹਾਂ।

ਹਰ ਸਾਲ ਨਵਾਂ ਦਿਨ ਜੀਵਨ ਦਾ, ਇੱਕ ਸਾਲ ਘਟਾ ਕੇ ਤੁਰ ਜਾਂਦਾ, ਕੀ ਖੱਟਿਆ ਅਤੇ ਗਵਾਇਆ ਏ,ਸ਼ੀਸ਼ਾ ਦਿਖਲਾ ਕੇ ਤੁਰ ਜਾਂਦਾ, ਕਈਆਂ ਨੂੰ ਆਪਾਂ ਛੱਡ ਆਏ, ਕਈ ਸਾਨੂੰ ਛੱਡ ਕੇ ਤੁਰ ਗਏ ਨੇ, ਵਿਛੜੇ ਹੋਏ ਸੱਜਣਾਂ ਮਿੱਤਰਾਂ ਦੀ, ਫਿਰ ਯਾਦ ਦਿਲਾ ਕੇ ਤੁਰ ਜਾਂਦਾ, ਇਹ ਜੀਵਨ ਬੜਾ ਅਮੁੱਲਾ ਏ, ਨਫਰਤ ਵਿੱਚ ਮਤ ਬਰਬਾਦ ਕਰੋ, ਰਲ ਮਿਲ ਕੇ ਬੈਠਣ ਦਾ ਸਾਨੂੰ, ਇਹ ਸਬਕ ਪੜ੍ਹਾ ਕੇ ਤੁਰ ਜਾਂਦਾ, ਜਿਸ ਘਰ ਵਿੱਚ ਗੁਰਬਤ ਵੱਸਦੀ ਏ, ਉਸ ਘਰ ਵਿੱਚ ਨਵਾਂ ਪੁਰਾਣਾ ਕੀ, ਇਹ ਦਿਨ ਵੀ ਆਮ ਦਿਨਾਂ ਵਾਂਗਰ, ਆਉਂਦਾ ਏ ਆ ਕੇ ਤੁਰ ਜਾਂਦਾ, ਸੁਣਿਆ ਏ ਘਰ ਜਰਦਾਰਾਂ ਦੇ, ਇਹਦਾ ਬੜਾ ਸੁਆਗਤ ਹੁੰਦਾ ਏ, ਜਦ ਘਰ ਮੁਫਲਿਸ ਦੇ ਆਉਂਦਾ ਏ, ਕੰਨੀ ਖਿਸਕਾ ਕੇ ਤੁਰ ਜਾਂਦਾ, ਰਿਸ ਰਿਸ ਕੇ ਟੁੱਟੇ ਘਟ ਵਿਚੋਂ, ਆਖਿਰ ਜਿਉਂ ਪਾਣੀ ਮੁੱਕ ਜਾਂਦਾ,ਇੱਕ ਦਿਨ ਇਹ ਸਾਹ ਵੀ ਮੁੱਕ ਜਾਣੇ, ਸਾਨੂੰ ਸਮਝਾ ਕੇ ਤੁਰ ਜਾਂਦਾ, ਵਿਗਿਆਨ ਦੀਆਂ ਅੱਜ ਖੋਜ਼ਾਂ ਨੂੰ ਖਤਰਾ ਏ ਦਹਿਸ਼ਤਗਰਦਾਂ ਤੋਂ, ਆਜ਼ਾਦ ਰਹੋ , ਹੁਸ਼ਿਆਰ ਜਰਾ, ਸੁੱਤਿਆਂ ਨੂੰ ਜਗਾ ਕੇ ਤੁਰ ਜਾਂਦਾ।



ਪ੍ਰਮਿੰਦਰ ਸਿੰਘ ਪ੍ਰਵਾਨਾ ਅਤੇ ਗਿਆਨੀ ਜੰਗ ਸਿੰਘ ਜੀ ਦੇ ਸਨਮਾਨ ਸਮਾਰੋਹ ਵਿਚ ਖੜ੍ਹੇ ਹਨ: ਪ੍ਰਮਿੰਦਰ ਸਿੰਘ ਪ੍ਰਵਾਨਾ, ਗਿਆਨੀ ਜੰਗ ਸਿੰਘ ਜੀ ਅਤੇ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਜੀ।

ਆਜ਼ਾਦ ਸਾਹਿਬ ਦੀ ਸ਼ਾਇਰੀ ਨੌਜਵਾਨ ਉਭਰਦੇ ਲਿਖਾਰੀਆਂ ਲਈ ਸਦਾ ਪ੍ਰੇਰਣਾ ਕਰਦੀ ਰਹੇਗੀ ਕਿ ਇੱਕ ਅਨਪੜ ਗਰੀਬ ਮਜਦੂਰ ਬਾਪ ਦੇ ਘਰ ਪੈਦਾ ਹੋ ਕੇ ਸ਼ਰਧਾ ਅਤੇ ਵਿਸ਼ਵਾਸ਼ ਰੱਖਣ ਵਾਲਾ ਸੰਸਕਾਰ ਬੱਚਾ ਕਿਵੇਂ ਗੁਰੂ ਨਾਨਕ ਦੇਵ ਸਾਹਿਬ ਜੀ ਦੀਆਂ ਰਹਿਮਤਾਂ ਦਾ ਪਾਤਰ ਬਣਿਆ। ਆਪਣੇ ਆਤਮ ਵਿਸ਼ਵਾਸ ਏ ਸਤਿਗੁਰੂ ਦੀਆਂ ਰਹਿਮਤਾਂ ਸਦਕਾ ਹਿੰਦੂਆਂ ਸਿੱਖਾਂ, ਮੁਸਲਮਾਨਾਂ ਅਤੇ ਹਰੇਕ ਵਰਗ ਦੇ ਭਾਈਚਾਰੇ ਦੇ ਪ੍ਰਸਿੱਧ ਸੂਫੀ ਲਿਖਾਰੀਆਂ ਦੀ ਸਫ਼ ਵਿੱਚ ਜਾ ਖਲੋਤਾ। ਇੱਕ ਦਰਵੇਸ਼ ਸ਼੍ਰੋਮਣੀ ਲੋਕ ਕਵੀ ਦਾ ਮਾਣ ਪ੍ਰਾਪਤ ਕੀਤਾ। ਕਈ ਸੰਗੀਤਕ, ਸੱਭਿਆਚਾਰਕ , ਸਾਹਿਤਕ ਸੰਸਥਾਵਾਂ ਵੱਲੋਂ ਸਨਮਾਨਿਆ ਗਿਆ। ਸਾਨੂੰ ਸਾਰੇ ਪੰਜਾਬੀਆਂ ਨੂੰ ਇਸ ਗੱਲ ਦਾ ਮਾਣ ਰਹੇਗਾ ਕਿ ਵਿਸ਼ਵ ਪ੍ਰਸਿੱਧ ਹਜ਼ਾਰਾਂ ਗੀਤਾਂ, ਗਜ਼ਲਾਂ, ਫਿਲਮੀ ਗਾਣਿਆਂ, ਕਈ ਪੁਸਤਕਾਂ ਦਾ ਲਖਾਇਕ ਬਹੁਭਾਸ਼ੀ ਦਰਵੇਸ਼ ਲੋਕ ਕਵੀ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਸਾਡੇ ਪੰਜਾਬ ਦਾ ਜੰਮਪਲ ਸੀ। ਆਜ਼ਾਦ ਸਾਹਿਬ ਨੇ 7 ਦਹਾਕੇ ਤੋਂ ਵੱਧ ਆਪਣੀ ਲੇਖਣੀ ਨਾਲ ਸਮਾਜ ਦੀ ਸੇਵਾ ਕੀਤੀ ਹੈ।

ਬੰਦ ਗਲੇ ਵਾਲੇ ਕੋਟ ਵਾਲਾ ਬੇਸਵਾਲ ਦੀ ਟੋਪੀ ਵਾਲਾ, ਇੱਕ ਡੂੰਘੀ ਮੁਸਕਰਾਹਟ ਅਤੇ ਨਜਰਾਂ ਵਿੱਚ ਰੂਹਾਨੀ ਚਮਕ ਵਾਲਾ, ਹਲੀਮੀ ਵਾਲਾ, ਨਰਮ ਬੋਲਣ ਵਾਲਾ ਖਿੜੇ ਮੱਥੇ ਮਿਲਣ ਵਾਲਾ, ਦੂਜਿਆਂ ਦਾ ਸਤਿਕਾਰ ਕਰਨ ਵਾਲਾ ਅਤੇ ਮਨੁੱਖਤਾ ਦੀ ਤਰੱਕੀ ਅਮਨ ਸ਼ਾਂਤੀ ਦੀ ਗੱਲ ਕਰਨ ਵਾਲਾ ਇੱਕ ਮੁਕੰਮਲ ਇਨਸਾਨ ਸੀ। ਭਾਵੇਂ ਪ੍ਰਬੰਧਕੀ ਹੱਥਾਂ ਦੀਟਾਂ ਚਾਲਾਂ ਤੋਂ ਚਿੰਤਾਤੁਰ ਜ਼ਰੂਰ ਸੀ। ਆਪਣੇ ਅੰਤਰੀਵ ਭਾਵ ਵਿੱਚ ਫਿਕਰਮੰਦ ਸੀ ਕਿ ਲੋਕ ਕਦਰਾਂ ਕੀਮਤਾਂ ਨੂੰ ਭੁਲਦੇ ਜਾ ਰਹੇ ਹਨ। ਦੁਨੀਆਂ ਡਰ ਅਤੇ ਦਹਿਸ਼ਤ ਵੱਲ ਵੱਧਦੀ ਜਾ ਰਹੀ ਹੈ ਦਾ ਸੰਕੇਤ ਦੇ ਕੇ ਉਮਰ ਭਰ ਦੁਨੀਆਂ ਨੂੰ ਸੁਚੇਤ ਕਰਦਾ ਰਿਹਾ।

ਉਹਨਾਂ ਦਾ 25 ਮਈ, 2024 ਨੂੰ ਕਰੀਬ 92 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹਨਾਂ ਨੂੰ ਸ਼ਰਧਾਂਜਲੀ ਇਹੀ ਹੋਵੇਗੀ ਕਿ ਦੁਨੀਆਂ ਵਿੱਚ ਅਮਨ ਸ਼ਾਂਤੀ ਸ਼ਾਂਝੀਵਾਲਤਾ ਦੀ ਗੱਲ ਅਗਾਂਹ ਤੋਰੀ ਜਾਵੇ। ਲੋਕ ਸਾਹਿਤ ਲਿਖਿਆ ਜਾਵੇ, ਜਿਸ ਵਿੱਚ ਲੋਕਾਂ ਦਾ ਦਰਦ ਵੰਡਾਇਆ ਜਾਵੇ। ਅਣਛਪਿਆ ਸਾਹਿਤ ਵੱਡਮੁੱਲਾ ਬੇਸ਼ਕੀਮਤੀ ਸਾਹਿਤ ਰੁਲਣ ਤੋਂ ਬਚਾਇਆ ਜਾਵੇ, ਢੁੱਕਵਾਂ ਛਪਵਾਇਆ ਜਾਵੇ, ਸਾਂਭਿਆ ਜਾਵੇ, ਆਪਣੇ ਸੰਸਾਰ ਪ੍ਰਸਿੱਧ ਅਮੀਰ ਵਿਰਸੇ ਦੀ ਸੰਭਾਲ ਕੀਤੀ ਜਾਵੇ।






# ਜਪਾਨੀ ਸੱਭਿਆਚਾਰ ਦਾ ਹਿੱਸਾ ਬਣੇ 'ਹੋਸਟ ਕਲੱਬ'

## ਜਪਾਨ 'ਚ 'ਭਾਵਨਾਤਮਕ ਸੇਵਾਵਾਂ' ਦਾ ਵੀ ਹੋਇਆ 'ਵਪਾਰੀਕਰਨ'

## ਜਪਾਨ 'ਚ ਇੱਕ ਤਿਹਾਈ ਮਹਿਲਾਵਾਂ ਨੇ ਕੁਆਰੀਆਂ ਇਕੱਲਤਾ ਦੂਰ ਕਰਨ ਲਈ ਜਾ ਰਹੀਆਂ ਨੇ ਹੋਸਟ ਕਲੱਬਾਂ ਵਿਚ




ਜਪਾਨ ਭੂਚਾਲਾਂ ਅਤੇ ਇਲੈਕਟ੍ਰੋਨਿਕਸ ਸਮਾਨ ਕਰਕੇ ਅਕਸਰ ਪੂਰੀ ਦੁਨੀਆਂ ਵਿੱਚ ਚਰਚਿਤ ਰਹਿੰਦਾ ਹੈ। ਹੁਣ ਜਪਾਨ ਦੇ ਹੋਸਟ ਕਲੱਬਾਂ ਨੇ ਦੁਨੀਆਂ ਦਾ ਧਿਆਨ ਖਿੱਚਿਆ ਹੈ। ਅਸਲ ਵਿੱਚ ਜਪਾਨ ਦੀਆਂ ਇੱਕ ਤਿਹਾਈ ਮਹਿਲਾਵਾਂ ਕੁਆਰੀਆਂ ਹਨ, ਜੋ ਕਿ ਆਪਣੇ ਮੰਨੋਰੰਜਨ, ਭਾਵਨਾਤਮਕ ਅਤੇ ਮਾਨਸਿਕ ਸਹਾਰਾ ਲੈਣ ਲਈ ਹੋਸਟ ਕਲੱਬਾਂ ਵਿੱਚ ਜਾਂਦੀਆਂ ਹਨ, ਜਿਸ ਕਾਰਨ ਇਹਨਾਂ ਕਲੱਬਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਟੋਕੀਓ ਵਿੱਚ ਇਸ ਸਮੇਂ 900 ਹੋਸਟ ਕਲੱਬ ਹਨ, ਜਿਸ ਤੋਂ ਜਪਾਨੀ ਸੱਭਿਆਚਾਰ ਵਿੱਚ ਹੋਸਟ ਕਲੱਬ ਕਲਚਰ ਦੀ ਅਹਿਮੀਅਤ ਦਾ ਪਤਾ ਚੱਲ ਜਾਂਦਾ ਹੈ।

ਇੱਕ ਰਿਪੋਰਟ ਅਨੁਸਾਰ ਜਪਾਨ ਵਿੱਚ ਇੱਕ ਤਿਹਾਈ ਮਹਿਲਾਵਾਂ 50 ਸਾਲ ਦੀ ਉਮਰ ਤੱਕ ਕੁਆਰੀਆਂ ਰਹਿੰਦੀਆਂ ਹਨ। ਜਦੋਂਕਿ 60 ਫੀਸਦੀ ਮਹਿਲਾਵਾਂ 30 ਸਾਲ ਦੀ ਉਮਰ ਤੱਕ ਵਿਆਹ ਨਹੀਂ ਕਰਵਾਉਂਦੀਆਂ। ਇਸੇ ਕਾਰਨ ਜਪਾਨ ਵਿੱਚ ਹੁਣ ਮਹਿਲਾਵਾਂ ਦੇ ਲਈ ਖਾਸ ਹੋਸਟ ਕਲੱਬਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਇਹਨਾਂ ਕਲੱਬਾਂ ਵਿੱਚ ਮਹਿਲਾਵਾਂ ਨੂੰ ਭਾਵਨਾਤਮਕ ਅਤੇ ਮਾਨਸਿਕ ਸਪੋਰਟ ਮਿਲਣ ਦੇ ਇਲਾਵਾ ਮੰਨੋਰੰਜਨ ਵੀ ਮਿਲ ਰਿਹਾ ਹੈ। ਇਹਨਾਂ ਕਲੱਬਾਂ ਵਿੱਚ ਮਹਿਲਾਵਾਂ ਇੱਕ ਘੰਟੇ ਦੇ 16 ਹਜ਼ਾਰ ਰੁਪਏ ਖਰਚ ਰਹੀਆਂ ਹਨ। ਇਹਨਾਂ ਕਲੱਬਾਂ ਦਾ ਕੰਮ ਮਹਿਲਾਵਾਂ ਦੀ ਤਾਰੀਫ਼ ਕਰਨਾ ਅਤੇ ਭਾਵਨਾਤਮਕ ਸਹਾਰਾ ਦੇਣਾ ਹੈ। ਟੋਕੀਓ ਦੇ ਕਾਬਕਿਚੋ ਇਲਾਕੇ ਵਿੱਚ ਅਜਿਹਾ ਹੀ ਇੱਕ ਮਸ਼ਹੂਰ ਹੋਸਟ ਕਲੱਬ ਹੈ। ਇਥੇ ਇੱਕ ਵੱਖਰੇ ਸੱਭਿਆਚਾਰ ਦਾ ਅਹਿਸਾਸ ਹੁੰਦਾ ਹੈ। ਇਥੇ ਜਪਾਨੀ ਮਹਿਲਾਵਾਂ ਮਰਦਾਂ ਨੂੰ ਉਹਨਾਂ ਦੀ ਲੁਕਸ ਅਤੇ ਉਹਨਾਂ ਦੀ




ਤਾਰੀਫ਼ ਕਰਨ ਦੇ ਪੈਸੇ ਦਿੰਦੀਆਂ ਹਨ। ਇੱਕ ਹੋਸਟ ਕਲੱਬ ਦੇ ਹੋਸਟ ਹਿਰਾਨੀ ਸਾਰੇਨ ਨੇ ਦੱਸਿਆ ਕਿ ਜਪਾਨ ਵਿੱਚ ਸਮਾਜਿਕ ਕਾਰਨਾਂ ਕਰਕੇ ਹੋਸਟ ਕਲੱਬਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਵੱਡੀ ਗਿਣਤੀ ਮਹਿਲਾਵਾਂ ਇੱਕਲੇ ਰਹਿਣਾ ਪਸੰਦ ਕਰਦੀਆਂ ਹਨ ਪਰ ਉਮਰ ਵਿੱਚ ਵਾਧੇ ਕਾਰਨ ਜਦੋਂ ਇੱਕਲਤਾ ਉਹਨਾਂ ਲਈ ਬੋਝ ਬਣਦੀ ਹੈ ਤਾਂ ਉਹ ਇਹਨਾਂ ਕਲੱਬਾਂ ਵਿੱਚ ਆਉਣਾ ਜਾਣਾ ਸ਼ੁਰੂ ਕਰ ਦਿੰਦੀਆਂ ਹਨ।

ਜਪਾਨ ਵਿੱਚ ਹੋਸਟ ਕਲੱਬਾਂ ਦੀ ਸ਼ੁਰੂਆਤ 1960 ਦੇ ਦਹਾਕੇ ਵਿੱਚ ਹੋਈ ਸੀ। ਪਹਿਲਾਂ ਇਹ ਕਲੱਬ ਮੁੱਖ ਰੂਪ ਵਿੱਚ ਅਮੀਰ ਮਹਿਲਾਵਾਂ ਲਈ ਹੁੰਦੇ ਸੀ। ਹਾਲਾਂਕਿ 1980 ਦੇ ਦਹਾਕੇ ਦੇ ਬਾਅਦ ਇਥੇ ਮਹਿਲਾਵਾਂ ਵਿੱਚ ਵਿਆਹ ਨਾ ਕਰਵਾਉਣ ਦਾ ਰਿਵਾਜ਼ ਬਹੁਤ ਵੱਧ ਗਿਆ, ਇਸੇ ਕਰਕੇ ਅਜਿਹੇ ਕਲੱਬ ਅਮੀਰਾਂ ਦੀ ਥਾਂ ਆਮ ਜਪਾਨੀਆਂ ਦੀ ਪਸੰਦ ਬਣ ਗਏ। ਹੁਣ ਹੋਸਟ ਕਲੱਬ ਜਪਾਨੀ ਪੌਪ ਕਲਚਰ ਦਾ ਹਿਸਾ ਬਣ ਗਿਆ ਹੈ। ਹਾਲਾਂਕਿ ਹੋਸਟ ਕਲੱਬਾਂ ਦੇ ਵੱਧਦੇ ਕਲਚਰ ਨੂੰ ਲੈ ਕੇ ਆਲੋਚਨਾ ਵੀ ਕੀਤੀ ਜਾ ਰਹੀ ਹੈ, ਮਹਿਲਾ ਅਧਿਕਾਰ ਸੰਗਠਨਾਂ ਨੇ ਇਸ ਨੂੰ ਸ਼ੋਸ਼ਣ ਅਤੇ ਪੈਸਾ ਵਸੂਲਣ ਦਾ ਇੱਕ ਤਰੀਕਾ ਦਸਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹਨਾਂ ਕਲੱਬਾਂ ਕਾਰਨ ਜਪਾਨੀ ਮਹਿਲਾਵਾਂ ਕਰਜ਼ੇ ਵਿੱਚ ਡੁੱਬ ਰਹੀਆਂ ਹਨ। ਇਸ ਕਲਚਰ ਦੇ ਵੱਧਣ ਕਾਰਨ ਨਵੀਂ ਪੀੜੀ ਤੇ ਗਲਤ ਪ੍ਰਭਾਵ ਪੈ ਰਿਹਾ ਹੈ। ਇਸ ਦੇ ਕਾਰਨ ਜਪਾਨੀ ਸਮਾਜ ਵਿੱਚ ਭਾਵਨਾਤਮਕ ਸੇਵਾਵਾਂ ਦਾ ਵਪਾਰੀਕਰਨ ਵੀ ਦਿਖਾਈ ਦੇ ਰਿਹਾ ਹੈ। ਜਪਾਨ ਨੇ ਇਲੈਕਟ੍ਰੋਨਿਕਸ ਦੇ ਸਮਾਨ ਬਣਾਉਣ ਅਤੇ ਹੋਰ ਖੇਤਰਾਂ ਵਿੱਚ ਬਹੁਤ ਤਰੱਕੀ ਕੀਤੀ ਹੈ, ਪਰ ਜਪਾਨ ਦਾ ਸਮਾਜ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਜਪਾਨ ਵਿੱਚ ਵੱਡੀ ਗਿਣਤੀ ਮਹਿਲਾਵਾਂ ਦਾ ਇੱਕਲੇ ਰਹਿਣਾ ਅਤੇ ਬਾਅਦ ਵਿੱਚ ਹੋਸਟ ਕਲੱਬਾਂ ਵਿੱਚ ਜਾਣਾ ਵੀ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਜਪਾਨੀ ਸਮਾਜ ਦੇ ਰਾਹ ਦਸੇਰਿਆਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਹੋਸਟ ਕਲੱਬਾਂ ਦੀ ਚੁਣੌਤੀ ਦਾ ਕਿਸ ਤਰ੍ਹਾਂ ਸਾਹਮਣਾ ਕਰਨ।

# ਰਸੋਈ ਬਨਾਮ ਬਿਊਟੀ ਪਾਰਲਰ



ਭੋਲਾ ਨੂਰਪੁਰਾ

ਕੁਦਰਤੀ ਪਦਾਰਥ ਤੁਹਾਡੇ ਰੰਗ-ਰੂਪ ਨੂੰ ਨਿਖ਼ਾਰਨ ਵਿੱਚ ਘੱਟ ਖ਼ਰਚ ਅਤੇ ਥੋੜ੍ਹੀ ਜਿਹੀ ਮਿਹਨਤ ਨਾਲ ਜ਼ਿਆਦਾ ਲਾਭਕਾਰੀ ਸਿੱਧ ਹੋ ਸਕਦੇ ਹਨ। ਸੁੰਦਰਤਾ ਵਧਾਉਣ ਦਾ ਇੱਕ ਪੁਰਾਣਾ ਤਰੀਕਾ, ਚਿਹਰੇ ਅਤੇ ਸਰੀਰ ਤੇ ਲੇਪ ਮਲਣਾ ਰਿਹਾ ਹੈ। ਇਤਿਹਾਸ ਵਿੱਚ ਅਜਿਹੀਆਂ ਕਈ ਉਦਾਹਰਣਾਂ ਮਿਲਦੀਆਂ ਹਨ ਕਿ ਔਰਤਾਂ ਆਪਣੀ ਸੁੰਦਰਤਾ ਅਤੇ ਵਾਲਾਂ ਦੀ ਖ਼ੂਬਸੂਰਤੀ ਦੀ ਰੱਖਿਆ ਲਈ ਕੁਦਰਤ ਤੋਂ ਪ੍ਰਾਪਤ ਕਈ ਪਦਾਰਥਾਂ ਦੀ ਵਰਤੋਂ ਕਰਦੀਆਂ ਹਨ। ਲੇਪ ਨਾਲ ਸਾਰੇ ਸਰੀਰ ਤੇ ਇੱਕ ਉਤੇਜਿਤ ਪ੍ਰਭਾਵ ਹੁੰਦਾ ਹੈ, ਜਿਸ ਨਾਲ ਖ਼ੂਨ ਦਾ ਦੌਰਾ ਵੱਧਦਾ ਹੈ। ਇਸ ਨਾਲ ਮਾਸ-ਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ। ਲੇਪ ਜਾਂ ਮਾਸਕ ਨਾਲ ਚਮੜੀ ਵਿੱਚ ਚਿਕਨਾਹਟ ਤੇ ਉਸਦਾ ਲਚਕੀਲਾਪਣ ਕਾਇਮ ਰਹਿੰਦਾ ਹੈ। ਸਮਾਂ ਬੀਤ ਜਾਣ 'ਤੇ ਵੀ ਇਹ ਚੀਜ਼ਾਂ ਅੱਜ ਵੀ ਵਰਤੋਂ ਵਿੱਚ ਆਉਂਦੀਆਂ ਹਨ। ਇਸ ਲਈ ਬਹੁਤ ਸਾਰੀਆਂ ਚੀਜ਼ਾਂ ਸਾਨੂੰ ਘਰ ਵਿੱਚੋਂ ਜਾਂ ਰਸੋਈ ਵਿੱਚੋਂ ਹੀ ਪ੍ਰਾਪਤ ਹੋ ਜਾਂਦੀਆਂ ਹਨ। ਤੁਸੀਂ ਉਨ੍ਹਾਂ ਦੀ ਵਰਤੋਂ ਨਾਲ ਜ਼ਰੂਰੀ ਇਲਾਜ ਕਰਨ ਦੇ ਸਮਰੱਥ ਹੋ। ਇੱਥੇ ਤੁਹਾਡੇ ਲਈ ਕੁਦਰਤੀ ਚੀਜ਼ਾਂ ਨਾਲ ਬਣੇ ਕੁਝ ਫੇਸ-ਮਾਸਕਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ-





**ਕਿੱਲ-ਮੁਹਾਸਿਆਂ ਵਾਲੀ ਚਮੜੀ ਲਈ ਲੇਪ**

ਇਸ ਤਰ੍ਹਾਂ ਦੀ ਚਮੜੀ ਲਈ ਦੇਖਭਾਲ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ। ਦਿਨ ਵਿੱਚ ਚਾਰ ਪੰਜ ਵਾਰੀ ਕੋਸੇ ਪਾਣੀ ਵਿੱਚ ਨਿੰਬੂ ਦਾ ਰਸ ਪਾ ਕੇ ਚਿਹਰੇ ਨੂੰ ਧੋਣਾ ਚਾਹੀਦਾ ਹੈ ਜਾਂ ਗਿੱਲੀ ਰੂੰ ਨਾਲ ਇਸ ਤਰ੍ਹਾਂ ਦੇ ਚਿਹਰੇ ਨੂੰ ਪੂੰਝਣਾ ਚਾਹੀਦਾ ਹੈ।

-ਲੌਂਗ, ਸਾਬਤ ਧਨੀਆ, ਸਫ਼ੈਦ ਚੰਦਨ, ਹਲਦੀ, ਗੁਲਾਬ ਜਲ, ਮਸਰਾਂ ਦੀ ਦਾਲ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਪੀਸ ਕੇ ਬੋਤਲ ਵਿੱਚ ਭਰ ਕੇ ਰੱਖ ਲਵੋ। ਚਾਰ ਲੌਂਗ, ਵੱਡਾ ਚਮਚ ਸਾਬਤ ਧਨੀਆ, ਇੱਕ ਚੁਟਕੀ ਹਲਦੀ, ਇੱਕ ਵੱਡਾ ਚਮਚ ਚੰਦਨ ਅਤੇ ਚਾਰ ਚਮਚ ਮਸਰਾਂ ਦੀ ਦਾਲ। ਜਦੋਂ ਇਸ ਨੂੰ ਲਗਾਉਣਾ ਹੋਵੇ ਤਾਂ ਰਾਤ ਨੂੰ ਦੁੱਧ ਵਿੱਚ ਭਿਉਂ ਕੇ ਸਵੇਰੇ ਇਸਦਾ ਲੇਪ ਚਿਹਰੇ 'ਤੇ ਲਗਾਉ। ਜਦੋਂ ਇਹ ਅੱਧਾ ਸੁੱਕ ਜਾਵੇ ਤਾਂ ਰੂੰ ਨਾਲ ਗੁਲਾਬ ਜਲ ਤੇ ਲਗਾਉ ਅਤੇ ਹੌਲੀ-ਹੌਲੀ ਕਰਦੇ ਹੋਏ ਉਂਗਲੀਆਂ ਨਾਲ ਥੱਲੇ ਤੋਂ ਉੱਪਰ ਵੱਲ ਘੁੰਮਾਉਂਦੇ ਹੋਏ ਮਲੋ। ਇਸ ਨਾਲ ਕਿੱਲ ਮੁਹਾਂਸੇ ਖ਼ਤਮ ਹੋਣ ਵਿੱਚ ਮਦਦ ਮਿਲੇਗੀ। ਹਰ ਤਰ੍ਹਾਂ ਦੀ ਚਮੜੀ ਲਈ ਸਾਬਣ ਦੀ ਵਰਤੋਂ ਨਾ ਕਰਦੇ ਹੋਏ ਫੇਸ ਸਕ੍ਰਬ ਦੀ ਵਰਤੋਂ ਕਰੋ।

-5 ਚਮਚ ਮਸਰਾਂ ਦੀ ਦਾਲ, 2 ਚਮਚ ਛੋਲਿਆਂ ਦੀ ਦਾਲ, ਇੱਕ ਚਮਚ ਚਾਵਲ ਅਤੇ 4 ਬਦਾਮ ਲੈਣ ਕੇ ਪੀਸ ਲਵੋ। ਨਹਾਉਣ ਤੋਂ ਅੱਧਾ ਘੰਟਾ ਪਹਿਲਾਂ ਜੇ ਤੁਹਾਡੀ ਚਮੜੀ ਸੁੱਕੀ ਹੈ ਤਾਂ ਦਹੀਂ ਮਿਲਾਓ ਅਤੇ ਜੇ ਨਾਰਮਲ ਜਾਂ ਚਿਕਨੀ ਚਮੜੀ ਹੈ ਤਾਂ ਦੁੱਧ ਮਿਲਾ ਕੇ ਪੇਸਟ ਬਣਾ ਲਓ। ਹਲਕੇ -ਹਲਕੇ ਹੱਥਾਂ ਨਾਲ ਚਿਹਰੇ ਤੇ ਗਲੇ 'ਤੇ ਮਾਲਿਸ਼ ਕਰੋ ਪਰ ਅੱਖਾਂ ਦੀ ਚਮੜੀ ਨੂੰ ਬਚਾ ਕੇ ਰੱਖੋ। ਇਸ ਸਕ੍ਰਬ ਦੀ ਪਾਣੀ ਵਿੱਚ ਵਰਤੋਂ ਨਾ ਕਰੋ। ਦੁੱਧ ਜਾਂ ਦਹੀਂ ਮਿਲਾ ਕੇ ਵਰਤੋ। ਅਖ਼ੀਰ ਵਿੱਚ ਠੰਡੇ ਪਾਣੀ ਨਾਲ ਚਿਹਰਾ ਧੋ ਲਵੋ। ਇਸ ਸਕ੍ਰਬ ਨਾਲ ਚਿਹਰੇ ਦਾ ਰੰਗ ਨਿਖ਼ਰ ਜਾਵੇਗਾ ਅਤੇ ਚਮੜੀ ਵਿੱਚ ਚਮਕ ਆ ਜਾਵੇਗੀ। ਚਮੜੀ ਨਾਲ ਅੱਖਾਂ ਦੀ ਦੇਖਭਾਲ ਵੀ ਜ਼ਰੂਰੀ ਹੈ।



**ਚਿਕਨੀ ਚਮੜੀ ਲਈ ਲੇਪ**

ਮਟਰਾਂ ਨੂੰ ਧੋ ਕੇ ਛਾਂ ਵਿੱਚ ਸੁਕਾ ਕੇ ਇਨ੍ਹਾਂ ਦਾ ਚੂਰਨ ਬਣਾ ਕੇ ਇੱਕ ਸ਼ੀਸੀ ਵਿੱਚ ਭਰ ਲਉ। ਜਦੋਂ ਇਸਦੀ ਵਰਤੋਂ ਕਰਨੀ ਹੋਵੇ ਤਾਂ ਇਹ ਥੋੜ੍ਹਾ ਜਿਹਾ ਚੂਰਨ ਲੈਣ ਕੇ ਗੁਲਾਬ ਜਲ ਮਿਲਾ ਕੇ ਲੇਪ ਬਣਾਓ। ਇਸ ਲੇਪ ਨੂੰ ਗਰਦਨ ਅਤੇ ਚਿਹਰੇ ਤੇ ਲਗਾਉ ਇਸ ਨਾਲ ਚਮੜੀ ਨੂੰ ਆਰਾਮ ਮਿਲਦਾ ਹੈ। ਰੋਮ ਖੁੱਲ੍ਹਣ ਨਾਲ ਚਮੜੀ ਵਿੱਚ ਖ਼ੂਨ ਦਾ ਦੌਰਾ ਵੱਧਦਾ ਹੈ।

-ਇੱਕ ਚਮਚ ਖ਼ਮੀਰ, ਇੱਕ ਚਮਚ ਚੀਨੀ ਅਤੇ ਅੱਧੇ ਕੱਪ ਦੁੱਧ ਨੂੰ ਢੱਕ ਕੇ ਗਰਮ ਥਾਂ 'ਤੇ ਰੱਖ ਦਿਉ। ਜਦੋਂ ਇਸ ਵਿੱਚ ਖ਼ਮੀਰ ਫੁੱਲ ਜਾਵੇ ਤਾਂ ਉਸ ਨੂੰ ਲੇਪ ਦੇ ਰੂਪ ਵਿੱਚ ਵਰਤੋਂ।

-ਦੋ ਚਮਚ ਪਪੀਤੇ ਦਾ ਗੁੱਦਾ ਲੈ ਕੇ ਉਸ ਵਿੱਚ ਦਸ ਬੂੰਦਾਂ ਨਿੰਬੂ ਦਾ ਰਸ ਮਿਲਾ ਕੇ ਚੰਗੀ ਤਰ੍ਹਾਂ ਚਿਹਰੇ 'ਤੇ ਲਗਾਓ। ਫਿਰ ਵੀਹ ਮਿੰਟਾਂ ਬਾਅਦ ਧੋ ਲਵੋ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ‘ਪੁੱਤਰਦਾਨ’

ਭੁਪਿੰਦਰ ਕੌਰ ਵਾਲੀਆ



ਅੱਜ ਆਸ਼ਾ, ਸ਼ੀਲਾ ਦੇ ਘਰ ਕਾਰਡ ਲੈ ਕੇ ਆਈ, ਜੋ ਕਿ ਉਸ ਦੇ ਬੇਟੇ ਦੇ ਵਿਆਹ ਦਾ ਸੀ। ਸ਼ੀਲਾ ਨੇ ਕਾਰਡ ਲੈ ਕੇ ਵਧਾਈ ਦਿੰਦੇ ਹੋਏ ਉਸ ਨੂੰ ਬੈਠਣ ਲਈ ਕਿਹਾ ਅਤੇ ਖ਼ੁਸ਼ੀ-ਖ਼ੁਸ਼ੀ ਕਾਰਡ ਖੋਲ੍ਹਣ ਲੱਗ ਪਈ। ‘ਕਾਰਡ ਤਾਂ ਬਹੁਤ ਸੁੰਦਰ ਛਪਵਾਇਆ।’ ਤਾਰੀਫ਼ ਕਰਦਿਆਂ ਉਹ ਹੱਸਦੇ ਹੋਏ ਪੜ੍ਹਨ ਲੱਗ ਪਈ। ਪੜ੍ਹਕੇ ਬੜੀ ਹੈਰਾਨੀ ਨਾਲ ਬੋਲੀ,‘ਨੀ ਆਸ਼ਾ ਕਾਰਡ ’ਤੇ ਤੂੰ ਇਹ ਕੀ ਛਪਵਾਇਆ ਹੈ। ਸ਼ਾਇਦ ਗ਼ਲਤੀ ਨਾਲ ਛਪ ਗਿਆ ਹੋਵੇਗਾ।’

ਇਸ ’ਤੇ ਆਸ਼ਾ ਨੇ ਹੱਸਦੇ ਹੋਏ ਕਿਹਾ, ‘ਐ ਪਾਗਲ ਮੈਂ ਹੀ ਪੁੱਤਰ ਦਾਨ ਛਪਵਾਇਆ ਹੈ ਅਤੇ ਸੋਚ ਸਮਝ ਕੇ ਛਪਵਾਇਆ ਹੈ, ਹੁਣ ਜ਼ਮਾਨਾ ਬਦਲ ਰਿਹਾ ਹੈ। ਸ਼ਾਦੀ ਤੋਂ ਬਾਅਦ ਮੁੰਡੇ ਨੂੰ ਵੀ ਕੁੜੀਆਂ ਵਾਂਗ ਆਪਣੀ ਨੌਕਰੀ ਕਰਕੇ ਜਾਂ ਕਿਸੇ ਹੋਰ ਵਜ੍ਹਾ ਸਦਕਾ ਆਪਣੇ ਘਰ ਤੋਂ ਅਲਹਿਦਾ ਹੋ ਕੇ ਆਪਣੀ ਨਵੀਂ ਦੁਨੀਆਂ ਵਸਾਉਣੀ ਪੈਂਦੀ ਹੈ। ਫਿਰ ਕਿਉ ਸਿਰਫ਼ ਕੁੜੀਆਂ ਦੇ ਘਰ ਵਾਲੇ ਹੀ ਕੰਨਿਆ ਦਾਨ ਲਿਖਣ, ਅਸਲ ਵਿੱਚ ਤਾਂ ਦੋਨੋਂ ਪਰਿਵਾਰ ਵਾਲਿਆਂ ਨੂੰ ਬੱਚਿਆਂ ਦਾ ਦਾਨ ਕਰਨਾ ਪੈਂਦਾ ਹੈ। ਫੇਰ ਕਿਉ ਦੁਨੀਆਂ ਕੁੜੀਆਂ ਵਾਲਿਆਂ ਨਾਲ ਹੀ ਹਮਦਰਦੀ ਕਰੇ ਕਿ ਬੇਚਾਰਿਆਂ ਨੂੰ ਆਪਣੀ ਕੁੜੀ ਦਾਨ ਕਰਨੀ ਪੈ ਰਹੀ ਹੈ। ਅੱਜ ਕੱਲ੍ਹ ਤਾਂ ਮੁੰਡੇ ਵਾਲੇ ਵੀ ਕੁੜੀ ਵਾਲਿਆਂ ਵਾਂਗ ਹੀ ਬਰਾਬਰ ਹੀ ਖ਼ਰਚ ਕਰਦੇ ਹਨ ਅਤੇ ਦਾਜ ਵੀ ਨਹੀਂ ਲੈਂਦੇ। ਮੁੰਡੇ ਵਾਲੇ ਵੀ ਕੁੜੀਆਂ ਵਾਲਿਆਂ ਵਾਂਗ ਆਪਣੇ ਮੁੰਡੇ ਨੂੰ ਪੜ੍ਹਾਉਂਦੇ ਹਨ। ਪਹਿਲੇ ਜ਼ਮਾਨੇ ਵਿੱਚ ਤਾਂ ਕੁੜੀ ਵਿਆਹ ਕਰ ਕੇ ਸਹੁਰੇ ਘਰ ਆ ਜਾਂਦੀ ਸੀ ਅਤੇ ਉੱਥੇ ਹੀ ਰਹਿੰਦੀ ਸੀ ਤੇ ਸਹੁਰੇ ਪਰਿਵਾਰ ਦੀ ਸੇਵਾ ਕਰਦੀ ਸੀ। ਸ਼ਾਇਦ ਇਸ ਕਰਕੇ ਵੀ ਕੁੜੀ ਵਾਲੇ ਦਾਜ ਦੇ ਰੂਪ ’ਚ ਕਾਫੀ ਸਾਮਾਨ ਦੇ ਦਿੰਦੇ ਸਨ।’

ਆਸ਼ਾ ਨੇ ਪਲ ਕੁ ਰੁਕ ਕੇ ਫੇਰ ਕਿਹਾ,‘ਅੱਜ ਕੱਲ੍ਹ ਤਾਂ ਸਾਰੀਆਂ ਗੱਲਾਂ ਵਿੱਚ ਮੁੰਡਾ ਕੁੜੀ ਬਰਾਬਰ ਹਨ, ਫਿਰ ਕਿਉ ਸਿਰਫ ਕੰਨਿਆ ਦਾਨ ਹੀ ਛਪਵਾਇਆ ਜਾਵੇ, ਪੁੱਤਰ ਦਾਨ ਵੀ ਹੋਣਾ ਚਾਹੀਦਾ ਹੈ।’

ਆਸ਼ਾ ਦੀ ਗੱਲ ਅਜੇ ਮੁੱਕੀ ਨਹੀਂ ਸੀ,‘ਫੇਰ ਕਿਉ ਸਿਰਫ਼ ਕੁੜੀ ਦੀ ਮਾਂ ਰੋਵੇ ਤਾਂ ਦੁਨੀਆਂ ਹਮਦਰਦੀ ਵਿਖਾਏ ਕਿ ਉਨ੍ਹਾਂ ਨੂੰ ਕੁੜੀ ਨੂੰ ਵਿਆਹ ਪਿੱਛੋਂ ਦੂਰ ਭੇਜਣਾ ਪੈਂਦਾ ਹੈ। ਜੇ ਮੁੰਡੇ ਦੀ ਮਾਂ ਰੋਵੇ ਤਾਂ ਲੋਕੀ ਕਹਿੰਦੇ ਨੇ ਕਿ ਆਪ ਹੀ ਤਾਂ ਧੂਮਧਾਮ ਨਾਲ ਵਿਆਹੁਣ ਆਏ ਸੀ, ਹੁਣ ਅੱਥਰੂ ਵਹਾ ਰਹੀ ਹੈ।’

ਸੁਣ ਕੇ ਸ਼ੀਲਾ ਨੇ ਕਿਹਾ,‘ਨਹੀਂ ਆਸ਼ਾ ਤੂੰ ਐਵੇਂ ਹੀ ਕੁਝ ਜ਼ਿਆਦਾ ਸੋਚ ਰਹੀ ਹੈਂ ਹਾਲੇ ਜ਼ਮਾਨਾ ਏਨਾ ਵੀ ਨਹੀਂ ਬਦਲਿਆ ਹੈ। ਅਜੇ ਵੀ ਕਈ ਪਰਿਵਾਰ, ਇਕੱਠੇ ਰਹਿ ਰਹੇ ਹਨ ਅਤੇ ਉਨ੍ਹਾਂ ਦੇ ਪੁੱਤਰ ਤੇ ਨੂੰਹਾਂ ਨਾਲ ਹੀ ਰਹਿ ਰਹੇ ਹਨ।’

ਆਸ਼ਾ ਨੇ ਕਿਹਾ,‘ਅੱਜ ਜਿਹੜੇ ਨਾਲ ਵੀ ਰਹਿ ਰਹੇ ਹਨ ਉਨ੍ਹਾਂ ਦਾ ਹਾਲ ਵੀ ਮੈਂ ਚੰਗੀ ਤਰ੍ਹਾਂ ਦੇਖਿਆ ਹੈ। ਮੇਰੀ ਆਪਣੀ ਨਨਾਣ ਅਤੇ ਉਸਦੀ ਇੱਕ ਸਹੇਲੀ ਦੀ ਦਰਾਣੀ ਦੀ ਰਾਮ ਕਹਾਣੀ ਦੇਖ ਕੇ ਹੀ ਮੈਂ ਕਹਿ ਰਹੀ ਹਾਂ।’

ਪਹਿਲਾਂ ਤਾਂ ਆਪਣੇ ਦਿਲਾਂ ਵਿੱਚ ਖ਼ਾਬ ਬੁਣੋ ਤੇ ਫੇਰ ਅੱਖਾਂ ਵਿੱਚ ਉਨ੍ਹਾਂ ਦੇ ਪੂਰੇ ਹੋਣ ਦੇ ਸੁਪਨੇ ਵੇਖੋ ਅਤੇ ਟੁੱਟ ਜਾਣ ’ਤੇ ਫੇਰ ਅੱਖਾਂ ਅਤੇ ਦਿਲ ਨੂੰ ਰੋਂਦੇ ਹੋਏ ਦੇਖੋ। ਇਸ ਤੋਂ ਚੰਗਾ ਹੈ ਕਿ ਪਹਿਲਾਂ ਹੀ ਆਪਣੇ ਮਨ ਨੂੰ ਕਰੜਾ ਕਰ ਕੇ ਪੁੱਤਰ ਦਾਨ ਕਰ ਦਿਉ ਅਤੇ ਏਦਾਂ ਦੇ ਖਵਾਬਾਂ ਨੂੰ ਅਪਨੇ ਦਿਲਾਂ ਵਿੱਚ ਪਨਪਣ ਹੀ ਨਾ ਦਿਉ, ਨਾ ਹੀ ਪੁੱਤਰ ਦਾ ਅਹਿਸਾਨ ਲਉ ਅਤੇ ਨਾ ਹੀ ਨੂੰਹ ਦਾ ਅਤੇ ਜਦ ਵੀ ਉਹ ਤੁਹਾਡੇ ਕੋਲ ਆਉਣ ਤਾਂ ਬਿਨਾਂ ਕਿਸੇ ਗਿਲੇ ਸ਼ਿਕਵੇ ਤੋਂ ਉਨ੍ਹਾਂ ਦਾ ਸਵਾਗਤ ਕਰੋ। ਜਿੰਨੇ ਦਿਨ ਉਨ੍ਹਾਂ ਦਾ ਸਾਥ ਮਿਲੇ ਆਪਣੀ ਜ਼ਿੰਦਗੀ ਦੇ ਸੁਨਹਿਰੇ ਪਲ ਸਮਝ ਕੇ ਜੀਓ ਅਤੇ ਜੀਣ ਦਿਉ।’

ਇਸ ’ਤੇ ਸ਼ੀਲਾ ਬੋਲੀ,‘ਮੈਂ ਤਾਂ ਤੇਰੀ ਗੱਲ ਨਾਲ ਸਹਿਮਤ ਨਹੀ ਹਾਂ। ਹਾਲੇ ਆਪਣੇ ਦੇਸ਼ ’ਚ ਏਨਾ ਕੁਝ ਨਹੀਂ ਬਦਲਿਆ ਇਹ ਸਾਰਾ ਕੁਝ ਤਾਂ ਵਿਦੇਸ਼ਾਂ ਵਿੱਚ ਹੀ ਹੁੰਦਾ ਹੈ ਅਤੇ ਆਸ਼ਾ ਨੇ ਕਿਹਾ ਕੀ ਵਿਦੇਸ਼ਾਂ ਦੀ ਹਵਾ ਇੱਥੇ ਵੀ ਚੱਲ ਪਈ ਹੈ।’

‘ਅੱਜ ਕੱਲ੍ਹ 60 ਫ਼ੀਸਦੀ ਘਰਾਂ ਦਾ ਇਹੀ ਹਾਲ ਹੈ। ਜਿਹੜੇ ਨਾਲ ਵੀ ਰਹਿ ਰਹੇ ਹਨ ਇਸ ਤਰਾਂ ਦੇ ਦੋ ਘਰਾਂ ਦਾ ਉਦਾਹਰਨ ਮੇਰੇ ਕੋਲ ਹੈ। ਉਨ੍ਹਾਂ ਦਾ ਹਾਲ ਵੇਖਦੇ ਹੋਏ ਹੀ ਮੈਂ ਇਹ ਫੈਸਲਾ ਲਿਆ ਹੈ।’ ਆਸ਼ਾ ਨੇ ਮਨ ਦੀ ਗੱਲ ਆਖੀ।

ਇਸ ’ਤੇ ਸ਼ੀਲਾ ਬੋਲੀ,‘ਆਖਰ ਤੂੰ ਏਦਾਂ ਦਾ ਕੀ ਦੇਖ ਲਿਆ ਹੈ।’

ਉਨ੍ਹਾਂ ਦੇ ਗੱਲਾਂ ਕਰਦਿਆਂ ਚਾਹ ਆ ਗਈ। ਦੋਨੋਂ ਸਹੇਲੀਆਂ ਚਾਹ ਦੀਆਂ ਚੁਸਕੀਆਂ ਲੈਂਦਿਆਂ ਏਧਰ ਉਧਰ ਦੀਆਂ ਗੱਲਾਂ ਕਰਨ ਲੱਗ ਪਈਆਂ। ਚਾਹ ਖ਼ਤਮ ਹੁੰਦੇ ਹੀ ਆਸ਼ਾ ਨੇ ਸ਼ੀਲਾ ਨੂੰ ਕਿਹਾ ਜੇ ਤੂੰ ਮੰਨਦੀ ਤਾਂ ਮੈਂ ਤੈਨੂੰ ਆਪਣੀ ਨਨਾਣ ਨਾਲ ਹੋਈ ਬੀਤੀ ਸੁਣਾਉਂਦੀ ਹਾਂ-

ਉਸ ਨੇ ਆਪਨੇ ਮੁੰਡੇ ਦਾ ਵਿਆਹ ਬੜੀ ਧੂਮਧਾਮ ਨਾਲ ਕੀਤਾ ਸੀ। ਨੂੰਹ ਲਈ ਬੜੇ ਸ਼ੌਕ ਨਾਲ ਕੀਮਤੀ ਜ਼ੇਵਰ ਤੇ ਕੱਪੜੇ ਬਣਾਏ। ਸੱਤ ਦਿਨਾਂ ਬਾਦ ਵਿਆਹ ਦਾ ਪ੍ਰੋਗਰਾਮ ਸੀ ਅਤੇ ਸ਼ਗਨ ਦੀ ਪਾਰਟੀ। ਕਦੇ ਸ਼ਗਨ ਕਦੇ ਮਹਿੰਦੀ ਦੀ ਰਾਤ। ਇਸ ਤਰ੍ਹਾਂ 7-8 ਦਿਨ ਲਈ ਮਹਿਮਾਨਾਂ ਦਾ ਤਾਂਤਾ ਲੱਗਿਆ ਰਿਹਾ। ਆਖਰ ਬਰਾਤ ਚੜ੍ਹਨ ਦਾ ਦਿਨ ਆਇਆ। ਸਾਰੇ ਹੀ ਚਾਓ ਨਾਲ ਸਜ ਧਜ ਕੇ ਬਰਾਤ ਕੁੜੀ ਦੇ ਘਰ ਵੱਲ ਤੁਰ ਪਈ। ਦੁਲਹਨ ਦੇ ਘਰ ਪਹੁੰਚਣ ਤੀਕ ਸਾਰੇ ਰਸਤੇ ਗਾਉਂਦੇਤੇ ਹਾਸਾ ਮਜ਼ਾਕ ਕਰਦੇ ਰਹੇ। ਕੁੜੀ ਵਾਲਿਆਂ ਨੇ ਵੀ ਬਰਾਤ ਦੇ ਆਉ ਭਗਤ ’ਚ ਕੋਈ ਕਮੀ ਨਹੀਂ ਸੀ ਰੱਖੀ। ਮਿਲਣੀ ਤੋਂ ਬਾਅਦ ਬਰਾਤੀਆਂ ਨੇ ਖਾਣਾ ਖਾਧਾ, ਜਿਸ ਦਾ ਕਿ ਬਹੁਤ ਚੰਗਾ ਇੰਤਜਾਮ ਸੀ। ਇਸ ਤੋਂ ਬਾਅਦ ਮੁੰਡੇ ਅਤੇ ਕੁੜੀ ਵਾਲਿਆਂ ਨੇ ਸ਼ਾਦੀ ਦੀਆਂ ਰਸਮਾਂ ਸ਼ੁਰੂ ਕਰ ਦਿੱਤੀਆਂ। ਕੁੜੀ ਵਾਲਿਆਂ ਨੇ ਅੱਖਾਂ ’ਚ ਹੰਝੂ ਭਰ ਕੇ ਕੰਨਿਆ ਦਾਨ ਕੀਤਾ। ਵਿਦਾਇਗੀ ਵੇਲੇ ਕੁੜੀ ਦੇ ਮਾਂ ਪਿਉ ਬਹੁਤ ਜ਼ਿਆਦਾ ਰੋ ਰਹੇ ਸਨ। ਮੇਰੀ ਨਨਾਣ ਨੇ ਉਨ੍ਹਾਂ ਨੂੰ ਹੌਸਲਾ ਦਿੰਦੇ ਹੋਏ ਕਿਹਾ,‘ਭੈਣ ਜੀ ਤੁਸੀਂ ਫ਼ਿਕਰ ਨਾ ਕਰੋ ਥੋਡੀ ਕੁੜੀ ਸਾਡੇ ਘਰ ’ਚ ਵੀ ਧੀ ਵਾਂਗ ਹੀ ਰਹੇਗੀ।’ ਮੇਰੀ ਨਨਾਣ ਦੇ ਚਿਹਰੇ ’ਤੇ ਖ਼ੁਸ਼ੀ ਝਲਕ ਰਹੀ ਸੀ ਕਿ ਮੁੰਡੇ ਦਾ ਘਰ ਵਸ ਰਿਹਾ ਹੈ। ਉਸ ਨੂੰ ਕੀ ਪਤਾ ਸੀ ਕਿ ਜਿਸ ਕੁੜੀ ਨੂੰ ਆਪਣੇ ਘਰ ਵਿਚ ਕੋਈ ਦੁੱਖ ਨਾ ਦੇਣ ਦਾ ਵਾਅਦਾ ਕਰ ਰਹੀ ਹੈ, ਉਹੀ ਕੁੜੀ ਉਸ ਦੇ ਘਰ ਨੂੰ ਦੁੱਖਾਂ ਦਾ ਘਰ ਬਣਾ ਦੇਵੇਗੀ। ਦੁਲਹਨ ਦੇ ਘਰ ਆਉਣ ’ਤੇ ਮੇਰੀ ਨਨਾਣ ਨੇ ਸ਼ਾਦੀ ਤੋਂ ਬਾਦ ਬਹੁਤ ਵਧੀਆ ਰਿਸੈਪਸ਼ਨ ਪਾਰਟੀ ਰੱਖੀ ਸੀ। ਕੁੜੀ ਵਾਲਿਆਂ ਨੂੰ ਵੀ ਬੁਲਾਇਆ ਸੀ। ਮੈਂ ਤੇ ਮੇਰੀ ਨਨਾਣ ਗੀਤਾ ਖ਼ੂਬ ਨੱਚੀਆਂ। ਪਾਰਟੀ ਦੇਰ ਰਾਤ ਚਲਦੀ ਰਹੀ। ਗੀਤਾ ਨੇ ਆਪਣੇ ਪੁੱਤਰ ਤੇ ਨੂੰਹ ਨਾਲ ਨੱਚ ਕੇ ਉਨ੍ਹਾਂ ਦਾ ਸਾਥ ਦਿੱਤਾ। ਉਸ ਨੇ ਉਨ੍ਹਾਂ ਨੂੰ ਜ਼ਰਾ ਵੀ ਅਹਿਸਾਸ ਨਾ ਹੋਣ ਦਿੱਤਾ ਕਿ ਉਹ ਕਿੰਨਾ ਥੱਕ ਚੁੱਕੀ ਹੈ।

ਗੀਤਾ ਨੇ ਨੂੰਹ-ਪੁੱਤਰ ਵਾਸਤੇ ਪਹਿਲੀ ਰਾਤ ਲਈ ਹੋਟਲ ਵਿੱਚ ਕਮਰਾ ਬੁੱਕ ਕਰਵਾਇਆ ਸੀ ਜਿਸ ਦਾ ਕਿ ਅੱਜ ਕੱਲ੍ਹ ਰਿਵਾਜ ਹੈ। ਮਹਿਮਾਨਾਂ ਤੇ ਨੂੰਹ ਪੁੱਤਰ ਦੇ ਜਾਣ ਤੋਂ ਬਾਅਦ ਵੀ ਉਸ ਨੂੰ ਆਰਾਮ ਕਰਨ ਦਾ ਸਮਾਂ ਨਹੀ ਸੀ ਮਿਲ ਰਿਹਾ। ਬੜੀ ਮੁਸ਼ਕਿਲ ਨਾਲ ਮੇਰੇ ਕਹਿਣ ’ਤੇ ਉਹ ਕਮਰ ਸਿੱਧੀ ਕਰਨ ਲਈ ਲੇਟੀ। ਜਲਦ ਹੀ ਸਵੇਰ ਹੋ ਗਈ। ਫਟਾਫਟ ਉੱਠ ਕੇ ਗੀਤਾ ਨਾਸ਼ਤੇ ਦਾ ਇੰਤਜਾਮ ਦੇਖਣ ਲੱਗ ਪਈ ਅਤੇ ਨੂੰਹ ਦੀਆਂ ਬਾਕੀ ਰਸਮਾਂ ਦੀ ਤਿਆਰੀ ਵਿੱਚ ਵੀ ਲੱਗ ਪਈ। ਨੂੰਹ ਤੇ ਪੁੱਤਰ ਆਰਾਮ ਨਾਲ ਦੁਪਹਿਰ ਦੀ ਰੋਟੀ ਦੇ ਸਮੇਂ ਹੀ ਪਹੁੰਚੇ। ਫੇਰ ਉਸ ਨੇ ਮੱਥੇ ’ਤੇ ਵਟ ਪਾਏ ਬਿਨਾਂ ਬਾਕੀ ਦੀਆਂ ਰਸਮਾਂ ਪੂਰੀਆਂ ਕੀਤੀਆਂ। ਅਗਲੇ ਦਿਨ ਨੂੰਹ ਪੁੱਤਰ ਨੇ ਕਸ਼ਮੀਰ ਹਨੀਮੂਨ ਲਈ ਜਾਣਾ ਸੀ। ਬੱਚਿਆਂ ਤੇ ਮਹਿਮਾਨਾਂ ਦੇ ਚਲੇ ਜਾਣ ਤੋਂ ਬਾਦ 15 ਦਿਨ ਉਸ ਨੂੰ ਘਰ ਦਾ ਸਾਮਾਨ ਸਾਂਭਣ ਨੂੰ ਲੱਗ ਗਏ। ਇਸ ਦੌਰਾਨ ਬੱਚੇ ਵੀ ਹਨੀਮੂਨ ਤੋਂ ਵਾਪਸ ਆ ਗਏ। ਉਨ੍ਹਾਂ ਦਾ ਸਾਰਾ ਵਕਤ ਆਪਣੇ ਕਮਰੇ ’ਚ ਹੀ ਨਿਕਲਦਾ। ਪਹਿਲਾ ਤਾਂ ਇਹ ਕਾਰਨ ਸੀ ਕਿ ਉਹ ਥੱਕ ਗਏ ਹਨ ਤੇ ਫੇਰ ਕਦੇ ਕੁਝ ਤੇ ਕੁਝ ਹੋਰ ਕਾਰਨ ਬਣਦੇ ਗਏ। ਕਦੇ ਕੋਈ ਮਹਿਮਾਨ ਨੂੰਹ ਨੂੰ ਦੇਖਣ ਲਈ ਆਉਂਦਾ ਜਿਹੜਾ ਕਿ ਵਿਆਹ ਵੇਲੇ ਨਹੀ ਸੀ ਆਇਆ। ਬੜੀ ਮੁਸ਼ਕਿਲ ਨਾਲ ਨੂੰਹ ਪੁੱਤਰ ਦਾ ਦਰਵਾਜ਼ਾ ਖੁੱਲ੍ਹਦਾ ਤੇ ਨੂੰਹ ਮਹਿਮਾਨਾਂ ਦੇ ਸਾਹਮਣੇ ਆਉਣ ਲਈ ਤਿਆਰ ਹੁੰਦੀ। ਬੇਚਾਰੀ ਮੇਰੀ ਨਨਾਣ ਉਨ੍ਹਾਂ ਦੀ ਗੱਲਾਂ ’ਤੇ ਪੋਚਾ ਪਾਉਣ ਲਈ ਕਹਿੰਦੀ ਕਿ ਬੱਚੇ ਹੁਣੇ-ਹੁਣੇ ਹੀ ਆਪਣੇ ਕਮਰੇ ’ਚ ਗਏ ਸਨ।

ਇੱਕ ਦੋ ਮਹੀਨੇ ਬਾਦ ਮੈਂ ਆਪਣੀ ਨਨਾਣ ਦੇ ਘਰ ਚਲੀ ਜਾਂਦੀ ਤੇ ਦੋ-ਚਾਰ ਦਿਨ ਰਹਿ ਕੇ ਆ ਜਾਂਦੀ। ਮੈਂ ਤਾਂ ਇਹੀ ਵੇਖਿਆ ਕਿ ਨਨਾਣ ਦਾ ਤਾਂ ਓਹੀ ਹਾਲ ਹੈ। ਨੂੰਹ ਆਪਣੇ ਕਮਰੇ ਵਿੱਚ ਹੀ ਰਹਿੰਦੀ। ਖਾਣ ਪੀਣ ਲਈ ਜਾਂ ਆਪਣੇ ਕਿਸੇ ਕੰਮ ਲਈ ਹੀ ਕਮਰੇ ਤੋਂ ਬਾਹਰ ਨਿਕਲਦੀ ਸੀ। ਮੈਂ ਵੀ ਜਦੋਂ ਉਨ੍ਹਾਂ ਦੇ ਕਮਰੇ ’ਚ ਜਾਂਦੀ ਬਹੂ ਆਪਣੇ ਫੋਨ ’ਤੇ ਹੀ ਗੱਲਾਂ ਕਰਦੀ ਮਿਲਦੀ। ਬੜੇ ਹੀ ਬੇਮਨ ਨਾਲ ਆਓ ਮਾਮੀ ਜੀ ਕਹਿ ਕੇ ਬਿਠਾ ਲੈਂਦੀ ਪਰ ਉਸ ਦਾ ਫੋਨ ਹੀ ਨਹੀਂ ਸੀ ਰੁਕਦਾ। ਮੈਂ ਬੋਰ ਹੋ ਕੇ ਵਾਪਸ ਆ ਜਾਂਦੀ। ਇਸ ਤਰ੍ਹਾਂ ਇੱਕ ਸਾਲ ਬੀਤ ਗਿਆ। ਇਸ ਦੌਰਾਨ ਬਹੂ ਗਰਭਵਤੀ ਹੋ ਗਈ ਸੀ। ਫੇਰ ਤਾਂ ਉਸਦੇ ਨਖਰੇ ਹੋਰ ਵੀ ਵਧਦੇ ਜਾ ਰਹੇ ਸਨ। ਹਰ ਵੇਲੇ ਇਹ ਹੀ ਕਹਿੰਦੀ ਇਹ ਨਹੀ ਪਸੰਦ ਉਹ ਨਹੀਂ ਖਾਣਾ। ਮੇਰੀ ਨਨਾਣ ਤਾਂ ਬਹੂ ਦੇ ਅੱਗੇ ਪਿੱਛੇ ਖਾਣ ਦੀਆਂ ਚੀਜ਼ਾਂ ਲੈ ਕੇ ਫਿਰਦੀ ਰਹਿੰਦੀ ਜਿਹੜੀਆਂ ਗਰਭਵਤੀ ਬਹੂ ਲਈ ਚੰਗੀਆਂ ਹੁੰਦੀਆਂ ਹਨ। ਅਗਰ ਗੀਤਾ ਜ਼ੋਰ ਦੇ ਕੇ ਕਹਿੰਦੀ ਕਿ ਤੇਰੇ ਲਈ ਫ਼ਾਇਦੇਮੰਦ ਹੈ ਤਾਂ ਉਸ ਦਾ ਬੇਟਾ ਸੁੰਦਰ ਆ ਕੇ ਆਪਣੀ ਮਾਂ ਨੂੰ ਹੀ ਕਹਿੰਦਾ ਇਸ ਤਰ੍ਹਾਂ ਨਹੀਂ ਚੱਲਦਾ ਮੰਮਾ, ਅੱਜ ਕੱਲ੍ਹ ਜ਼ਮਾਨਾ ਬਦਲ ਗਿਆ ਹੈ। ਇੰਟਰਨੈੱਟ ’ਤੇ ਸਾਰਾ ਕੁਝ ਪਤਾ ਚਲ ਜਾਂਦਾ ਹੈ। ਉਹ ਤਾਂ ਇਹੀ ਕਹਿੰਦੇ ਹਨ ਕਿ ਹੋਣ ਵਾਲੀ ਮਾਂ ਨੂੰ ਖ਼ੁਸ਼ ਰੱਖਣਾ ਚਾਹੀਦਾ ਹੈ ਤਾਂ ਹੀ ਬੱਚਾ ਤੰਦਰੁਸਤ ਪੈਦਾ ਹੁੰਦਾ ਹੈ। ਗੀਤਾ ਆਪਨੇ ਬੇਟੇ ਦੇ ਮੂੰਹ ਵੱਲ ਵੇਖਦੀ ਰਹਿ ਜਾਂਦੀ। ਜਿਹੜਾ ਪੁੱਤਰ ਪਹਿਲਾਂ ਕਹਿੰਦਾ ਹੁੰਦਾ ਸੀ ਕਿ ਮੇਰੀ ਮਾਂ ਤਾਂ ਬਹੁਤ ਸਿਆਣੀ ਹੈ ਉਸ ਨੂੰ ਹਰ ਗੱਲ ਦਾ ਪਤਾ ਹੈ, ਉਹ ਆਪ ਹੀ ਅੱਧੀ ਡਾਕਟਰ ਹੈ ਹੁਣ ਉਲਟ ਮਾਂ ਨੂੰ ਏਦਾਂ ਕਹਿਣ ਲੱਗ ਪਿਆ।

ਸਮਾਂ ਆਉਣ ’ਤੇ ਗੀਤਾ ਦੇ ਪੋਤਾ ਹੋਇਆ। ਉਸ ਦੇ ਪੈਰ ਧਰਤੀ ਨਾ ਲੱਗਣ। ਬਹੂ ਦੇ ਹਸਪਤਾਲ ਤੋਂ ਵਾਪਸ ਘਰ ਆਉਣ ’ਤੇ ਉਸ ਨੇ ਜੱਚਾ-ਬੱਚਾ ਦਾ ਸਾਰਾ ਕੰਮ ਆਪਣੇ ਸਿਰ ਲੈ ਲਿਆ ਸੀ। ਨੌਕਰਾਣੀ ਨਾਲ ਮਿਲ ਕੇ ਬੜੇ ਚਾਅ ਨਾਲ ਪੰਜੀਰੀ ਬਣਾਈ ਪਰ ਬਹੂ ਨੇ ਮੂੰਹ ਬਣਾਉਂਦੇ ਹੋਏ ਕਿਹਾ ਕਿ ਅੱਜ ਕੱਲ੍ਹ ਪੰਜੀਰੀ ਕੌਣ ਖਾਂਦਾ ਹੈ। ਮੈਂ ਕੋਈ ਮੋਟੀ ਹੋਣਾ ਹੈ ਪਰ ਹਰ ਦੂਜੇ ਦਿਨ ਪੀਜਾ, ਬਰਗਰ ਆ ਜਾਂਦੇ। ਬਹੂ ਸ਼ੌਕ ਨਾਲ ਖਾਂਦੀ ਪਰ ਬੱਚੇ ਦੇ ਪੇਟ ਵਿੱਚ ਗੈਸ ਬਣਨ ਲੱਗ ਗਈ ਤੇ ਉਹ ਬਹੁਤ ਰੋਂਦਾ। ਇੱਕ ਮਹੀਨੇ ਤੋਂ ਪਹਿਲਾਂ ਹੀ ਬਹੂ ਬਾਹਰ ਦਾ ਖਾਣਾ ਖਾਣ ਲੱਗ ਪਈ। ਬੱਚੇ ਨੂੰ ਸੱਸ ਕੋਲ ਛੱਡ ਜਾਂਦੀ ਅਤੇ ਸਹੇਲੀਆਂ ਨਾਲ ਪਾਰਟੀਆਂ ਕਰਦੀ। ਬੱਚਾ ਸਾਰਾ ਦਿਨ ਰੋਂਦਾ ਰਹਿੰਦਾ। ਦਾਦੀ ਬੜੀ ਮੁਸ਼ਕਿਲ ਨਾਲ ਸਾਂਭਦੀ। ਬਹੂ ਵਾਪਸ ਆ ਕੇ ਕਹਿੰਦੀ ਕਿ ਮੈਂ ਬਹੁਤ ਥੱਕ ਗਈ ਹਾਂ ਅਤੇ ਜਾ ਕੇ ਸੌਂ ਜਾਂਦੀ। ਜੇ ਗੀਤਾ ਕਹਿੰਦੀ ਕਿ ਉਹ ਬੱਚੇ ਨੂੰ ਸਾਂਭਦੀ ਥੱਕ ਗਈ ਹੈ ਤਾਂ ਉਹ ਬੱਚੇ ਨੂੰ ਕੁੱਟਣ ਲੱਗ ਜਾਂਦੀ। ਉਸ ਨੂੰ ਪਤਾ ਸੀ ਕਿ ਗੀਤਾ ਦੀ ਜਾਨ ਬੱਚੇ ਵਿੱਚ ਹੈ। ਇਹ ਕਹਿ ਕੇ ਆਸ਼ਾ ਨੇ ਆਪਣੀ ਗੱਲ ਮੁਕਾਈ ਕਿ ਮੇਰੀ ਨਨਾਣ ਇੰਨੀ ਚੰਗੀ ਸੀ ਕਿ ਉਨ੍ਹਾਂ ਦੀ ਕਦੇ ਵੀ ਆਪਸ ’ਚ ਲੜਾਈ ਨਹੀਂ ਸੀ ਹੋਈ। ਜੇ ਫੇਰ ਵੀ ਤੇਰੇ ਵਿਚਾਰ ਨਹੀਂ ਬਦਲੇ ਤਾਂ ਸੁਣ ਮੇਰੀ ਸਹੇਲੀ ਕਵਿਤਾ ਦੀ ਕਹਾਣੀ।

ਕਵਿਤਾ ਦੇ ਇੰਜੀਨੀਅਰ ਪੁੱਤ ਨੂੰ ਇੱਕ ਦਸਵੀਂ ਪਾਸ ਕੁੜੀ ਨਾਲ ਪਿਆਰ ਹੋ ਗਿਆ ਅਤੇ ਉਹ ਜ਼ਿੱਦ ਕਰ ਬੈਠਾ ਕਿ ਜੇ ਮੈਂ ਵਿਆਹ ਕਰਾਂਗਾ ਤਾਂ ਸਿਰਫ ਰੀਨਾ ਨਾਲ ਹੀ ਕਰਾਂਗਾ ਨਹੀਂ ਤਾਂ ਸਾਰੀ ਉਮਰ ਕੁਆਰਾ ਹੀ ਰਵਾਂਗਾ। ਆਖਰ ਹਾਰ ਕੇ ਕਵਿਤਾ ਨੂੰ ਆਪਣੇ ਪੁੱਤ ਮਨੋਜ ਦਾ ਵਿਆਹ ਰੀਨਾ ਨਾਲ ਹੀ ਕਰਨਾ ਪਿਆ। ਰੀਨਾ ਦੇ ਮਾਂ ਪਿਉ ਨੇ ਇਸ ਦਾ ਪੂਰਾ ਫ਼ਾਇਦਾ ਚੁੱਕਿਆ। ਉਨ੍ਹਾਂ ਨੇ ਵੱਡਾ ਅਹਿਸਾਨ ਜਿਤਾਇਆ ਕਿ ਉਹ ਇਸ ਵਿਆਹ ਲਈ ਬਿਲਕੁਲ ਤਿਆਰ ਨਹੀਂ ਸਨ। ਇਸ ਕਰਕੇ ਉਨ੍ਹਾਂ ਨੂੰ ਬੜੇ ਹੀ ਬੇਮਨ ਨਾਲ ਵਿਆਹ ਕਰਨਾ ਪੈ ਰਿਹਾ ਹੈ। ਨਾ ਤਾਂ ਉਨ੍ਹਾਂ ਬਰਾਤੀਆਂ ਦੀ ਚੰਗੀ ਤਰ੍ਹਾਂ ਆਉ ਭਗਤ ਕੀਤੀ ਨਾ ਕੋਈ ਰਸਮ ਚੰਗੀ ਤਰ੍ਹਾਂ ਨਿਭਾਈ। ਐਥੋਂ ਤਕ ਕਿ ਕੁੜੀ ਦੇ ਵਿਆਹ ਵੇਲੇ ਮਠਿਆਈ ਦਾ ਇੱਕ ਵੀ ਡੱਬਾ ਨਾ ਦਿੱਤਾ ਦਾਜ ਦੀ ਗੱਲ ਤਾਂ ਬਹੁਤ ਦੂਰ ਸੀ। ਫਿਰ ਵੀ ਕਵਿਤਾ ਨੇ ਸੋਚਿਆ ਕਿ ਚਲੋ ਕੋਈ ਗੱਲ ਨਹੀਂ ਮੈਂ ਆਪਣੇ ਪੁੱਤਰ ਦਾ ਦਿਲ ਨਹੀਂ ਦੁਖਣ ਦਿਆਂਗੀ। ਉਸ ਨੇ ਪੂਰੇ ਚਾਅ ਮਲਾਰ ਨਾਲ ਨੂੰਹ ਦਾ ਸਵਾਗਤ ਕੀਤਾ। ਇਕ ਵੱਡੀ ਪਾਰਟੀ ਵੀ ਦਿੱਤੀ ਕਿ ਬੱਚਿਆਂ ਦਾ ਦਿਲ ਨਾ ਟੁਟੇ। ਉਹ ਬੜੇ ਪਿਆਰ ਨਾਲ ਆਪਣੇ ਨੂੰਹ ਪੁੱਤ ਨਾਲ ਰਹਿਣ ਲੱਗ ਪਈ। ਉਸ ਨੇ ਨੂੰਹ ਦਾ ਮਾਂ ਤੋਂ ਵੱਧ ਕੇ ਖਿਆਲ ਰੱਖਿਆ ਅਤੇ ਉਸ ਨੂੰ ਕਿਹਾ ਕਿ ਬੇਟਾ ਤੂੰ ਪੜ੍ਹ ਮੈਂ ਤੈਨੂੰ ਪੜ੍ਹਾਵਾਂਗੀ। ਰੀਨਾ ਕਾਲਜ ਜਾਣ ਲੱਗ ਪਈ। ਕਵਿਤਾ ਇੱਕ ਮਾਂ ਵਾਂਗ ਕਾਲਜ ਜਾਂਦੇ ਸਮੇਂ ਨੂੰਹ ਨੂੰ ਖਾਣਾ ਖਵਾ ਕੇ ਭੇਜਦੀ। ਕਾਲਜ ਤੋਂ ਵਾਪਸ ਆਉਣ ’ਤੇ ਓਨੇ ਹੀ ਪਿਆਰ ਨਾਲ ਗਰਮਾ ਗਰਮ ਖਾਣਾ ਖਵਾਉਂਦੀ। ਬੀ ਏ ਕਰਨ ਤਕ ਰੀਨਾ ਇੱਕ ਬੱਚੇ ਦੀ ਮਾਂ ਬਣ ਗਈ। ਇਸ ਪਿੱਛੋਂ ਕਵਿਤਾ ਨੇ ਰੀਨਾ ਨੂੰ ਐਮ ਏ ਕਰਨ ਲਈ ਕਿਹਾ ਕਿ ਬੱਚੇ ਨੂੰ ਉਹ ਸਾਂਭ ਲਵੇਗੀ। ਰੀਨਾ ਐਮ ਏ ਕਰਨ ਲੱਗ ਪਈ। ਕਵਿਤਾ ਬੱਚੇ ਨੂੰ ਸਾਂਭਦੀ ਅਤੇ ਘਰ ਦਾ ਸਾਰਾ ਕੰਮ ਵੀ ਕਰਦੀ।

ਕਵਿਤਾ ਦੇ ਪਤੀ ਨਵੀਨ ਤਰੱਕੀ ਕਰਦਾ ਐਸ.ਡੀ.ਓ. ਦੀ ਪੋਸਟ ਤੋਂ ਰਿਟਾਇਰ ਹੋ ਗਏ ਸਨ। ਉਹ ਸਾਰਾ ਦਿਨ ਘਰ ਵਿੱਚ ਹੀ ਰਹਿਣ ਲੱਗ ਪਏ। ਉਸ ਨੇ ਰੀਨਾ ਤੇ ਬੇਟੇ ਮਨੋਜ ਨੂੰ ਕਿਹਾ ਕਿ ਤੁਸੀਂ ਲੋਨ ਲੈ ਕੇ ਆਪਣਾ ਘਰ ਬਣਵਾ ਲਉ, ਮੈਂ ਵੀ ਕੁਝ ਮਦਦ ਕਰ ਦਿਆਂਗਾ। ਧੁੱਪ ਵਿੱਚ ਖੜ੍ਹੇ ਰਹਿ-ਰਹਿ ਕੇ ਉਸ ਨੇ ਆਪਣੇ ਬੇਟੇ ਦਾ ਘਰ ਬਣਵਾਇਆ। ਸ਼ੁਰੂ-ਸ਼ੁਰੂ ਵਿੱਚ ਤਾਂ ਰੀਨਾ ਨੇ ਆਪਣੀ ਸੱਸ ਨੂੰ ਕਿਹਾ ਮੰਮੀ ਜੀ ਆਪਾਂ ਸਾਰੇ ਹੀ ਨਵੇਂ ਘਰ ਵਿੱਚ ਚਲਕੇ ਰਹਾਂਗੇ ਅਤੇ ਇਸ ਪੁਰਾਣੇ ਘਰ ਨੂੰ ਕਿਰਾਏ ’ਤੇ ਦੇ ਦਵਾਂਗੇ। ਉਸ ਦੇ ਕਿਰਾਏ ਨਾਲ ਲੋਨ ਵੀ ਛੇਤੀ ਹੀ ਉਤਰ ਜਾਵੇਗਾ। ਇਸ ਦੌਰਾਨ ਰੀਨਾ ਛੋਟੇ ਬੱਚਿਆਂ ਦੀ ਟਿਊਸ਼ਨ ਵੀ ਕਰਨ ਲੱਗ ਪਈ। ਕਵਿਤਾ ਦੇ ਪਤੀ ਨਵੀਨ ਨੇ ਇੱਕ ਪ੍ਰਾਈਵੇਟ ਕਾਲਜ ’ਚ ਨੌਕਰੀ ਕਰ ਲਈ। ਇਸ ਤਰ੍ਹਾਂ ਬੱਚਾ ਵੀ ਪਲਦਾ ਰਿਹਾ ਅਤੇ ਕਰਜ਼ਾ ਵੀ ਉਤਰ ਗਿਆ। ਲੇਕਿਨ ਇਕ ਦਿਨ ਅਚਾਨਕ ਕਵਿਤਾ ਦੇ ਪਤੀ ਦਾ ਐਕਸੀਡੈਂਟ ਹੋ ਗਿਆ। ਉਸ ਦੇ ਸਿਰ ’ਤੇ ਸੱਟ ਵੱਜੀ ਅਤੇ ਲਕਵੇ ਦਾ ਅਟੈਕ ਵੀ ਹੋ ਗਿਆ। ਨਵੀਨ ਦੀ ਇੱਕ ਲੱਤ ਅਤੇ ਬਾਂਹ ਬੇਕਾਰ ਹੋ ਗਏ। ਇਸ ਕਰਕੇ ਹੁਣ ਕਵਿਤਾ ਨੂੰ ਆਪਣੇ ਬਿਮਾਰ ਪਤੀ ਦੀ ਸੇਵਾ ਵੀ ਕਰਨੀ ਪੈਂਦੀ। ਇਸੇ ਵਜ੍ਹਾ ਕਰਕੇ ਹੁਣ ਕਵਿਤਾ ਘਰ ਦੀ ਦੇਖਭਾਲ ਅਤੇ ਬੱਚੇ ਦਾ ਸਾਰਾ ਕੰਮ ਨਹੀਂ ਸੀ ਕਰ ਪਾ ਰਹੀ। ਉਹ ਬਹੁਤ ਥੱਕ ਜਾਂਦੀ।

ਹੌਲੀ-ਹੌਲੀ ਕਵਿਤਾ ਨੇ ਮਹਿਸੂਸ ਕੀਤਾ ਕਿ ਨੂੰਹ ਉਸ ਨੂੰ ਬੁਲਾਉਂਦੀ ਹੀ ਨਹੀਂ। ਐਥੋਂ ਤੱਕ ਕਿ ਉਸ ਦੇ ਵੱਲ ਵੇਖਦੀ ਵੀ ਨਹੀਂ। ਕਵਿਤਾ ਅਤੇ ਉਸ ਦੇ ਪਤੀ ਨਵੀਨ ਦਾ ਹਾਲ ਬਹੁਤ ਬੁਰਾ ਹੋ ਗਿਆ ਸੀ। ਇੱਕ ਦਿਨ ਬਿਨਾਂ ਕਿਸੇ ਵਜ੍ਹਾ ਦੇ ਰੀਨਾ ਨੇ ਉਨ੍ਹਾਂ ਨਾਲ ਬਹੁਤ ਲੜਾਈ ਕੀਤੀ। ਫੇਰ ਤਾਂ ਇਹ ਲੜਾਈ ਅਕਸਰ ਹੀ ਹੋਣ ਲੱਗ ਪਈ। ਕਵਿਤਾ ਦਾ ਆਪਣੇ ਪੁੱਤਰ ਤੇ ਨੂੰਹ ਨਾਲ ਰਹਿਣਾ ਦੁੱਭਰ ਹੋ ਗਿਆ ਸੀ। ਬੇਟਾ ਮਨੋਜ ਆਪਣੀ ਪਤਨੀ ਦਾ ਹੀ ਸਾਥ ਦਿੰਦਾ ਸੀ। ਰੀਨਾ ਗੱਲ-ਗੱਲ ’ਤੇ ਮਰਨ ਦੀ ਧਮਕੀ ਦਿੰਦੀ ਜਾਂ ਬੱਚੇ ਨੂੰ ਕੁੱਟਣ ਲੱਗ ਪੈਂਦੀ। ਇੱਕ ਦਿਨ ਕਵਿਤਾ ਨੇ ਆਪਣੇ ਪਤੀ ਨੂੰ ਕਿਹਾ ਮੈਂ ਸੋਚਦੀ ਹਾਂ ਕਿ ਸਾਨੂੰ ਹੁਣ ਆਪਣੇ ਘਰ ਚਲੇ ਜਾਣਾ ਚਾਹੀਦਾ ਹੈ, ਜਿੱਥੇ ਇੱਜ਼ਤ ਨਾ ਹੋਵੇ ਉਥੇ ਕੀ ਰਹਿਣਾ। ਉਸ ਦੇ ਪਤੀ ਦੇ ਮਨ ’ਚ ਇਹ ਗੱਲ ਤਾਂ ਪਹਿਲਾਂ ਹੀ ਆ ਰਹੀ ਸੀ। ਉਹ ਦੋਨੋਂ ਹੀ ਆਪਣੇ ਪੁਰਾਣੇ ਘਰ ਵਾਪਸ ਆ ਗਏ। ਉਨ੍ਹਾਂ ਆਪਣੀ ਆਮਦਨ ਲਈ ਘਰ ਦਾ ਇੱਕ ਕਮਰਾ ਕਿਰਾਏ ’ਤੇ ਦੇ ਦਿੱਤਾ। ਇਹ ਸਾਰੀ ਗੱਲ ਕਰਨ ਤੋਂ ਬਾਅਦ ਆਸ਼ਾ ਨੇ ਸ਼ੀਲਾ ਨੂੰ ਕਿਹਾ ਹੁਣ ਤੂੰ ਹੀ ਦੱਸ ਮੈਂ ਕਿੱਥੇ ਗ਼ਲਤ ਹਾਂ। ਮੈਂ ਤਾਂ ਕਹਿੰਦੀ ਹਾਂ ਪਹਿਲਾਂ ਹੀ ਆਪਣਾ ਮਨ ਪੱਕਾ ਕਰ ਕੇ ਪੁੱਤਰ ਦਾਨ ਕਰ ਦਿਉ ਕਿਉਂਕਿ ਹਰ ਪਾਸੇ ਜਿਸ ਤਰ੍ਹਾਂ ਮੁੰਡੇ ਕੁੜੀ ਦੀ ਬਰਾਬਰੀ ਦੀ ਗੱਲ ਹੋ ਰਹੀ ਹੈ, ਅਕਲਮੰਦੀ ਇਸੇ ’ਚ ਹੈ ਕਿ ਜਿੱਧਰ ਹਵਾ ਦਾ ਰੁਖ ਹੋਵੇ ਉੱਧਰ ਹੀ ਆਪਣੇ ਆਪ ਨੂੰ ਕਰ ਲਵੋ। ਇੰਨਾ ਕਹਿ ਉਹ ਹੱਸਦਿਆਂ ਅੱਖਾਂ ’ਚ ਇੱਕ ਦੋ ਹੰਝੂ ਪੂੰਝਦੇ ਕਹਿਣ ਲੱਗੀ,‘ਹੁਣ ਤਾਂ ਕੁੜੀ ਵਾਲਿਆਂ ਨੂੰ ਬਰਾਤ ਲੈ ਕੇ ਅਤੇ ਮੁੰਡੇ ਨੂੰ ਵਿਦਾ ਕਰਾ ਕੇ ਲੈ ਜਾਣਾ ਚਾਹੀਦਾ ਹੈ। ਜੇ ਬਾਅਦ ’ਚ ਵੀ ਪੁੱਤਰ ਦਾਨ ਹੋ ਹੀ ਜਾਣਾ ਹੈ ਫੇਰ ਪਹਿਲਾਂ ਹੀ ਕਰ ਦਿਓ।’ ਆਸ਼ਾ ਹੰਝੂ ਭਰੀਆਂ ਅੱਖਾਂ ਨਾਲ ਚਿਹਰੇ ’ਤੇ ਮੁਸਕਰਾਹਟ ਲਿਆਉਂਦੇ ਹੋਏ ਚਲੀ ਗਈ।

# ਮੇਰੀ ਕਲਮ



## ਕਿਹੋ ਜਿਹੇ ਨੇ ਤੇਰੇ ਸ਼ਹਿਰ ਦੇ

ਅਜਮੇਰ ਗਿੱਲ

ਕਿਹੋ ਜਿਹੇ ਨੇ ਤੇਰੇ ਸ਼ਹਿਰ ਦੇ ਅਵਾਮ ਸੱਜਣ।
ਛੁਪਾਕੇ ਰੱਖਦੇ ਨੇ ਕਾਤਲ ਮਿਰੇ ਦਾ ਨਾਮ ਸੱਜਣ।
ਉਤਰਦੀ ਹੁਣ ਵੀ ਹੈ, ਪਰ ਪਹਿਲੀ ਤਰ੍ਹਾਂ ਸਹਿਜ ਨਹੀਂ,
ਡਰੀ ਡਰੀ ਹੈ ਬੜੀ, ਸਹਿਮੀ ਸਹਿਮੀ ਸ਼ਾਮ ਸੱਜਣ।
ਬੜਾ ਹੈ ਲੰਬਾ ਸਫ਼ਰ ਰਾਤ ਦੇ ਨੇ ਬਾਰਾਂ ਵਜੇ,
ਕਰੋ ਜਨਾਬ ਦਾ ਕੁਛ ਹੋਰ ਇੰਤਜ਼ਾਮ ਸੱਜਣ।
ਪੜਾਅ ਤਾਂ ਮੈਂ ਵੀ ਹਾਂ ਤੇਰਾ ਮਗਰ ਨਸੀਬ ਨਹੀਂ,
ਨਵੇਂ ਸਫ਼ਰ 'ਚ ਤਿਰਾ ਫਿਰ ਵੀ ਹਾਂ ਕਿਆਮ ਸੱਜਣ।
ਤਮਾਮ ਰਾਤ ਰਹੇ ਟੁੱਟਦਾ ਕੁਛ ਨਾ ਕੁਛ ਦਿਲ 'ਚੋਂ,
ਤਿਰੇ ਬਿਨਾਂ ਵੀ ਜਿਵੇਂ ਨੀਂਦ ਹੈ ਹਰਾਮ ਸੱਜਣ।
ਕਿਹੋ ਜਿਹੀ ਤਿਰੇ 'ਅਜਮੇਰ' ਨੂੰ ਮਿਲੀ ਹਿਜਰਤ,
ਦਿਨੇ ਹੈ ਚੈਨ, ਤੇ ਨਾ ਹੈ ਰਾਤ ਨੂੰ ਆਰਾਮ ਸੱਜਣ।

## ਬੱਸ ਦੇ ਸਫ਼ਰ 'ਚ

ਡਾ. ਅਮਰਜੀਤ ਕੌਂਕੇ



ਬੱਸ ਦੇ ਸਫ਼ਰ 'ਚ
ਮੇਰੇ ਤੋਂ ਅਗਲੀ ਸੀਟ 'ਤੇ
ਬੈਠੀ ਹੋਈ ਸੀ ਔਰਤ ਇੱਕ
ਨਾਲ ਪਤੀ ਓਸਦਾ
ਗੋਦ 'ਚ ਬੱਚਾ ਖੇਡਦਾ
ਛੋਟਾ ਜਿਹਾ

ਮਮਤਾ ਦੇ ਨਾਲ ਭਰੀ ਉਹ ਔਰਤ
ਉਸ ਨਿੱਕੇ ਜਿਹੇ ਬੱਚੇ ਨੂੰ
ਚੁੰਮ ਰਹੀ ਸੀ ਵਾਰ ਵਾਰ
ਮਾਸੂਮ ਉਸਦੇ ਚਿਹਰੇ ਨਾਲ
ਛੁਹਾ ਰਹੀ ਠੋਡੀ ਸੀ ਆਪਣੀ
ਉਸ ਦੇ ਅੰਦਰੋਂ ਡੁੱਲ੍ਹ ਰਹੀ ਸੀ
ਭਰ ਭਰ ਮਮਤਾ

ਡੁੱਲ੍ਹ ਰਿਹਾ ਸੀ ਉਸ ਦੇ ਅੰਦਰੋਂ
ਮਮਤਾ ਦਾ ਪਿਆਰ

ਮੇਰੇ ਮਨ ਵਿੱਚ
ਜੁਗਾਂ ਜੁਗਾਂ ਤੋਂ ਦੱਬੀ ਹੋਈ
ਜਾਗੀ ਹਸਰਤ
ਮੇਰੇ ਮਨ ਵਿੱਚ ਸਦੀਆਂ ਤੋਂ ਸੁੱਤਾ
ਆਇਆ ਖ਼ਿਆਲ

ਕਾਸ਼ ਕਿ ਇਸ ਔਰਤ ਦੀ
ਗੋਦ 'ਚ ਲੇਟਿਆ
ਨਿੱਕਾ ਜਿਹਾ ਬੱਚਾ ਮੈਂ ਹੁੰਦਾ
ਕਾਸ਼ ਕਿ ਇਹ ਔਰਤ
ਮੇਰੀ ਮਾਂ ਹੁੰਦੀ।

## ਸਿਤਾਰੇ ਬਣ ਕੇ ਚਮਕਾਂਗੇ, ਘਟਾਵਾਂ ਬਣ ਕੇ ਛਾਵਾਂਗੇ

ਸੁਰਜੀਤ ਸਖੀ



ਸਿਤਾਰੇ ਬਣ ਕੇ ਚਮਕਾਂਗੇ, ਘਟਾਵਾਂ ਬਣ ਕੇ ਛਾਵਾਂਗੇ,
ਅਸੀਂ ਆਕਾਸ਼ ਤੇਰੇ 'ਤੇ, ਕਈ ਰੰਗਾਂ 'ਚ ਆਵਾਂਗੇ।
ਸਰੀਰਕ ਸ਼ਾਂਤੀ ਖਾਤਰ, ਅਸੀਂ ਪੱਛਮ 'ਚ ਆਏ ਹਾਂ,
ਤੇ ਮੁੜ ਕੇ ਆਤਮਕ ਤ੍ਰਿਪਤੀ ਲਈ, ਪੂਰਬ 'ਚ ਜਾਵਾਂਗੇ।
ਇਹ ਚਾਦਰ ਪਾਰਦਰਸੀ ਹੈ, ਤੇ ਮੈਲੀ ਗੰਢੜੀ ਸਾਡੀ,
ਸ਼ਰੀਕਾਂ ਦੇ ਮੁਹੱਲੇ ਵਿੱਚ, ਇਹਨੂੰ ਕਿੱਥੇ ਲੁਕਾਵਾਂਗੇ।
ਕਰੀਬੀ ਸਾਕ ਨੇ ਸਾਡੇ, ਇਹ ਕੰਡੇ, ਜ਼ਹਿਰ ਤੇ ਸੂਲੀ,
ਜੇ ਕਿਧਰੇ ਆ ਬਣੀ, ਤਾਂ ਬੇਧੜਕ ਰਿਸ਼ਤਾ ਨਿਭਾਵਾਂਗੇ।
ਸਨਾਤਨ ਰੂਪ ਚੇਤਨ ਦਾ, ਸਦੀਵੀ ਨੂਰ ਦੇ ਵੰਸ਼ਜ,
ਅਸੀਂ ਜਿਥੇ ਵੀ ਹੋਵਾਂਗੇ, ਹਮੇਸ਼ਾ ਜਗਮਗਾਵਾਂਗੇ।

## ਲੋਹੇ ਦਾ ਸ਼ਹਿਰ

ਸ਼ਿਵ ਕੁਮਾਰ ਬਟਾਲਵੀ



ਲੋਹੇ ਦੇ ਇਸ ਸ਼ਹਿਰ ਵਿੱਚ
ਪਿੱਤਲ ਦੇ ਲੋਕ ਰਹਿੰਦੇ
ਸਿੱਕੇ ਦਾ ਬੋਲ ਬੋਲਣ
ਸ਼ੀਸ਼ੇ ਦਾ ਵੇਸ ਪਾਉਂਦੇ
ਜਿਸਤੀ ਇਹਦੇ ਗਗਨ 'ਤੇ
ਪਿੱਤਲ ਦਾ ਚੜ੍ਹਦਾ ਸੂਰਜ
ਤਾਂਬੇ ਦੇ ਰੁੱਖਾਂ ਉੱਪਰ
ਸੋਨੇ ਦੇ ਗਿਰਝ ਬਹਿੰਦੇ
ਇਸ ਸ਼ਹਿਰ ਦੇ ਇਹ ਲੋਕੀ
ਜ਼ਿੰਦਗੀ ਦੀ ਹਾੜ੍ਹੀ ਸਾਉਣੀ
ਧੂਏਂ ਦੇ ਵੱਢ ਵਾਹ ਕੇ
ਸ਼ਰਮਾਂ ਨੇ ਬੀਜ ਆਉਂਦੇ
ਚਾਂਦੀ ਦੀ ਫ਼ਸਲ ਨਿੱਸਰੇ
ਲੋਹੇ ਦੇ ਹੱਡ ਖਾ ਕੇ
ਇਹ ਰੋਜ਼ ਚੁਗਣ ਸਿੱਟੇ
ਜਿਸਮਾਂ ਦੇ ਖੇਤ ਜਾਂਦੇ
ਇਸ ਸ਼ਹਿਰ ਦੇ ਇਹ ਵਾਸੀ
ਬਿਰਹਾ ਦੀ ਜੂਨ ਆਉਂਦੇ
ਬਿਰਹਾ ਹੰਢਾ ਕੇ ਸੱਭੇ
ਸੱਖਣੇ ਦੀ ਪਰਤ ਜਾਂਦੇ
ਲੋਹੇ ਦੇ ਇਸ ਸ਼ਹਿਰ ਵਿੱਚ
ਅੱਜ ਢਾਰਿਆਂ ਦੇ ਉਹਲੇ
ਸੂਰਜ ਕਲੀ ਕਰਾਇਆ
ਲੋਕਾਂ ਨੇ ਨਵਾਂ ਕਹਿੰਦੇ
ਲੋਹੇ ਦੇ ਇਸ ਸ਼ਹਿਰ ਵਿੱਚ
ਲੋਹੇ ਦੇ ਲੋਕ ਰਹਿਸਣ
ਲੋਹੇ ਦੇ ਗੀਤ ਸੁਣਦੇ
ਲੋਹੇ ਦੇ ਗੀਤ ਗਾਉਂਦੇ
ਲੋਹੇ ਦੇ ਇਸ ਸ਼ਹਿਰ ਵਿੱਚ
ਪਿੱਤਲ ਦੇ ਲੋਕ ਰਹਿੰਦੇ
ਸਿੱਕੇ ਦੇ ਬੋਲ ਬੋਲਣ
ਸ਼ੀਸ਼ੇ ਦਾ ਵੇਸ਼ ਪਾਉਂਦੇ

## ਸੁਰਜੀਤ ਪਾਤਰ

ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ ਕੈਲੀਫੋਰਨੀਆ





ਕਲਮ ਦਾ ਉਹ ਧਨੀ ਸੀ
ਕਲਮ ਦਾ ਉਸਤਾਦ ਸੀ
ਕਲਮ ਜਦ ਚਲਦੀ ਸੀ
ਬਣਦੀ ਗੱਲਬਾਤ ਸੀ
ਕਲਮ ਉਸ ਦੀ ਸ਼ਾਨ ਸੀ
ਕਲਮ ਹੀ ਪਹਿਚਾਨ ਸੀ
ਕਲਮ ਜਿੰਦ ਜਾਨ ਸੀ
ਕਲਮ ਨਾਲ ਜਹਾਨ ਸੀ
ਕਲਮ ਦਾ ਉਹ ਮਾਣ ਸੀ
ਕਲਮ ਵਿੱਚ ਪ੍ਰਾਣ ਸੀ
ਸ਼ਾਇਰ ਉਹ ਕਮਾਲ ਸੀ
ਵਿੱਚ ਦੁਨੀਆਂ ਧਮਾਲ ਸੀ
ਨਾਮ ਉਸ ਦਾ ਸੁਰਜੀਤ ਸੀ
ਕਲਮ ਨਾਲ ਪ੍ਰੀਤ ਸੀ
ਤੋਰੀ ਨਵੀਂ ਗੀਤ ਸੀ
ਸ਼ਬਦਾਂ ਦਾ ਉਹ ਮੀਤ ਸੀ
ਕਲਮ ਦੀ ਉਹ ਖਾਤਰ ਸੀ
ਕਲਮ ਕਰਕੇ ਉਹ ਪਾਤਰ ਸੀ
ਰੰਧਾਵਾ ਕਰੇ ਕੋਸ਼ਿਸ਼ ਲਿਖਣ ਦੀ
ਪਰ ਪਹੁੰਚੇ ਨਾ ਉਹਦੇ ਮਾਤਰ ਵੀ

## ਬੀਤਿਆ ਵੇਲਾ

ਸੁਖਵਿੰਦਰ ਸਿੰਘ ਮੁੱਲਾਂਪੁਰ



ਕਿੱਧਰ ਤੋਰ ਦਿੱਤੇ ਅਸੀਂ ਗੱਡੇ ਭੇਡੇ,
ਕਿੱਧਰ ਤੋਰ ਦਿੱਤੇ ਗਊਆਂ ਦੇ ਜਾਏ।
ਬਥੇਰਾ ਕਣਕਾਂ ਦਾ ਕੁਤਰਾ ਕੀਤਾ,
ਦਿਨ ਰਾਤ ਥਰੈਸ਼ਰਾਂ ਦੇ ਰੁੱਗ ਲਾਏ।
ਹੁਣ ਕੋਈ ਰੇੜੀ ਵੱਛਾ ਨਾ ਜੋੜੇ,
ਮੋਟਰਸਾਇਕਲਾਂ ਪਿੱਛੇ ਰੇਹੜੇ ਪਾਏ।
ਨਾ ਕੋਈ ਹੱਥੀਂ ਹੱਲ ਹੈ ਵਾਉਂਦਾ,
ਰੀਸੋ ਰੀਸ ਵੱਡੇ ਟਰੈਕਟਰ ਲਿਆਏ।
ਪਹਿਲਾਂ ਰੱਲ ਮਿਲ ਕਿਰਸਾਨੀ ਕਰਦੇ,
ਹੁਣ ਮਸ਼ੀਨੀ ਯੁੱਗ ਨੇ ਪਿਆਰ ਘਟਾਏ।
ਸ਼ਲਗਮ ਗਾਜਰਾਂ ਖਾ ਚੂਪ ਚੂਪ ਕੇ ਗੰਨੇ,
ਵਧੀਆ ਖੇਤਾਂ ਵਿੱਚ ਦਿਨ ਬਿਤਾਏ।
ਮੁੱਲਾਂਪੁਰ ਵੇਲਾ ਮੁੜ ਨਹੀਓਂ ਆਉਣਾ,
ਬਚਪਨ ਵਿੱਚ ਜੋ ਦਿਨ ਲੰਘਾਏ।

## ਖੇਡਦੇ ਸਨ ਜੋ ਕਦੇ ਬਚਪਨ ਦਿਆਂ ਯਾਰਾਂ ਦੇ ਨਾਲ

ਆਜ਼ਾਦ ਜਲੰਧਰੀ

ਖੇਡਦੇ ਸਨ ਜੋ ਕਦੇ ਬਚਪਨ ਦਿਆਂ ਯਾਰਾਂ ਦੇ ਨਾਲ।
ਆ ਗਏ ਛੱਡਕੇ ਵਤਨ ਘਰ ਬਾਰ ਪਰਿਵਾਰਾਂ ਦੇ ਨਾਲ।
ਦਿਲ ਦੇ ਬੀਮਾਰਾਂ ਤੋਂ ਬਚਕੇ ਆਏ ਸਾਂ ਏਥੇ ਮਗਰ,
ਦੋਸਤੀ ਕਰਨੀ ਪਈ ਏ ਰੂਹ ਦੇ ਬੀਮਾਰਾਂ ਦੇ ਨਾਲ।
ਜਾਲ ਵਿੱਚ ਫਸਦੇ ਨੇ ਪੰਛੀ ਦਾਣਿਆਂ ਦੇ ਲੋਭ ਨੂੰ,
ਹੋ ਰਿਹਾ ਇਹ ਖੇਲ ਸਦੀਆਂ ਤੋਂ ਹੈ ਲਾਚਾਰਾਂ ਦੇ ਨਾਲ।
ਲੈ ਕੇ ਪਰਦੇਸਾਂ 'ਚ ਆਈਆਂ ਜਿਹਨਾਂ ਨੂੰ ਮਜ਼ਬੂਰੀਆਂ,
ਮੈਂ ਕਈ ਦੇਖੇ ਨੇ ਰੋਂਦੇ ਲਗਕੇ ਦੀਵਾਰਾਂ ਦੇ ਨਾਲ।
ਘੋਲਕੇ ਮੈਅ ਦੇ ਪਿਆਲੇ ਵਿੱਚ ਇਹ ਪਾ ਜਾਂਦੇ ਨੇ ਗ਼ਮ,
ਰਾਤ ਦਿਨ ਪਏ ਖੇਡਦੇ ਨਾਦਾਨ ਅੰਗਿਆਰਾਂ ਦੇ ਨਾਲ।
ਮਿਲ ਗਏ ਡਾਲਰ ਬੜੇ ਔਲਾਦ ਪਰ ਹੱਥੋਂ ਗਈ,
ਜੂਝਦੇ ਮਾਪੇ ਨੇ ਫਿਰ ਵੀ ਆਪਣੇ ਰੁਜ਼ਗਾਰਾਂ ਦੇ ਨਾਲ।
ਇਸ ਮਸ਼ੀਨਾਂ ਦੇ ਸ਼ਹਿਰ ਵਿੱਚ ਆ ਤੇ ਪੁੱਜੇ ਹਾਂ ਅਜ਼ਾਦ'
ਕਿਸ ਤਰ੍ਹਾਂ ਦੌੜਾਂਗੇ ਯਾਰੋ, ਤੇਜ਼ ਰਫ਼ਤਾਰਾਂ ਦੇ ਨਾਲ।

## ਕਵਿਤਾ ਸੋਚ ਰਹੀ ਸੀ

ਸੁਰਿੰਦਰ ਗੀਤ

ਕੁਝ ਕਵੀ
ਮੰਚ ਉੱਤੇ
ਰਾਜਨੀਤਕ ਨੇਤਾ ਨੂੰ
ਵਿਚਾਲੇ ਬਿਠਾ
ਕਤਾਰ ਬੰਨ੍ਹੀ ਬੈਠੇ ਸਨ
ਆਪਣੇ ਮੂਹਰੇ
ਰੰਗ-ਬਰੰਗੇ ਫੁੱਲਾਂ ਦੇ
ਗੁਲਦਸਤੇ ਸਜਾ ਕੇ ।
ਕੁਝ ਕਵੀ
ਪੰਡਾਲ 'ਚ ਬੈਠੇ
ਇੱਕ ਦੂਸਰੇ ਨੂੰ
ਖ਼ੁਸ਼ ਕਰ ਰਹੇ ਸਨ
ਤਾੜੀਆਂ ਵਜਾ ਕੇ ।
ਪਰ
ਕਵਿਤਾ ਇੱਕ ਪਾਸੇ ਖੜ੍ਹੀ
ਕੱਲਮ-ਕੱਲੀ
ਰੋ ਰਹੀ ਸੀ
ਸੋਚ ਰਹੀ ਸੀ
ਕਿ ਕਿਉਂ
ਮੇਰੇ ਸਿਰਜਣਹਾਰਿਆਂ ਨੇ
ਮੇਰੇ ਖੰਭ ਕਤਰ ਕੇ
ਰਾਜਨੀਤੀ ਦੇ ਪੈਰਾਂ 'ਚ
ਰੋਲ ਦਿੱਤੇ ਹਨ
ਕਿਉਂ ਮੇਰੇ ਸ਼ਬਦਾਂ 'ਚ
ਮੌਕਾਪ੍ਰਸਤੀ
ਚਾ-ਪਲੂਸੀ
ਤੇ ਖ਼ੁਦਗਰਜ਼ੀ ਦੇ ਜ਼ਹਿਰ
ਘੋਲ ਦਿੱਤੇ ਹਨ।
ਮੈਂ ਹੁਣ
ਨਾ ਅੰਬਰੀਂ ਉਡਾਰੀਆਂ ਲਾਉਂਦੀ ਹਾਂ
ਨਾ ਚੰਨ ਤਾਰਿਆਂ ਦੇ ਦੇਸ਼ ਜਾਂਦੀ ਹਾਂ
ਨਾ ਬੇਇਨਸਾਫ਼ੀਆਂ ਵਿਰੁੱਧ
ਆਵਾਜ਼ ਉਠਾਉਂਦੀ ਹਾਂ
ਨਾ ਸੁੱਤਿਆਂ ਨੂੰ ਜਗਾਉਂਦੀ ਹਾਂ
ਨਾ ਕ੍ਰਾਂਤੀ ਦਾ ਪੈਗ਼ਾਮ ਲਿਆਉਂਦੀ ਹਾਂ।
ਮੈਂ
ਰਾਜਨੀਤੀ ਦੇ ਮਹਿਲਾਂ ਵਿੱਚ
ਖੰਭਾਂ ਤੋਂ ਬਿਨਾਂ
ਫੜਫੜਾ ਰਹੀ ਹਾਂ
ਲੜਖੜਾ ਗਈ ਹਾਂ
ਇਸ ਤਰ੍ਹਾਂ ਲੱਗਦੈ
ਜਿਵੇਂ ਮੈਂ ਰਾਜਨੀਤੀ ਦੀ ਰਖੇਲ ਹੋਵਾਂ।

## ਲੋਰੀ

ਅਹਿਮਦ ਸਲੀਮ
(ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੀ ਨਜ਼ਰ)



ਸੁੰਝੀਆਂ ਰਾਹਾਂ ਉੱਤੇ ਤੁਰਦੇ ਤੁਰਦੇ
ਮੈਨੂੰ ਗੀਤਾਂ ਦੀ ਇੱਕ ਮਾਲਾ ਲੱਭੀ
ਮੁੜ ਸੁੰਝੀਆਂ ਰਾਹਾਂ
ਸੁੰਝੀਆਂ ਨਾ ਰਹੀਆਂ
ਮੁੜ ਅੱਖਾਂ ਦੇ ਮੋਤੀ
ਚਾਨਣ ਦੇ ਫੁੱਲ ਬਣ ਗਏ
ਮੁੜ ਇੱਕ ਨਾਰ ਦੀ ਸੂਹੀ ਚੁੰਨੀ
ਹੰਝੂਆਂ ਦੇ ਸਾਗਰ ਵਿੱਚ ਤਰਦੀ ਤਰਦੀ
ਜਦ ਕੰਢੇ 'ਤੇ ਆਈ
ਆਪਣੇ ਹੱਕ ਲਈ
ਉੱਠੀਆਂ ਬਾਹਾਂ ਸੰਗ ਲਹਿਰਾਈ ।
ਗੀਤਾਂ ਦੀ ਇਹ ਸੁੰਦਰ ਮਾਲਾ
ਮੇਰੇ ਸਾਰੇ ਦੁੱਖੜੇ ਵੰਡੇ
ਵੇਖ ਨਾ ਸਕੇ
ਮੇਰੇ ਪੈਰੀਂ ਕੰਡੇ
ਜਿਉਂ ਮਾਂ ਦੀ ਲੋਰੀ
ਆਪਣੇ ਹੱਕ ਵਿੱਚ ਉੱਠੀਆਂ ਬਾਹਾਂ
ਹੋਰ ਵੀ ਉੱਚੀਆਂ ਹੋ ਗਈਆਂ ਨੇ ।

# ਦਿਨੇਸ਼ ਕਾਰਤਿਕ ਅਤੇ ਕੇਦਾਰ ਜਾਧਵ ਵੱਲੋਂ ਕ੍ਰਿਕਟ ਤੋਂ ਸੰਨਿਆਸ ਦਾ ਐਲਾਨ

ਪੁਣੇ/ਏ.ਟੀ.ਨਿਊਜ਼ : ਭਾਰਤ ਦੇ ਸਾਬਕਾ ਵਿਕਟਕੀਪਰ ਬੱਲੇਬਾਜ਼ ਦਿਨੇਸ਼ ਕਾਰਤਿਕ ਨੇ ਕ੍ਰਿਕਟ ਦੀਆਂ ਸਾਰੀਆਂ ਵਣਗੀਆਂ ਤੋਂ ਸੰਨਿਆਸ ਦਾ ਐਲਾਨ ਕੀਤਾ ਉਥੇ ਹੀ ਭਾਰਤ ਤੇ ਮਹਾਰਾਸ਼ਟਰ ਦੇ ਬੱਲੇਬਾਜ਼ ਕੇਦਾਰ ਜਾਧਵ ਨੇ ਨੈਸ਼ਨਲ ਟੀਮ ਲਈ ਆਖਰੀ ਮੈਚ ਖੇਡਣ ਦੇ ਚਾਰ ਸਾਲ ਬਾਅਦ ਕੌਮਾਂਤਰੀ ਕ੍ਰਿਕਟ ਤੋਂ ਸੰਨਿਆਸ ਦਾ ਐਲਾਨ ਕੀਤਾ। ਭਾਰਤ ਲਈ ਨਵੰਬਰ 2014 ਵਿੱਚ ਰਾਂਚੀ ’ਚ ਸ੍ਰੀਲੰਕਾ ਖ਼ਿਲਾਫ਼ ਇੱਕ ਰੋਜ਼ਾ ਕੌਮਾਂਤਰੀ ਮੁਕਾਬਲੇ ਨਾਲ ਸ਼ੁਰੂਆਤ ਕਰਨ ਵਾਲੇ 39 ਸਾਲਾ ਜਾਧਵ ਨੇ 73 ਇੱਕ ਰੋਜ਼ਾ ਕੌਮਾਂਤਰੀ ਅਤੇ ਨੌਂ ਟੀ20 ਕੌਮਾਂਤਰੀ ਮੁਕਾਬਲੇ ਖੇਡੇ। ਭਾਰਤ ਦੇ ਸਾਬਕਾ ਕਪਤਾਨ ਮਹਿੰਦਰ ਸਿੰਘ ਧੋਨੀ ਦੇ ਕਰੀਬੀ ਮੰਨੇ ਜਾਣ ਵਾਲੇ ਜਾਧਵ ਨੇ ਵਿਕਟਕੀਪਰ-ਬੱਲੇਬਾਜ਼ ਦੀ ਸ਼ੈਲੀ ਵਿੱਚ ਹੀ ਸੰਨਿਆਸ ਦਾ ਐਲਾਨ ਕੀਤਾ। ਜਾਧਵ ਨੇ ਐਕਸ ’ਤੇ ਲਿਖਿਆ, “ਮੇਰੇ ਕਰੀਅਰ ਦੌਰਾਨ ਤੁਹਾਡੇ ਪਿਆਰ ਅਤੇ ਸਮਰਥਨ ਲਈ ਧੰਨਵਾਦ। ਮੇਰਾ ਕ੍ਰਿਕਟ ਦੀਆਂ ਸਾਰੀਆਂ ਵੰਨਗੀਆਂ ਤੋਂ ਸੰਨਿਆਸ



ਲਿਆ ਹੋਇਆ ਸਮਝੋ।” ਜਾਧਵ ਐਤਵਾਰ ਨੂੰ ਪੁਣੇ ਵਿੱਚ ਸ਼ੁਰੂ ਹੋਈ ਮਹਾਰਾਸ਼ਟਰ ਪ੍ਰੀਮੀਅਰ ਲੀਗ ’ਚ ਕੋਹਲਾਪੁਰ ਟਸਕਰਜ਼ ਦੀ ਕਪਤਾਨੀ ਕਰ ਰਿਹਾ ਹੈ ਅਤੇ ਉਸ ਦੀ ਪੋਸਟ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਉਹ ਇਸ ਟੂਰਨਾਮੈਂਟ ਵਿੱਚ ਅੱਗੇ ਖੇਡੇਗਾ ਜਾਂ ਨਹੀਂ।

ਜਾਧਵ ਨੇ ਭਾਰਤ ਲਈ 73 ਇੱਕ ਰੋਜ਼ਾ ਕੌਮਾਂਤਰੀ ਮੈਚਾਂ ਵਿੱਚ ਦੋ ਸੈਂਕੜਿਆਂ ਅਤੇ ਛੇ ਨੀਮ ਸੈਂਕੜਿਆਂ ਦੀ ਮਦਦ ਨਾਲ 42.09 ਦੀ ਔਸਤ ਨਾਲ 1389 ਦੌੜਾਂ ਬਣਾਈਆਂ। ਜਾਧਵ ਨੇ ਆਪਣੇ ਕਰੀਅਰ ਦੀ



ਸਰਵੋਤਮ ਪਾਰੀ ਜਨਵਰੀ, 2017 ਵਿੱਚ ਪੁਣੇ ’ਚ ਇੱਕ ਰੋਜ਼ਾ ਕੌਮਾਂਤਰੀ ਮੈਚ ਦੌਰਾਨ ਇੰਗਲੈਂਡ ਖ਼ਿਲਾਫ਼ ਖੇਡੀ, ਜਦ ਉਸ ਨੇ ਵੱਡੇ ਸਕੋਰ ਵਾਲੇ ਮੈਚ ਵਿੱਚ 76 ਗੇਂਦਾਂ ਵਿੱਚ 12 ਚੌਕੇ ਅਤੇ ਚਾਰ ਛੱਕਿਆਂ ਨਾਲ 120 ਦੌੜਾਂ ਦੀ ਪਾਰੀ ਖੇਡਦਿਆਂ ਆਪਣਾ ਦੂਜਾ ਸੈਂਕੜਾ ਜੜ ਕੇ ਭਾਰਤ ਨੂੰ ਤਿੰਨ ਵਿਕਟਾਂ ਨਾਲ ਜਿੱਤ ਦਿਵਾਉਣ ’ਚ ਅਹਿਮ ਭੂਮਿਕਾ ਨਿਭਾਈ ਸੀ।

ਦੂਜੇ ਪਾਸੇ ਭਾਰਤ ਦੇ ਸਾਬਕਾ ਵਿਕਟਕੀਪਰ ਬੱਲੇਬਾਜ਼ ਦਿਨੇਸ਼ ਕਾਰਤਿਕ ਨੇ ਦੋ ਦਹਾਕਿਆਂ ਤੱਕ ਦੇਸ਼ ਲਈ ਖੇਡਣ ਤੋਂ ਬਾਅਦ ਕ੍ਰਿਕਟ ਦੇ ਹਰ ਫਾਰਮੈਟ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਹੈ। ਰੌਇਲ ਚੈਲੰਜਰਜ਼ ਬੰਗਲੂਰੂ (ਆਰਸੀਬੀ) ਦੇ ਇੰਡੀਅਨ ਪ੍ਰੀਮੀਅਰ ਲੀਗ ਐਲੀਮੀਨੇਟਰ ਤੋਂ ਬਾਹਰ ਹੋਣ ਤੋਂ ਬਾਅਦ ਉਸ ਦਾ ਸੰਨਿਆਸ ਲੈਣਾ ਤੈਅ ਸੀ ਪਰ ਕਾਰਤਿਕ ਨੇ ਆਪਣੇ 39ਵੇਂ ਜਨਮ ਦਿਨ ’ਤੇ ਇਸ ਬਾਰੇ ਅਧਿਕਾਰਤ ਤੌਰ ’ਤੇ ਐਲਾਨ ਕੀਤਾ।

ਕਾਰਤਿਕ ਨੇ ‘ਐਕਸ’ ’ਤੇ ਲਿਖਿਆ, “ਬਹੁਤ ਸੋਚ-ਵਿਚਾਰ ਤੋਂ ਬਾਅਦ ਮੈਂ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਫ਼ੈਸਲਾ ਕੀਤਾ ਹੈ। ਮੈਂ ਅਧਿਕਾਰਤ ਤੌਰ ’ਤੇ ਸੰਨਿਆਸ ਲੈਣ ਦਾ ਐਲਾਨ ਕਰਦਾ ਹਾਂ ਅਤੇ ਅੱਗੇ ਆਉਣ ਵਾਲੀਆਂ ਨਵੀਆਂ ਚੁਣੌਤੀਆਂ ਲਈ ਤਿਆਰ ਹਾਂ।” ਕ੍ਰਿਕਟ ਦੇ ਤਿੰਨੋਂ ਫਾਰਮੈਟਾਂ ਵਿੱਚ 180 ਮੈਚਾਂ ’ਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਕਾਰਤਿਕ ਨੇ ਇੱਕ ਸੈਂਕੜੇ ਅਤੇ 17 ਨੀਮ ਸੈਂਕੜਿਆਂ ਦੀ ਮਦਦ ਨਾਲ 3,463 ਦੌੜਾਂ ਬਣਾਈਆਂ ਹਨ। ਵਿਕਟਕੀਪਰ ਦੇ ਤੌਰ ’ਤੇ ਉਸ ਨੇ 172 ਖਿਡਾਰੀਆਂ ਨੂੰ ਆਊਟ ਕੀਤਾ ਹੈ। ਉਹ ਭਾਰਤ ਲਈ ਆਖਰੀ ਵਾਰ ਰੋਹਿਤ ਸ਼ਰਮਾ ਦੀ ਕਪਤਾਨੀ ਹੇਠ 2022 ਟੀ-20 ਵਿਸ਼ਵ ਕੱਪ ਵਿੱਚ ਖੇਡਿਆ ਸੀ। ਉਹ ਰਾਹੁਲ ਦ੍ਰਾਵਿੜ, ਅਨਿਲ ਕੁੰਬਲੇ, ਮਹਿੰਦਰ ਸਿੰਘ ਧੋਨੀ ਅਤੇ ਵਿਰਾਟ ਕੋਹਲੀ ਦੀ ਅਗਵਾਈ ਹੇਠ ਵੀ ਦੇਸ਼ ਲਈ ਖੇਡ ਚੁੱਕਾ ਹੈ।

## ਮੁੱਕੇਬਾਜ਼ੀ: ਅਮਿਤ ਪੰਘਾਲ ਅਤੇ ਜੈਸਮੀਨ ਲੰਬੋਰੀਆ ਨੇ ਉਲੰਪਿਕ ਕੋਟਾ ਹਾਸਲ ਕੀਤਾ

ਬੈਂਕਾਕ/ਏ.ਟੀ.ਨਿਊਜ਼ : ਭਾਰਤੀ ਮੁੱਕੇਬਾਜ਼ ਅਮਿਤ ਪੰਘਾਲ (51 ਕਿੱਲੋ) ਤੇ ਕੌਮੀ ਚੈਂਪੀਅਨ ਜੈਸਮੀਨ ਲੰਬੋਰੀਆ (57 ਕਿੱਲੋ) ਨੇ ਇੱਥੇ ਦੂਜੇ ਵਿਸ਼ਵ ਕੁਆਲੀਫਾਇਰ ਟੂਰਨਾਮੈਂਟ ’ਚ ਆਪੋ ਆਪਣੇ ਕੁਆਰਟਰ ਫਾਈਨਲ ਮੁਕਾਬਲਿਆਂ ’ਚ ਜਿੱਤ ਹਾਸਲ ਕਰਦਿਆਂ ਪੈਰਿਸ ਉਲੰਪਿਕ ਲਈ ਟਿਕਟ ਪੱਕੀ ਕਰ ਲਈ ਹੈ।



ਵਿਸ਼ਵ ਚੈਂਪੀਅਨਸ਼ਿਪ ’ਚ ਚਾਂਦੀ ਦਾ ਤਗ਼ਮਾ ਜੇਤੂ ਮੁੱਕੇਬਾਜ਼ ਅਮਿਤ ਨੇ ਚੀਨ ਦੇ ਚੁਆਂਗ ਲਿਯੂ ਨੂੰ ਸਖਤ ਮੁਕਾਬਲੇ ’ਚ 5-0 ਨਾਲ ਹਰਾ ਕੇ ਦੂਜੀ ਵਾਰ ਆਪਣਾ ਉਲੰਪਿਕ ਦਾ ਟਿਕਟ ਕਟਵਾਇਆ। ਉਹ ਨਿਸ਼ਾਂਤ ਦੇਵ (71 ਕਿਲੋ ਭਾਰ ਵਰਗ), ਨਿਖਤ ਜ਼ਰੀਨ (50 ਕਿਲੋ), ਪ੍ਰੀਤੀ ਪਵਾਰ (54 ਕਿੱਲੋ), ਅਤੇ ਲਵਲੀਨਾ ਬੋਰਗੋਹੇਨ (75 ਕਿਲੋ) ਤੋਂ ਉਲੰਪਿਕ ਦਾ ਟਿਕਟ ਕਟਵਾਉਣ ਵਾਲਾ ਦੇਸ਼ ਦਾ ਪੰਜਵਾਂ ਮੁੱਕੇਬਾਜ਼ ਬਣ ਗਿਆ ਹੈ।

ਇਹ ਸਾਰੇ ਪਹਿਲਾਂ ਹੀ ਪੈਰਿਸ ਉਲੰਪਿਕ ਖੇਡਾਂ ਲਈ ਕੁਆਲੀਫਾਈ ਕਰ ਚੁੱਕੇ ਹਨ। ਏਸ਼ਿਆਈ ਖੇਡਾਂ ’ਚ ਤਿੰਨ ਵਾਰ ਤਗ਼ਮਾ ਜੇਤੂ ਅਮਿਤ ਇੱਕ ਵਾਰ ਮੁਕਾਬਲੇ ’ਚ ਪਛੜ ਰਿਹਾ ਸੀ ਪਰ ਫਿਰ ਉਸ ਨੇ ਆਪਣੀ ਰਣਨੀਤੀ ਬਦਲੀ ਅਤੇ ਹਮਲਾਵਰ ਰੁਖ ਅਪਣਾਉਂਦਿਆਂ ਵਿਰੋਧੀ ਖਿਡਾਰੀ ’ਤੇ ਜਿੱਤ ਹਾਸਲ ਕੀਤੀ। ਨਿਸ਼ਾਂਤ ਦੇਵ ਤੋਂ ਬਾਅਦ ਉਹ ਪੈਰਿਸ ਉਲੰਪਿਕ ਲਈ ਕੁਆਲੀਫਾਈ ਕਰਨ ਵਾਲਾ ਦੂਜਾ ਪੁਰਸ਼ ਮੁੱਕੇਬਾਜ਼ ਬਣ ਗਿਆ ਹੈ।

ਇਸ ਤੋਂ ਇਲਾਵਾ ਮਹਿਲਾ ਮੁੱਕੇਬਾਜ਼ ਜੈਸਮੀਨ ਲੰਬੋਰੀਆ (57 ਕਿੱਲੋ) ਨੇ ਵੀ ਉਲੰਪਿਕ ਦਾ ਟਿਕਟ ਕਟਵਾ ਲਿਆ ਹੈ। ਉਸ ਨੇ ਕੁਆਰਟਰ ਫਾਈਨਲ ’ਚ ਮਾਲੀ ਦੀ ਮੈਰੀਨ ਕੈਮਾਰਾ ਨੂੰ ਹਰਾ ਕੇ ਓਲੰਪਿਕ ਕੋਟਾ ਹਾਸਲ ਕੀਤਾ।

## ਦੀਪਾ ਕਰਮਾਕਰ ਨੇ ਰਚਿਆ ਇਤਿਹਾਸ

### ਏਸ਼ੀਆਈ ਸੀਨੀਅਰ ਚੈਂਪੀਅਨਸ਼ਿਪ ’ਚ ਜਿੱਤਿਆ ਗੋਲਡ

ਤਾਸ਼ਕੰਦ/ਏ.ਟੀ.ਨਿਊਜ਼ : ਭਾਰਤੀ ਜਿਮਨਾਸਟ ਦੀਪਾ ਕਰਮਾਕਰ ਬੀਤੇ ਦਿਨ ਇੱਥੇ ਮਹਿਲਾ ਵਾਲਟ ਈਵੈਂਟ ਵਿੱਚ ਪੀਲਾ ਤਗਮਾ ਪ੍ਰਾਪਤ ਕਰ ਏਸ਼ੀਆਈ ਸੀਨੀਅਰ ਚੈਂਪੀਅਨਸ਼ਿਪ ਵਿੱਚ ਸੋਨ ਤਗਮੇ ਜਿੱਤਣ ਵਾਲੀ ਦੇਸ਼ ਦੀ ਪਹਿਲੀ ਜਿਮਨਾਸਟ ਬਣ ਗਈ। ਦੀਪਾ (30 ਸਾਲਾ) ਨੇ ਪ੍ਰਤੀਯੋਗਿਤਾ ਦੇ ਆਖਰੀ ਦਿਨ ਵਾਲਟ ਫਾਈਨਲ ਵਿੱਚ 13.566 ਦਾ ਔਸਤ ਸਕੋਰ ਬਣਾਇਆ। ਉੱਤਰ ਕੋਰੀਆ ਦੀ ਕਿਮ ਸੋਨ ਹਿਆਂਗ (13.466) ਤੇ ਜੋ ਕਿਓਂਗ ਬਿਓਲ (12.966) ਨੇ ਕ੍ਰਮਵਾਰ ਚਾਂਦੀ ਤੇ ਕਾਂਸਾ ਤਗਮਾ ਜਿੱਤਿਆ। ਰਿਓ ਉਲੰਪਿਕ 2016 ਵਿੱਚ ਵਾਲਟ ਫਾਈਨਲ ਵਿੱਚ ਚੌਥੇ ਸਥਾਨ ’ਤੇ ਰਹੀ ਦੀਪਾ ਨੇ 2015 ਗੇੜ ਵਿੱਚ ਇਸੇ ਈਵੈਂਟ ਵਿੱਚ ਕਾਂਸਾ ਤਗਮਾ ਜਿੱਤਿਆ ਸੀ। ਆਸ਼ੀਸ਼



ਕੁਮਾਰ ਨੇ 2015 ਏਸ਼ੀਆਈ ਚੈਂਪੀਅਨਸ਼ਿਪ ਵਿੱਚ ਨਿੱਜੀ ਫਲੋਰ ਐਕਸਰਸਾਈਜ਼ ਵਿੱਚ ਕਾਂਸਾ ਤਗਮਾ ਜਿੱਤਿਆ ਸੀ। ਪ੍ਰਣਤੀ ਨਾਇਕ ਨੇ ਵੀ 2019 ਤੇ 2022 ਗੇੜ ਵਿੱਚ ਵਾਲਟ ਈਵੈਂਟ ਵਿੱਚ ਕਾਂਸਾ ਤਗਮਾ ਪ੍ਰਾਪਤ ਕੀਤਾ ਸੀ। ਡੋਪਿੰਗ ਉਲੰਘਣ ਦੇ ਕਾਰਨ 21 ਮਹੀਨੇ ਦੇ ਮੁਅਤੱਲੀ ਦੇ ਬਾਅਦ ਪਿਛਲੇ ਸਾਲ ਵਾਪਸੀ ਕਰਨ ਵਾਲੀ ਦੀਪਾ ਪੈਰਿਸ ਉਲੰਪਿਕ ਦੀ ਦੌੜ ਤੋਂ ਬਾਹਰ ਹੈ।

## ਏ.ਡੀ.ਡੀ.ਪੀ. ਨੇ ਬਜਰੰਗ ’ਤੇ ਲੱਗੀ ਅਸਥਾਈ ਮੁਅੱਤਲੀ ਹਟਾਈ

### ‘ਨਾਡਾ’ ਤਰਫ਼ੋਂ ਰਸਮੀ ਨੋਟਿਸ ਜਾਰੀ ਹੋਣ ਤੱਕ ਮੁਅੱਤਲੀ ਰੱਦ

ਨਵੀਂ ਦਿੱਲੀ/ਏ.ਟੀ.ਨਿਊਜ਼ :ਨੈਸ਼ਨਲ ਐਂਟੀ-ਡੋਪਿੰਗ ਏਜੰਸੀ ਦੇ ਅਨੁਸ਼ਾਸਨੀ ਪੈਨਲ (ਏ.ਡੀ.ਡੀ.ਪੀ.) ਨੇ ਪਹਿਲਵਾਨ ਬਜਰੰਗ ਪੂਨੀਆ ਨੂੰ ਨਾਡਾ ਵੱਲੋਂ ਨੋਟਿਸ ਨਾ ਦਿੱਤੇ ਜਾਣ ਤੱਕ ਉਸ ’ਤੇ ਲਗਾਈ ਅਸਥਾਈ ਮੁਅੱਤਲੀ ਹਟਾ ਦਿੱਤੀ ਹੈ। ਪੂਨੀਆ ਨੇ ਮਾਰਚ ਵਿੱਚ ਚੋਣ ਟਰਾਇਲ ਮਗਰੋਂ ਡੋਪ ਟੈਸਟ ਲਈ ਨਮੂਨਾ ਦੇਣ ਤੋਂ ਇਨਕਾਰ ਕੀਤਾ ਸੀ। ਨਾਡਾ ਨੇ 23 ਅਪਰੈਲ ਨੂੰ ਟੋਕੀਓ ਉਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਪੂਨੀਆ ’ਤੇ ਰੋਕ ਲਗਾ ਦਿੱਤੀ ਸੀ। ਇਸ ਮਗਰੋਂ ਯੂਨਾਇਟਿਡ ਵਰਲਡ ਰੈਸਲਿੰਗ ਨੇ ਵੀ ਇਹੀ ਕਾਰਵਾਈ ਕੀਤੀ ਸੀ। ਬਿਸ਼ਕੇਕ ਵਿੱਚ ਹੋਏ ਏਸ਼ਿਆਈ



ਉਲੰਪਿਕ ਕੁਆਲੀਫਾਇਰ ਲਈ ਪੁਰਸ਼ ਟੀਮ ਦੇ ਚੋਣ ਟਰਾਇਲ 10 ਮਾਰਚ ਨੂੰ ਸੋਨੀਪਤ ਵਿੱਚ ਹੋਏ ਸੀ ਅਤੇ ਬਜਰੰਗ ਹਾਰਨ ਮਗਰੋਂ ਪਿਸ਼ਾਬ ਦਾ ਨਮੂਨਾ ਦਿੱਤੇ ਬਿਨਾਂ ਉੱਥੋਂ ਚਲਾ ਗਿਆ ਸੀ। ਉਸ ਨੇ ਤੀਜੇ-ਚੌਥੇ ਸਥਾਨ ਦੇ ਮੁਕਾਬਲੇ ਵਿੱਚ ਭਾਗ ਨਹੀਂ ਲਿਆ ਸੀ। ਬਜਰੰਗ ਨੇ ਆਪਣੇ ਵਕੀਲ ਰਾਹੀਂ ਅਸਥਾਈ ਮੁਅੱਤਲੀ ਨੂੰ ਚੁਣੌਤੀ ਦਿੱਤੀ ਸੀ। ਉਸ ਨੇ ਏ.ਡੀ.ਡੀ.ਪੀ. ਨੂੰ ਆਪਣੇ ਜੁਆਬ ਵਿੱਚ ਦੁਹਰਾਇਆ ਸੀ ਕਿ ਉਸ ਨੇ ਕਦੇ ਨਮੂਨਾ ਦੇਣ ਤੋਂ ਇਨਕਾਰ ਨਹੀਂ ਕੀਤਾ ਪਰ ਉਹ ਜਾਣਨਾ ਚਾਹੁੰਦਾ ਸੀ ਕਿ ਨਾਡਾ ਨੇ ਉਸ ਦੇ ਇਸ ਸੁਆਲ ਦਾ ਜੁਆਬ ਕਿਉਂ ਨਹੀਂ ਦਿੱਤਾ ਕਿ ਦਸੰਬਰ 2023 ਵਿੱਚ ਉਸ ਦੇ ਨਮੂਨੇ ਲੈਣ ਲਈ ‘ਐਕਸਪਾਇਰਡ ਕਿੱਟ’ (ਮਿਆਦ ਪੁੱਗੀ) ਕਿਉਂ ਭੇਜੀ ਗਈ ਸੀ। ਏਡੀਡੀਪੀ ਨੇ ਆਪਣੇ ਹੁਕਮ ਵਿੱਚ ਕਿਹਾ, “ਸੁਣਵਾਈ ਪੈਨਲ ਦੀ ਰਾਇ ਹੈ ਕਿ ਇਸ ਪੱਧਰ ’ਤੇ ਜਦੋਂ ਅਥਲੀਟ ਨੂੰ ਦੋਸ਼ ਦਾ ਨੋਟਿਸ ਜਾਰੀ ਕੀਤਾ ਜਾਣਾ ਬਾਕੀ ਹੈ ਅਤੇ ਨਮੂਨਾ ਦੇਣ ਤੋਂ ਇਨਕਾਰ ਕਰਨ ਲਈ ਅਥਲੀਟ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਨੂੰ ਵਿਚਾਰੇ ਬਿਨਾਂ ਅਤੇ ਨਾਡਾ ਤਰਫ਼ੋਂ ਪੇਸ਼ ਵਕੀਲ ਦੀ ਦਲੀਲ ਦਾ ਜੁਆਬ ਦਿੱਤੇ ਬਿਨਾਂ, ਅਥਲੀਟ ਦੀ ਅਸਥਾਈ ਮੁਅੱਤਲੀ ਉਦੋਂ ਤੱਕ ਰੱਦ ਕੀਤਾ ਜਾਂਦਾ ਹੈ, ਜਦੋਂ ਤੱਕ ਕਿ ਨਾਡਾ ਅਥਲੀਟ ਨੂੰ ਡੋਪਿੰਗ ਰੋਕੂ ਨਿਯਮ, 2021 ਦੀ ਉਲੰਘਣਾ ਲਈ ਰਸਮੀ ਤੌਰ ’ਤੇ ਦੋਸ਼ ਲਗਾਉਣ ਦਾ ਨੋਟਿਸ ਜਾਰੀ ਕਰਨ ਦਾ ਫ਼ੈਸਲਾ ਨਹੀਂ ਕਰਦਾ।”

## ਕਿੰਗਜ਼ ਕਲੱਬ ਸੈਕਰਾਮੈਂਟੋ ਵੱਲੋਂ ਕਰਵਾਏ ਗਏ ਕਬੱਡੀ ਕੱਪ ਵਿੱਚ ਨਿਊਯਾਰਕ ਮੈਟਰੋ ਨੂੰ ਹਰਾ ਕੇ ਬੇਅ ਏਰੀਆ ਸਪੋਰਟਸ ਕਲੱਬ ਜੇਤੂ ਰਿਹਾ

ਸੈਕਰਾਮੈਂਟੋ/ ਹੁਸਨ ਲੜੋਆ ਬੰਗਾ : ਸੈਕਰਾਮੈਂਟੋ ਦੇ ਕਿੰਗਜ ਸਪੋਰਟਸ ਕਲੱਬ ਵੱਲੋਂ ਐਤਕਾਂ ਨੌਵਾਂ ਕਬੱਡੀ ਕੱਪ ਦਸ਼ਮੇਸ਼ ਦਰਬਾਰ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਵਿੱਚ ਕਰਵਾਇਆ ਗਿਆ, ਜਿਸ ਵਿੱਚ ਲੋਕਾਂ ਦੇ ਭਾਰੀ ਇਕੱਠ ਨੇ ਸ਼ਮੂਲੀਅਤ ਕੀਤੀ ਤੇ ਕਬੱਡੀ ਦੇ ਨਾਮਵਰ ਖਿਡਾਰੀ ਵੀ ਇਸ ਕਬੱਡੀ ਕੱਪ ਦੇ ਵਿੱਚ ਸ਼ਾਮਿਲ ਹੋਏ। ਇਸ ਕਬੱਡੀ ਟੂਰਨਾਮੈਂਟ ਦੇ ਵਿੱਚ ਜਿੱਥੇ ਵੱਖ- ਵੱਖ ਕਬੱਡੀ ਖਿਡਾਰੀਆਂ ਨੂੰ ਤੇ ਸ਼ਖਸ਼ੀਅਤਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਵੀ ਕੀਤਾ ਗਿਆ ਤੇ ਨਾਲ- ਨਾਲ ਸਪੋਂਸਰਾਂ ਵੱਲੋਂ ਵੱਡੇ ਇਨਾਮਾਂ ਨਾਲ ਜੇਤੂ ਟੀਮਾਂ ਨੂੰ ਇਨਾਮ ਦਿੱਤੇ



ਗਏ। ਇਸ ਟੂਰਨਾਮੈਂਟ ਵਿੱਚ ਨਿਊਯਾਰਕ ਮੈਟਰੋ ਨੂੰ ਹਰਾ ਕੇ ਬੇ ਏਰੀਆ ਸਪੋਰਟਸ ਕਲੱਬ ਜੇਤੂ ਰਿਹਾ। ਜੇਤੂ ਟੀਮ ਨੂੰ ਵੱਡੀ ਟਰੋਫੀ ਤੇ ਵੱਡੇ ਨਗਦ ਇਨਾਮ ਦੇ ਨਾਲ ਸਨਮਾਨਿਆ ਗਿਆ, ਇਹ ਨਗਦ ਇਨਾਮ ਚੜਦਾ ਪੰਜਾਬ ਕਲੱਬ ਰੋਜਵਿਲ ਵੱਲੋਂ ਦਿੱਤਾ ਗਿਆ।

ਦੂਸਰਾ ਇਨਾਮ ਸੋਢੀ ਛੋਕਰ ਤੇ ਬ੍ਰਦਰਜ, ਬਲਵਿੰਦਰ ਸਿੱਧੂ ਰਿਵਰਸਾਈਡ ਵੱਲੋਂ ਦਿੱਤਾ ਗਿਆ, ਇਸੇ ਤਰ੍ਹਾਂ ਤੀਸਰਾ ਇਨਾਮ ਜਸਪ੍ਰੀਤ ਅਟਾਰਨੀ ਐਟ ਲਾ ਵੱਲੋਂ ਦਿੱਤਾ ਗਿਆ। ਇਸ ਮੌਕੇ ਵੱਖ- ਵੱਖ ਉੱਚ ਕੋਟੀ ਦੇ ਖਿਡਾਰੀਆਂ ਸਪੋਂਸਰਾਂ ਤੇ ਪ੍ਰਬੰਧਕਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਵੀ ਕੀਤਾ ਗਿਆ, ਇਹ ਸਨਮਾਨ ਲੈਣ ਵਾਲਿਆਂ ਵਿੱਚ ਗੁਰਮੁਖ ਸਿੰਘ ਸੰਧੂ, ਕਿੰਦੂ ਰਮੀਦੀ,ਤੀਰਥ ਗਾਖਲ, ਜਸਵਿੰਦਰ ਬੋਪਾਰਾਏ, ਅਮਰਜੀਤ ਬਾਸੀ, ਪਰਮਜੀਤ ਖਹਿਰਾ, ਜੱਸੀ ਸ਼ੇਰਗਿੱਲ ਅਤੇ ਗੁਰਜੋਤ ਤੇ ਮੈਣੀ ਨੂੰ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਕਬੱਡੀ ਅੰਡਰ 25 ਵਿੱਚ ਮੈਟਰੋ ਪੰਜਾਬ ਨਿਊਯਾਰਕ ਨੇ ਦਸ਼ਮੇਸ਼ ਸਪੋਰਟਸ ਕਲੱਬ ਸੈਕਰਾਮੈਂਟੋ ਨੂੰ ਹਰਾ ਕੇ ਪਹਿਲਾਂ ਨਾਮ ਜਿੱਤਿਆ ਤੇ ਦਸ਼ਮੇਸ਼ ਸਪੋਰਟਸ ਕਲੱਬ ਸੈਕਰਾਮੈਂਟੋ ਨੂੰ ਦੂਜੇ ’ਤੇ ਸਬਰ ਕਰਨਾ ਪਿਆ। ਇਸ ਪਹਿਲੇ ਨੰਬਰ ’ਤੇ ਆਉਣ ਵਾਲੀ ਟੀਮ ਨੂੰ ਰਾਜ ਧਾਮੀ ਨੇ ਪਹਿਲਾਂ ਇਨਾਮ ਦਿੱਤਾ ਦੂਜੇ ਨੰਬਰ ’ਤੇ ਰਹਿਣ ਵਾਲੀ ਟੀਮ ਨੂੰ ਰਾਜਾ ਸ਼ਾਹ, ਸੁਖਵੀਰ ਖੱਖ, ਸੁਖਦੇਵ ਹੁੰਦਲ, ਨੋਨੀ ਸ਼ਾਹ ਸੁਖਬੀਰ ਖੱਖ ਤੇ ਸੁਖਵਿੰਦਰ ਸਿੰਘ ਨੇ ਇਨਾਮ ਦਿੱਤਾ ਇਸ ਕਬੱਡੀ ਟੂਰਨਾਮੈਂਟ ਵਿੱਚ ਸੁਲਤਾਨ ਸਮਸ਼ਪੁਰ ਨੂੰ ਬੈਸਟ ਰੇਡਰ ਤੇ ਪਾਲਾ ਜਲਾਲਪੁਰ ਤੇ ਸੱਤੂ ਖਡੂਰ ਸਾਹਿਬ ਨੂੰ ਬੈਸਟ ਜਾਫੀ ਨਾਲ ਨਿਵਾਜਿਆ ਗਿਆ।ਇਸ ਮੌਕੇ ਬੀਬੀਆਂ ਦੇ ਬੈਠਣ ਦਾ ਵੱਖਰਾ ਪ੍ਰਬੰਧ ਕੀਤਾ ਗਿਆ ਸੀ ਤੇ ਪ੍ਰਬੰਧਕਾਂ ਵੱਲੋਂ ਸਕਿਊਰਟੀ ਦੇ ਪੂਰੇ ਪ੍ਰਬੰਧ ਕੀਤੇ ਗਏ ਹੋਏ ਸਨ ਤੇ ਲੋਕਾਂ ਨੂੰ ਸਿਕਿਊਰਟੀ ਚੈੱਕ ਕਰਕੇ ਖੇਡ ਮੈਦਾਨ ਵਿੱਚ ਜਾਣ ਦਿੱਤਾ ਗਿਆ। ਇਸ ਮੌਕੇ ਨੌਜਵਾਨ ਬੁਲਾਰੇਪਿਰਤਾ ਚੀਮਾ ਨੇ ਖੇਡ ਦੇ ਮੈਦਾਨ ਵਿੱਚੋਂ ਤੇ ਬੀਬੀ ਆਸ਼ਾ ਸ਼ਰਮਾ ਨੇ ਸਟੇਜ ਤੋਂ ਕਮੈਂਟਰੀ ਕੀਤੀ। ਇਸ ਕਬੱਡੀ ਕੱਪ ਨੂੰ ਦੇਖਣ ਲਈ ਕਈ ਖਾਸ ਵਿਅਕਤੀਆਂ ਨੇ ਵੀ ਸ਼ਮੂਲੀਅਤ ਕੀਤੀ।

# ਕੀ ਹੋਵੇਗਾ ਪੰਜਾਬੀ ਗਾਇਕੀ ਦਾ ਭਵਿੱਖ?

## ਨੌਜਵਾਨਾਂ ਨੂੰ ਕੁਰਾਹੇ ਪਾ ਰਹੀ ਹੈ ਅਜੋਕੀ ਗਾਇਕੀ

ਗੁਰਪ੍ਰੀਤ ਸਿੰਘ ਬਿਲਿੰਗ



ਸਾਹਿਤ ਦੀ ਇੱਕ ਵਿਧਾ ਹੈ ਗੀਤਕਾਰੀ। ਗੀਤਕਾਰੀ ਬਹੁਤ ਪਿਆਰੀ ਤੇ ਮਸ਼ਹੂਰ ਵਿਧਾ ਹੈ। ਜੇ ਪਰਿਭਾਸ਼ਾ ਦੀ ਗੱਲ ਕਰੀਏ ਤਾਂ ਕਹਿ ਸਕਦੇ ਹਾਂ ਕਿ ਗੀਤ ਇੱਕ ਐਸੀ ਕਲਾਮਈ ਪੇਸ਼ਕਾਰੀ ਹੁੰਦੀ ਹੈ, ਜਿਸ ਵਿੱਚ ਸੁਰਾਂ ਦੀ ਇੱਕ ਲਹਿਰ ਹੁੰਦੀ ਹੈ। ਹਰ ਇਨਸਾਨ ਆਪਣੀ ਜ਼ਿੰਦਗੀ ਵਿੱਚ ਕਦੇ ਨਾ ਕਦੇ ਗੀਤ ਜਰੂਰ ਗਾਉਂਦਾ ਹੈ ਤੇ ਲਿਖਦਾ ਹੈ। ਖ਼ਾਸ ਤੌਰ ’ਤੇ ਭਾਰਤੀ ਉਪ ਮਹਾਦੀਪ ਵਿੱਚ ਹਿੰਦੀ ਬਾਲੀਵੁੱਡ ਗੀਤ ਬਹੁਤ ਪਸੰਦ ਕੀਤੇ ਜਾਂਦੇ ਹਨ। ਜੇ ਪੰਜਾਬ ਦੀ ਗੱਲ ਕਰੀਏ ਤਾਂ ਇੱਥੋਂ ਦੀ ਵਸੋਂ ਵੀ ਗੀਤਕਾਰੀ ਤੇ ਗਾਇਕੀ ਨੂੰ ਬਹੁਤ ਪਸੰਦ ਕਰਦੀ ਹੈ। ਕਦੇ ਇਥੋਂ ਦੀ ਜਵਾਨੀ ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਯਮਲਾ ਜੱਟ, ਗੁਰਦਾਸ ਮਾਨ, ਗੁਲਾਮ ਅਲੀ, ਹਰਭਜਨ ਮਾਨ, ਹਾਕਮ ਸੂਫ਼ੀ, ਜਗਜੀਤ ਸਿੰਘ, ਕੁਲਦੀਪ ਮਾਣਕ, ਮੁਹੰਮਦ ਰਫੀ, ਨੁਸਰਤ ਫ਼ਤਹਿ ਅਲੀ ਖ਼ਾਨ, ਰੇਸ਼ਮਾ, ਰਣਜੀਤ ਕੌਰ, ਮੁਹੰਮਦ ਸਦੀਕ, ਸੁਰਿੰਦਰ ਛਿੰਦਾ, ਪਾਲੀ ਦੇਤਵਾਲੀਆ, ਨਸੀਬੋ ਲਾਲ ਆਦਿ ਨੂੰ ਸੁਣਦੀ ਸੀ ਤੇ ਸੁਣ ਰਹੀ ਹੈ। ਅਜਿਹਾ ਨਹੀਂ ਕਿ ਇਨ੍ਹਾਂ ਦੇ ਗੀਤਾਂ ਵਿੱਚ ਨੌਜਵਾਨਾਂ ਨੂੰ ਹੁਲਾਰਾ ਦੇਣ ਵਾਲੀਆਂ ਗੱਲਾਂ ਨਹੀਂ ਹੁੰਦੀਆਂ ਸਨ। ਇਨ੍ਹਾਂ ਨੇ ਬਹੁਤ ਸਾਰੇ ਅਜਿਹੇ ਗੀਤ ਵੀ ਗਾਏ, ਜਿਨ੍ਹਾਂ ਨੂੰ ਸੁਣ ਕੇ ਨੌਜਵਾਨ ਖ਼ੁਦ ਨੂੰ ਇੱਕ ਅਜੀਬ ਜਿਹੇ ਨਸ਼ੇ ਵਿੱਚ ਮਹਿਸੂਸ ਕਰਦੇ ਸਨ ਅਤੇ ਕਰਦੇ ਹਨ। ਇਨ੍ਹਾਂ ਦੇ ਗੀਤਾਂ ਵਿੱਚ ਅਜੋਕੀ ਗਾਇਕੀ ਵਾਲੀਆਂ ਨਸ਼ੀਲੀਆਂ ਤੇ ਹਥਿਆਰਬੰਦ ਲਹਿਰਾਂ ਨਹੀਂ ਸਨ।

ਮੌਜੂਦਾ ਦੌਰ ਦੀ ਪੰਜਾਬੀ ਗੀਤਕਾਰੀ ਤੇ ਗਾਇਕੀ ਵਿੱਚ ਨਸ਼ਿਆਂ, ਹਥਿਆਰਾਂ ਤੇ ਫੁਕਰੇਪਣ ਦੀ ਜੋ ਤਾਰੀਫ਼ ਕੀਤੀ ਜਾ ਰਹੀ ਹੈ, ਉਹ ਬਹੁਤ ਮਾੜਾ ਵਰਤਾਰਾ ਹੈ ਅਤੇ ਚਿੰਤਾਜਨਕ ਪੱਧਰ ’ਤੇ ਪਹੁੰਚਿਆ ਹੋਇਆ ਹੈ।

ਅੱਜ ਦੀ ਗਾਇਕੀ ਅਮਲੀ ਹੋਣ ਨੂੰ ਹੀ ਵੱਡੀ ਸ਼ਾਨ ਕਹਿੰਦੀ ਹੈ, ਜਿਸ ਕਾਰਨ ਨੌਜਵਾਨ ਨਸ਼ਿਆਂ ਵੱਲ ਨੂੰ ਵੱਧ ਉਤਾਵਲੇ ਹੁੰਦੇ ਜਾ ਰਹੇ ਹਨ। ਜਦੋਂ ਨੌਜਵਾਨਾਂ ਦੇ ਕੰਨਾਂ ’ਚ ਦਾਰੂ, ਅਫੀਮ, ਚਿੱਟੇ, ਜਰਦਾ, ਤੰਬਾਕੂ ਆਦਿ ਦੇ ਨਾਂ ਪੈਂਦੇ ਹਨ ਤਾਂ ਉਹ ਵੀ ਇਨ੍ਹਾਂ ਦੀ ਇੱਕ ਵਾਰੀ ਵਰਤੋਂ ਕਰਨ ਬਾਰੇ ਸੋਚਦੇ ਹਨ। ਬਹੁਤ ਸਾਰੇ ਨੌਜਵਾਨ ਇਨ੍ਹਾਂ ਨਵੇਂ ਗੀਤਾਂ ਦੇ ਬੋਲ ਸੁਣ ਕੇ ਅਤੇ ਫਿਲਮਾਂਕਣ ਦੇਖ ਕੇ ਹੀ ਨਸ਼ੇ ਵਰਤ ਲੈਂਦੇ ਹਨ ਅਤੇ ਫਿਰ ਸਿਵਿਆਂ ਦੇ ਰਾਹ ਪੈ ਜਾਂਦੇ ਹਨ। ਮੌਜੂਦਾ ਦੌਰ ਦੇ ਗੀਤਾਂ ਵਿੱਚ ਹਥਿਆਰਾਂ ਦਾ ਬਹੁਤ ਜ਼ਿਕਰ ਮਿਲ ਰਿਹਾ ਹੈ। ਹਥਿਆਰਾਂ ’ਤੇ ਪਹਿਲਾਂ ਵੀ ਗੀਤ ਲਿਖੇ ਤੇ ਗਾਏ ਗਏ ਹਨ। ਉਨ੍ਹਾਂ ਗੀਤਾਂ ਵਿੱਚ ਜ਼ਿਆਦਾਤਰ ਰਵਾਇਤੀ ਹਥਿਆਰਾਂ ਦੇ ਨਾਲ ਬੰਦੂਕ ਦਾ ਵਰਣਨ ਹੀ ਮਿਲਦਾ ਹੈ। ਅੱਜ-ਕੱਲ੍ਹ ਤਾਂ ਹਥਿਆਰਾਂ ਦੇ ਨਵੇਂ ਨਵੇਂ ਨਾਮ ਸੁਣਨ ਨੂੰ ਮਿਲ ਰਹੇ ਹਨ।

ਉਨ੍ਹਾਂ ਨੂੰ ਕੋਲ ਰੱਖਣਾ ਤੇ ਦੁਨੀਆਂ ’ਤੇ ਰੋਹਬ ਮਾਰਨਾ, ਬਸ ਇਹ ਕੰਮ ਨੌਜਵਾਨਾਂ ਨੂੰ ਦਿੱਤਾ ਜਾ ਰਿਹਾ ਹੈ। ਇਸ ਦਾ ਅਸਰ ਇਹ ਹੋ ਰਿਹਾ ਹੈ ਕਿ ਵੱਡੀ ਗਿਣਤੀ ਨੌਜਵਾਨ ਗ਼ੈਰ-ਕਾਨੂੰਨੀ ਹਥਿਆਰ ਖ਼ਰੀਦ ਰਹੇ ਹਨ। ਕੁਝ ਲਾਇਸੈਂਸੀ ਹਥਿਆਰ ਲੈ ਰਹੇ ਹਨ। ਭਾਵੇਂ ਉਨ੍ਹਾਂ ਨੂੰ ਇਸ ਵਾਸਤੇ ਕੁਝ ਵੇਚਣਾ ਹੀ ਕਿਉ ਨਾ ਪਵੇ। ਇਸ ਮਾਮਲੇ ਵਿੱਚ ਵੀ ਬੇਬੇ ਬਾਪੂ ਦੇ ਗਲ ਗੂਠਾ ਦੇ ਕੇ ਘਰ ਕਲੇਸ਼ ਕੀਤਾ ਜਾ ਰਿਹਾ ਹੈ। ਕਹਿੰਦੇ ਹਨ ਕਿ ਨਸ਼ਾ, ਹਥਿਆਰ ਤੇ ਫੁਕਰਾਪਣ ਹਮੇਸ਼ਾ ਲੜਾਈ ਝਗੜਾ ਅਤੇ ਖ਼ੂਨ-ਖਰਾਬਾ ਹੀ ਭਾਲਦਾ ਹੈ। ਫਿਰ ਕਿਸੇ ਬਦਕਿਸਮਤ ਨੌਜਵਾਨ ਤੋਂ ਕਿਧਰੇ ਹਥਿਆਰ ਚੱਲ ਜਾਂਦਾ ਹੈ ਜਾਂ ਲਹਿਰਾਇਆ ਜਾਂਦਾ ਹੈ। ਉਸ ਤੋਂ ਬਾਅਦ ਉਸ ਬਦਨਸੀਬ ਦੀ ਬੁਢਾਪੇ ਵੱਲ ਜਾਂਦੀ ਜਵਾਨੀ ਬਸ ਕੋਰਟ ਦੀਆਂ ਤਰੀਕਾਂ ਭੁਗਤਦਿਆਂ ਹੀ ਲੰਘ ਜਾਂਦੀ ਹੈ। ਕੋਰਟ ਵਿੱਚ ਇੱਕ ਤਰੀਕ ਪੈਣ ਨੂੰ ਹੀ ਨਹੀਂ ਬਲਕਿ ਕਈ ਕਈ ਤਰੀਕਾਂ ਪੈਣ ਨੂੰ ਗੀਤਾਂ ਵਿੱਚ ਪੱਚੀ ਪਿੰਡਾਂ ਦੀ ਸਰਦਾਰੀ ਦੇ ਬਰਾਬਰ ਸਮਝਿਆ ਜਾਂਦਾ ਹੈ। ਵੈਸੇ ਵੀ ਜ਼ਮੀਨਾਂ, ਕੰਧਾਂ ਕੌਲਿਆਂ ਨੂੰ ਲੈ ਕੇ ਪਿੰਡਾਂ ਦੇ ਲੋਕ ਅਕਸਰ ਕੋਰਟ ਕਚਹਿਰੀਆਂ ਵਿੱਚ ਘੁੰਮਦੇ ਮਿਲ ਹੀ ਜਾਂਦੇ ਹਨ। ਇਸ ਤੋਂ ਅੱਗੇ ਗੀਤਾਂ ਵਿੱਚ ਜੇਲ੍ਹ ਜਾਣ ਨੂੰ ਦਿੱਲੀ ਸਰ ਕਰਨ ਦੇ ਬਰਾਬਰ ਗਿਣਿਆ ਜਾਂਦਾ ਹੈ। ਨੌਜਵਾਨ ਗੀਤਾਂ ਰਾਹੀਂ ਇੱਕ ਦੂਜੇ ਨੂੰ ਬੜੇ ਮਾਣ ਨਾਲ ਮਹਿਫਲਾਂ ਵਿੱਚ ਇਨ੍ਹਾਂ ਬਾਰੇ ਦੱਸਦੇ ਹਨ।

ਗੀਤਾਂ ਵਿੱਚ ਫੁਕਰੇਪਣ ਦੀ ਪ੍ਰਵਿਰਤੀ ਦੀ ਵੀ ਘਾਟ ਨਹੀਂ ਹੈ। ਚਾਂਬਲਦਾ ਬੰਦਾ ਬਚਪਨ ਤੋਂ ਹੀ ਹੈ। ਮਨੁੱਖ ਇੱਕ ਦੂਜੇ ਨੂੰ ਨੀਵਾਂ ਵਿਖਾ ਕੇ ਇੱਕ ਮਾਨਸਿਕ ਸੁੱਖ ਤੇ ਨਸ਼ਾ ਮਹਿਸੂਸ ਕਰਦਾ ਹੈ ਪਰ ਇਹ ਚਾਂਬਲਣਾ ਕਦੋਂ ਖ਼ਤਰਨਾਕ ਫੁਕਰੇਪਣ ਵਿੱਚ ਬਦਲ ਜਾਂਦਾ ਹੈ ਪਤਾ ਹੀ ਨਹੀਂ ਚੱਲਦਾ। ਪੰਜਾਬੀ ਗਾਇਕੀ ਦੇ ਨਾਲ-ਨਾਲ ਪੂਰਾ ਪੰਜਾਬੀ ਸਮਾਜ ਫੁਕਰੇਪਣ ਦਾ ਸ਼ਿਕਾਰ ਹੋਇਆ ਪਿਆ ਹੈ। ਮਹਿੰਗੇ ਜਨਮਦਿਨ ਮਨਾਉਣੇ, ਖ਼ੁਸ਼ੀ ਮਰਗ ’ਤੇ ਭੋਗ ਪਾਉਣੇ, ਜ਼ਮੀਨਾਂ ਵੇਚ, ਬੈਂਕ ਤੋਂ ਕਰਜ਼ਾ ਲੈ ਕੇ ਵਿਆਹ ਮੰਗਣੇ ਕਰਨੇ, ਕੋਠੀਆਂ ਪਾਉਣੀਆਂ, ਟਰੈਕਟਰਾਂ ਨੂੰ ਚਲਦੇ ਫਿਰਦੇ ਡੀਜੇ ਬਣਾਉਣਾ, ਲਗਜ਼ਰੀ ਜੀਵਨਸ਼ੈਲੀ ਅਪਣਾਉਣੀ, ਲੋੜ ਤੋਂ ਬਿਨਾਂ ਨਵੀਆਂ ਤੇ ਵੱਡੀਆਂ ਗੱਡੀਆਂ ਲੈਣੀਆਂ।

ਇਹ ਸਭ ਨਿਘਾਰ ਦੀਆਂ ਨਿਸ਼ਾਨੀਆਂ ਹਨ। ਕਿਧਰੇ ਨਾ ਕਿਧਰੇ ਇਹ ਸਭ ਗੀਤਾਂ ਦੀ ਉਂਗਲ ਫੜ ਕੇ ਹੀ ਚੱਲ ਰਹੇ ਹਨ। ਕਿਸਾਨ ਅੰਦੋਲਨ ਦੌਰਾਨ ਇਹ ਸਭ ਦੇਖ ਕੇ ਬਾਕੀ ਭਾਰਤ ਦੇ ਲੋਕ ਕਹਿ ਰਹੇ ਸਨ ਕਿ ਇਹ ਗ਼ਰੀਬ ਕਿਸਾਨ ਤਾਂ ਲੱਗਦੇ ਹੀ ਨਹੀਂ। ਬੇਸ਼ੱਕ ਜ਼ਿਆਦਾਤਰ ਦੀਆਂ ਲਿਮਟਾਂ ਤੇ ਕਿਸ਼ਤਾਂ ਟੁੱਟੀਆਂ ਹੋਈਆਂ ਸਨ। ਜਦੋਂ ਵੀ ਘਰ ਤੋਂ ਬਾਹਰ ਨਿਕਲਦੇ ਹਨ ਤਾਂ ਫੁਕਰੇਪਣ ਨੂੰ ਦਿਖਾਉਂਦੇ ਪੰਜਾਬੀ ਦਿਖ ਜਾਂਦੇ ਹਨ।

(ਬਾਕੀ ਸਫ਼ਾ 31 ’ਤੇ)

## ਆਮਿਰ ਖ਼ਾਨ ਦੇ ਪੁੱਤਰ ਦੀ ਪਹਿਲੀ ਫ਼ਿਲਮ ‘ਮਹਾਰਾਜ’ 14 ਜੂਨ ਨੂੰ ਹੋਵੇਗੀ ਰਿਲੀਜ਼




ਬੌਲੀਵੁੱਡ ਅਦਾਕਾਰ ਆਮਿਰ ਖਾਨ ਦੇ ਪੁੱਤਰ ਜੁਨੈਦ ਖਾਨ ਦੀ ਫਿਲਮ ‘ਮਹਾਰਾਜ’ 14 ਜੂਨ ਨੂੰ ਨੈੱਟਫਲਿਕਸ ਉਤੇ ਰਿਲੀਜ਼ ਹੋਣ ਜਾ ਰਹੀ ਹੈ। ਇਸ ਫਿਲਮ ਵਿੱਚ ਅਦਾਕਾਰ ਜੈਦੀਪ ਅਹਿਲਾਵਤ, ਸ਼ਾਲਿਨੀ ਪਾਂਡੇ ਤੇ ਸ਼ਰਵਰੀ ਵੀ ਅਹਿਮ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਸਟ੍ਰੀਮਿੰਗ ਟੀਮ ਨੇ ਫਿਲਮ ਦੇ ਰਿਲੀਜ਼ ਹੋਣ ਦੀ ਤਰੀਕ ਦਾ ਅਧਿਕਾਰਤ ਤੌਰ ’ਤੇ ਐਲਾਨ ਕਰ ਦਿੱਤਾ ਹੈ। ਫਿਲਮ ਦੇ ਪੋਸਟਰ ਵਿੱਚ ਜੁਨੈਦ ਅਤੇ ਜੈਦੀਪ ਦੀ ਇੱਕ ਝਲਕ ਦਿਖਾਈ ਦਿੱਤੀ, ਜਿਸ ਵਿੱਚ ਜੁਨੈਦ ਨੇ ਹਲਕੀਆਂ ਮੁੱਛਾਂ ਰੱਖੀਆਂ ਹੋਈਆਂ ਹਨ। ਇਸੇ ਤਰ੍ਹਾਂ ਜੈਦੀਪ ਨੇ ਮੱਥੇ ’ਤੇ ਤਿਲਕ ਲਗਾਇਆ ਹੋਇਆ ਹੈ ਅਤੇ ਆਪਣੇ ਵਾਲ ਬੰਨ੍ਹ ਕੇ ਜੂੜਾ ਬਣਾਇਆ ਹੋਇਆ ਹੈ। ਉਸ ਨੇ ਸ਼ਾਹੀ ਦਿੱਖ ਲਈ ਰੁਦਰਾਕਸ਼ ਅਤੇ ਸੋਨੇ ਦੇ ਗਹਿਣੇ ਪਾਏ ਹੋਏ ਹਨ। ਫਿਲਮ ਦੀ ਕਹਾਣੀ ਮਹਾਰਾਜਾ ਲਿਬਲ ਕੇਸ ਦੇ ਦੁਆਲੇ ਘੁੰਮਦੀ ਹੈ। ਇਹ ਇੱਕ ਧਾਰਮਿਕ ਆਗੂ ਦੀ ਕਹਾਣੀ ਹੈ, ਜੋ ਇੱਕ ਅਖਬਾਰ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਦਾ ਹੈ, ਜਿਸ ’ਚ ਇਹ ਦਾਅਵਾ ਕੀਤਾ ਜਾਂਦਾ ਹੈ ਉਸ ਦੇ ਆਪਣੇ ਪੈਰੋਕਾਰਾਂ ਨਾਲ ਨਾਜਾਇਜ਼ ਰਿਸ਼ਤੇ ਹਨ। ‘ਮਹਾਰਾਜ’ ਦਾ ਨਿਰਦੇਸ਼ਨ ਸਿਧਾਰਥ ਪੀ. ਮਲਹੋਤਰਾ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਜੁਨੈਦ ਕੋਲ ‘ਮਹਾਰਾਜ’ ਤੋਂ ਬਾਅਦ ਦੋ ਹੋਰ ਫਿਲਮਾਂ ਹਨ। ਉਸ ਨੇ ਹਾਲ ਹੀ ਵਿੱਚ ਆਪਣੀ ਤੀਜੀ ਫਿਲਮ ਲਈ ਅਦਾਕਾਰਾ ਖ਼ੁਸ਼ੀ ਕਪੂਰ ਨਾਲ ਕੰਮ ਸ਼ੁਰੂ ਕੀਤਾ ਹੈ।

## ‘ਨੀਂ ਮੈਂ ਸੱਸ ਕੁੱਟਣੀ-2’ ਦੀ ਖ਼ੂਬਸੂਰਤ ਹੀਰੋਇਨ

# ਤਨਵੀ ਨਾਗੀ

ਹਰਜਿੰਦਰ ਸਿੰਘ ਜਵੰਦਾ
9463828000



ਭਾਵੇਂਕਿ ਪੰਜਾਬੀ ਪਰਦੇ ’ਤੇ ਅੱਜ ਅਨੇਕਾਂ ਖ਼ੂਬਸੂਰਤ ਨਾਇਕਾਵਾਂ ਦਾ ਬੋਲਬਾਲਾ ਹੈ ਪ੍ਰੰਤੂ ਤਨਵੀ ਨਾਗੀ ਦੀ ਇੱਕ ਵੱਖਰੀ ਪਛਾਣ ਹੈ। ਤਨਵੀ ਨਾਗੀ ਦੀ ਪਹਿਲੀ ਫਿਲਮ ‘ਨੀ ਮੈਂ ਸੱਸ ਕੁੱਟਣੀ 1’ ਨੂੰ ਦਰਸ਼ਕਾਂ ਵੱਲੋਂ ਵੱਡਾ ਪਿਆਰ ਦਿੱਤਾ ਗਿਆ ਸੀ ਅਤੇ ਇਸ ਫਿਲਮ ਦੀ ਅਪਾਰ ਸਫਲਤਾ ਤੋਂ ਬਾਅਦ ਹੁਣ ਦਰਸ਼ਕਾਂ ਨੂੰ ਤਨਵੀ ਨਾਗੀ ਦੀ ਨਵੀਂ ਫਿਲਮ ‘ਨੀ ਮੈਂ ਸੱਸ ਕੁੱਟਣੀ-2’ ਦੇਖਣ ਨੂੰ ਮਿਲੇਗੀ। ਇਸ ਫ਼ਿਲਮ ਵਿੱਚ ਤਨਵੀ ਨਾਗੀ ਬਤੌਰ ਨਾਇਕਾ ਮਹਿਤਾਬ ਵਿਰਕ ਨਾਲ ਨਜ਼ਰ ਆਵੇਗੀ। ਫ਼ਿਲਮ ਵਿੱਚ ਜਿੱਥੇ ਸੱਸਾਂ ਦੀ ਨੋਕ ਝੋਂਕ ਦਿਖਾਈ ਦੇਵੇਗੀ, ਉੱਥੇ ਹੀ ਮਹਿਤਾਬ ਵਿਰਕ ਤੇ ਤਨਵੀ ਨਾਗੀ ਦੀ ਖ਼ੂਬਸੂਰਤ ਜੋੜੀ ਫ਼ਿਲਮ ਵਿੱਚ ਹੋਰ ਰੰਗ ਭਰੇਗੀ। ਦੋਵਾਂ ਦੀ ਜੋੜੀ ਨੂੰ ਦਰਸ਼ਕ ਪਹਿਲਾਂ ਨੀ ਮੈਂ ਸੱਸ ਕੁੱਟਣੀ-1 ਵਿੱਚ ਸ਼ਾਨਦਾਰ ਹੁੰਗਾਰਾ ਦੇ ਚੁੱਕੇ ਹਨ। ਤਨਵੀ ਨਾਗੀ ਦੀ ਬਤੌਰ ਹੀਰੋਇਨ ਇਹ ਦੂਜੀ ਫ਼ਿਲਮ ਹੈ। ਦੱਸ ਦਈਏ ਕਿ ਕਾਮੇਡੀ, ਰੁਮਾਂਸ ਅਤੇ ਡਰਾਮੇ ਦਾ ਸੁਮੇਲ ਇਹ ਫ਼ਿਲਮ ਇੱਕ ਅਜਿਹਾ ਪਰਿਵਾਰਕ ਡਰਾਮਾ ਹੈ ਜੋ ਦਰਸ਼ਕਾਂ ਦੇ ਢਿੱਡੀ ਪੀੜਾਂ ਤਾਂ ਪਾਵੇਗੀ ਹੀ ਅਤੇ ਨਾਲ ਹੀ ਨੂੰਹ ਅਤੇ ਸੱਸ ਦੇ ਰਿਸ਼ਤੇ ਦੀ ਮਜ਼ਬੂਤੀ ’ਤੇ ਵੀ ਜ਼ੋਰ ਦੇਵੇਗੀ। ਸੱਸ ਅਤੇ ਨੂੰਹ ਦੇ ਖ਼ੂਬਸੂਰਤ ਤੇ ਸਦੀਵੀਂ ਰਿਸ਼ਤੇ ਦੁਆਲੇ ਘੁੰਮਦੀ ਇਹ ਫਿਲਮ ਇਸ ਰਿਸ਼ਤੇ ਦੇ ਕੌੜੇ-ਮਿੱਠੇ ਪਲਾਂ ਨੂੰ ਪਰਦੇ ਤੇ ਪੇਸ਼ ਕਰਦੀ ਹੈ। ਬਨਵੈਤ ਫ਼ਿਲਮਸ ਵੱਲੋਂ ਸਾਰੇਗਾਮਾ ਅਤੇ ਯੂਡਲੀ ਫਿਲਮਸ ਬੈਨਰ ਹੇਠ 7 ਜੂਨ ਨੂੰ ਦੁਨੀਆਂ ਭਰ ਵਿੱਚ ਰਿਲੀਜ਼ ਹੋਣ ਜਾ ਰਹੀ ਇਸ ਫਿਲਮ ਦੀ ਕਹਾਣੀ ਵੀ ਨਿਰਦੇਸ਼ਕ ਮੋਹਿਤ ਬਨਵੈਤ ਨੇ ਲਿਖੀ ਹੈ ਜੋ ਕਿ ਮਨੋਰੰਜਨ ਦੇ ਨਾਲ ਨਾਲ ਵੱਡਾ ਸੁਨੇਹਾ ਦੇਵੇਗੀ। ਇਸ ਫਿਲਮ ਦੇ ਡਾਇਲਾਗ ਮੋਹਿਤ ਬਨਵੈਤ, ਅਮਨ ਸਿੱਧੂ ਅਤੇ ਧਰਮਬੀਰ ਭੰਗੂ ਨੇ ਲਿਖੇ ਹਨ। ਫਿਲਮ ਦੇ ਗੀਤ ਸੰਗੀਤ ਦੀ ਗੱਲ ਕਰੀਏ ਤਾਂ ਇਸ ਫਿਲਮ ਦੇ ਗੀਤ ਹੈਪੀ ਰਾਏਕੋਟੀ, ਧਰਮਬੀਰ ਭੰਗੂ, ਰੌਣੀ ਅਜਨਾਲੀ ਤੇ ਗਿੱਲ ਮਸ਼ਰਾਲੀ ਨੇ ਲਿਖੇ ਹਨ। ਫਿਲਮ ਦਾ ਮਿਊਜ਼ਿਕ ਐਵੀ ਸਰਾਂ, ਦਾ ਬੌਸ ਅਤੇ ਬਲੈਕ ਵਾਇਰਸ ਵਰਗੇ ਨਾਮੀਂ ਮਿਊਜ਼ਿਕ ਡਾਇਰੈਕਟਰਾਂ ਨੇ ਤਿਆਰ ਕੀਤਾ ਹੈ। ਇਸ ਫ਼ਿਲਮ ਵਿੱਚ ਅਨੀਤਾ ਦੇਵਗਨ ਨੇ ਸੱਸ ਦਾ ਮੁੱਖ ਕਿਰਦਾਰ ਨਿਭਾਇਆ ਹੈ। ਨਿਰਮਲ ਰਿਸ਼ੀ ਅੱਗੇ ਉਸਦੀ ਸੱਸ ਹੈ ਅਤੇ ਨੂੰਹ ਦਾ ਮੁੱਖ ਕਿਰਦਾਰ ਤਨਵੀ ਨਾਗੀ ਨੇ ਨਿਭਾਇਆ ਹੈ। ਇਸ ਫ਼ਿਲਮ ਵਿੱਚ ਮਹਿਤਾਬ ਵਿਰਕ ਅਤੇ ਤਨਵੀ ਨਾਗੀ ਤੋਂ ਇਲਾਵਾ ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਅਨੀਤਾ ਦੇਵਗਨ, ਨਿਰਮਲ ਰਿਸ਼ੀ, ਰੁਪਿੰਦਰ ਰੂਪੀ, ਨਿਸ਼ਾ ਬਾਨੋ, ਅਕਿਸ਼ਤਾ ਸ਼ਰਮਾ, ਅਕਾਂਕਸ਼ਾ ਸਰੀਨ, ਹਾਰਬੀ ਸੰਘਾ, ਰਵਿੰਦਰ ਮੰਡ, ਦਿਲਨੂਰ ਕੌਰ ਅਤੇ ਮਲਕੀਤ ਰੌਣੀ ਸਮੇਤ ਕਈ ਹੋਰ ਚਰਚਿਤ ਚਿਹਰੇ ਨਜ਼ਰ ਆਉਣਗੇ।

## ਨਿਊਯਾਰਕ ’ਚ ਦਿਖਾਈਆਂ ਜਾਣਗੀਆਂ ‘ਮਿਸੇਜ਼’ ਅਤੇ ‘ਸੂਮੋ ਦੀਦੀ’ ਫ਼ਿਲਮਾਂ




ਜੀਓ ਸਟੂਡੀਓਜ਼ ਦੀਆਂ ਦੋ ਫ਼ਿਲਮਾਂ ‘ਮਿਸੇਜ਼’ ਅਤੇ ‘ਸੂਮੋ ਦੀਦੀ’ ਆਗਾਮੀ ਨਿਊ ਯਾਰਕ ਇੰਡੀਅਨ ਫ਼ਿਲਮ ਫੈਸਟੀਵਲ ਵਿੱਚ ਦਿਖਾਈਆਂ ਜਾਣਗੀਆਂ। ਇਹ ਜਾਣਕਾਰੀ ਦਿੰਦਿਆਂ ਫ਼ਿਲਮ ਨਿਰਮਾਤਾਵਾਂ ਨੇ ਦੱਸਿਆ ਕਿ ਦੋਵੇਂ ਫ਼ਿਲਮਾਂ ਮੇਲੇ ਦੀ ਆਖ਼ਰੀ ਦਿਨ 2 ਜੂਨ ਨੂੰ ਦਿਖਾਈਆਂ ਜਾਣਗੀਆਂ। ਸਾਨਿਆ ਮਲਹੋਤਰਾ ਦੀ ਭੂਮਿਕਾ ਵਾਲੀ ਫ਼ਿਲਮ ‘ਮਿਸੇਜ਼’ ਨਾਲ ਇਸ ਫੈਸਟੀਵਲ ਦੀ ਸਮਾਪਤੀ ਹੋਵੇਗੀ। ਡਾਇਰੈਕਟਰ ਆਰਤੀ ਕਾਦਵ ਵੱਲੋਂ ਨਿਰਦੇਸ਼ਤ ਫ਼ਿਲਮ ‘ਮਿਸੇਜ਼’ ਵਿੱਚ ਇੱਕ ਔਰਤ ਦੀ ਤਾਕਤ ਅਤੇ ਲਚੀਲੇਪਣ ਨੂੰ ਦਿਖਾਇਆ ਗਿਆ ਹੈ। ਇਹ ਫ਼ਿਲਮ ਜੀਓ ਬੇਬੀ ਦੀ ਉੱਘੀ ਮਲਿਆਲਮ ਫ਼ਿਲਮ ‘ਦਿ ਗਰੇਟ ਇੰਡੀਅਨ ਕਿਚਨ’ ਦਾ ਰੀ-ਮੇਕ ਹੈ। ‘ਪਗਲੈਟ’ ਅਤੇ ‘ਕਾਥਾਲ-ਏ ਜੈਕਫਰੂਟ ਮਿਸਟਰੀ’ ਫ਼ਿਲਮਾਂ ਕਾਰਨ ਮਕਬੂਲ ਮਲਹੋਤਰਾ ਨੇ ਕਿਹਾ ਕਿ ਇਹ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਅਦਾਕਾਰ ਨੇ ਕਿਹਾ ਕਿ ਉਹ ਇਸ ਫ਼ਿਲਮ ਨੂੰ ਦੁਨੀਆਂ ਨਾਲ ਸਾਂਝਾ ਕਰਨ ਲਈ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਇਸ ਦੌਰਾਨ ਨਿਰਦੇਸ਼ਕ ਕਾਦਵ ਨੇ ਕਿਹਾ ਕਿ ਉਹ ਮਾਣ ਮਹਿਸੂਸ ਕਰਦੀ ਹੈ ਕਿ ਉਨ੍ਹਾਂ ਨੂੰ ਇੰਨੇ ਵੱਡੇ ਫ਼ਿਲਮ ਮਹਾਉਤਸਵ ਦੀ ਸਮਾਪਤੀ ਵੇਲੇ ਇਹ ਫ਼ਿਲਮ ਦਿਖਾਉਣ ਲਈ ਚੁਣਿਆ ਗਿਆ। ਬਵੇਜਾ ਸਟੂਡੀਓਜ਼ ਦੇ ਸਹਿਯੋਗ ਨਾਲ ਜੀਓ ਸਟੂਡੀਓਜ਼ ਵੱਲੋਂ ਪੇਸ਼ ਕੀਤੀ ਜਾ ਰਹੀ ਇਸ ਫਿਲਮ ਵਿੱਚ ਨਿਸ਼ਾਂਤ ਦਹੀਆ ਤੋਂ ਇਲਾਵਾ ਕੰਵਲਜੀਤ ਸਿੰਘ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਇਹ ਫ਼ਿਲਮ ਜੋਤੀ ਦੇਸ਼ਪਾਂਡੇ, ਪੰਮੀ ਬਾਵੇਜਾ ਅਤੇ ਹਰਮਨ ਬਵੇਜਾ ਵੱਲੋਂ ਪੇਸ਼ ਕੀਤੀ ਜਾ ਰਹੀ ਹੈ। ਭਾਰਤ ਦੀ ਪਹਿਲੀ ਸੂਮੋ ਪਹਿਲਵਾਨ ਹੇਤਲ ਦਵੇ ਦੀ ਕਹਾਣੀ ’ਤੇ ਆਧਾਰਿਤ ਫ਼ਿਲਮ ‘ਸੂਮੋ ਦੀਦੀ’ ਵਿੱਚ ਸ਼੍ਰੀਅਮ ਭਾਗਨਾਨੀ ਨੇ ਮੁੱਖ ਭੂਮਿਕਾ ਨਿਭਾਈ ਹੈ। ਇਹ ਫ਼ਿਲਮ ਜੇਅੰਤ ਰੋਹਤਗੀ ਵੱਲੋਂ ਨਿਰਦੇਸ਼ਤ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਟੋਕੀਓ ਅਤੇ ਪਾਮ ਸਪ੍ਰਿੰਗਸ ਵਿੱਚ ਚੰਗਾ ਹੁੰਗਾਰਾ ਮਿਲਣ ਮਗਰੋਂ, ਉਹ ਐੱਨਵਾਈਆਈਐੱਫਐੱਫ ਦਾ ਹਿੱਸਾ ਬਣਨ ਲਈ ਕਾਫ਼ੀ ਉਤਸੁਕ ਹਨ। ਜ਼ਿਕਰਯੋਗ ਹੈ ਕਿ ਐੱਨਵਾਈਆਈਐੱਫਐੱਫ ਭਲਕੇ 31 ਮਈ ਨੂੰ ਸ਼ੁਰੂ ਹੋ ਰਿਹਾ ਹੈ।

## ਫਿੱਕੀ ਕਿਉਂ ਹੈ ਭਾਜਪਾ ਦੀ ਜਿੱਤ ?

ਮਹਾਰਾਸ਼ਟਰ, ਕਰਨਾਟਕ, ਤਮਿਲਨਾਡੂ ਵਿੱਚ ਵੀ ਬੀਜੇਪੀ ਤਿਲਕ ਕੇ ਹੇਠਾਂ ਆ ਗਈ ਹੈ। ਪੱਛਮੀ ਬੰਗਾਲ ਵਿੱਚ ਮਮਤਾ ਦਾ ਹੀ ਖੇਲਾ ਰਹੇਗਾ, ਕੇਰਲ ਦੇ ਵਿੱਚ ਇੱਕ ਸੀਟ ਪੱਲੇ ਪਈ। ਅਖ਼ਿਲੇਸ਼ ਯਾਦਵ ਨੇ ਉੱਤਰ ਪ੍ਰਦੇਸ਼ ਦੇ ਵਿੱਚ ਮੁਸਲਿਮ, ਓਬੀਸੀ, ਦਲਿਤ, ਯਾਦਵ, ਗ਼ੈਰ-ਯਾਦਵ ਸਭ ਨੂੰ ਰਲਾ ਕੇ ਹਿੰਦੁਤਵ ਨੂੰ ਹਰਾਇਆ। ਬੀਜੇਪੀ ਨੂੰ ਉੱਚ ਜਾਤੀ ਦੀ ਵੋਟ ਪਈ ਪਰ ਅਗਨੀਵੀਰ, ਬੇਰੁਜ਼ਗਾਰੀ, ਮਹਿੰਗਾਈ ਤੇ ਹੇਠਲੇ ਪੱਧਰ ਦੇ ਮੁੱਦੇ ਚੁੱਕ ਕੇ ਕਾਂਗਰਸ ਨੇ ਸੰਵਿਧਾਨ ਬਚਾਓ ਦਾ ਜੋ ਨਾਅਰਾ ਦਿੱਤਾ ਉਸ ਨੇ ਕਾਂਗਰਸ ਨੂੰ ਮੋਦੀ ਦੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੱਤਾ। ਲੋਕਤੰਤਰ ਦੇ ਵਿੱਚ ਹਰ ਵਾਰ ਤੁਸੀਂ ਧਰਮ ਦੇ ਆਧਾਰ 'ਤੇ ਹੀ ਨਹੀਂ ਜਿੱਤ ਸਕਦੇ, ਲੋਕਾਂ ਦੇ ਵਿਚਾਰ ਬਦਲਦੇ ਰਹਿੰਦੇ ਨੇ ਤੇ ਹਿੰਦੂ ਮੁਸਲਿਮ ਵਾਲਾ ਏਜੰਡਾ ਪੂਰੇ ਭਾਰਤ ਵਿੱਚ ਨਹੀਂ ਚੱਲ ਸਕਦਾ। ਪੂਰੀ ਬੀਜੇਪੀ ਨੇ ਪ੍ਰਧਾਨ ਮੰਤਰੀ ਸਮੇਤ ਰਾਹੁਲ ਗਾਂਧੀ ਨੂੰ ਪਛਾੜਨ ਵਿੱਚ ਜ਼ੋਰ ਲਗਾ ਦਿੱਤਾ ਪਰ ਰਾਹੁਲ ਗਾਂਧੀ ਨੇ ਉਲਟਾ ਬੀਜੇਪੀ ਦੀਆਂ ਜੜ੍ਹਾਂ ਪੋਲੀਆਂ ਕਰ ਦਿੱਤੀਆਂ। ਮਨੀਪੁਰ ਦੀਆਂ ਦੋਵੇਂ ਸੀਟਾਂ ਕਾਂਗਰਸ ਨੇ ਜਿੱਤੀਆਂ ਹਨ। ਪਿਛਲੇ ਸਾਲ ਜਦੋਂ ਮਨੀਪੁਰ ਨਫ਼ਰਤ ਦੀ ਅੱਗ ਵਿੱਚ ਸੜ ਰਿਹਾ ਸੀ ਤਾਂ ਉਸ ਸਮੇਂ ਰਾਹੁਲ ਗਾਂਧੀ ਨੇ ਉਥੋਂ ਦਾ ਦੌਰਾ ਕਰਕੇ ਲੋਕਾਂ ਦੇ ਜ਼ਖ਼ਮਾਂ 'ਤੇ ਮੱਲਮ ਲਗਾਈ ਸੀ। ਮਨੀਪੁਰ ਦੇ ਹੱਕ ਵਿੱਚ ਆਵਾਜ਼ ਉਠਾਈ ਸੀ ਤੇ ਮਨੀਪੁਰ ਵਾਲੇ ਰਾਹੁਲ ਗਾਂਧੀ ਦੇ ਹੱਕ ਵਿੱਚ ਭੁਗਤੇ। ਰਾਹੁਲ ਗਾਂਧੀ ਦੀ 2022 ਦੇ ਵਿੱਚ ਪਹਿਲੀ ਯਾਤਰਾ ਤੇ 2023 ਦੇ ਵਿੱਚ ਦੂਜੀ ਯਾਤਰਾ ਨੇ ਵੱਖ ਵੱਖ ਰਾਜਾਂ ਵਿੱਚ ਕਮਜ਼ੋਰ ਕਾਂਗਰਸ ਕਾਡਰ ਨੂੰ ਮਜ਼ਬੂਤ ਕੀਤਾ। ਇਸ ਚੋਣਾਂ ਵਿੱਚ ਕਾਂਗਰਸ ਨੇ ਸਮਝਦਾਰੀ ਦਿਖਾਈ। ਆਪਣੇ ਚੋਣ ਮੈਨੀਫ਼ੈਸਟੋ ਦੇ ਵਿੱਚ ਉਹ ਮੁੱਦੇ ਹਲ ਕਰਨ ਦੀ ਗੱਲ ਕੀਤੀ ਜੋ ਜ਼ਮੀਨੀ ਪੱਧਰ 'ਤੇ ਲੋਕ ਚਾਹੁੰਦੇ ਹਨ। ਰਾਹੁਲ ਗਾਂਧੀ ਦਾ ਪ੍ਰਚਾਰ ਲੋਕਾਂ ਦੇ ਦਿਲਾਂ ਵਿੱਚ ਡੂੰਘੀ ਛਾਪ ਛੱਡ ਗਿਆ। ਬੀਜੇਪੀ ਦੇ ਲਈ ਸਰਕਾਰ ਬਣਾਉਣ ਵਿੱਚ ਨੀਤਿਸ਼ ਕੁਮਾਰ ਤੇ ਚੰਦਰਬਾਬੂ ਨਾਇਡੂ ਦਾ ਨਾਮ ਚਰਚਾ ਵਿੱਚ ਹੈ, ਇਹ ਦੋਵੇਂ ਕਿੰਗ ਮੇਕਰ ਰਹੇ ਨੇ। ਇਹਨਾਂ ਦੇ ਦੋਵਾਂ ਹੱਥਾਂ ਵਿੱਚ ਲੱਡੂ ਹਨ। ਸੋਚ ਰਹੇ ਨੇ ਇੱਧਰ ਵਾਲਾ ਖਾਈਏ ਕਿ ਉਧਰ ਵਾਲਾ ਖਾਈਏ ? ਦੋਵੇਂ ਆਗੂ ਅਟਲ ਬਿਹਾਰੀ ਵਾਜਪਾਈ ਦੇ ਦੌਰ ਵਿੱਚ ਸਰਕਾਰ ਦਾ ਹਿੱਸਾ ਰਹੇ ਨੇ। ਨਾਇਡੂ 2014 ਤੋਂ 2019 ਤੱਕ ਭਾਜਪਾ ਵਿੱਚ ਸਨ, ਫਿਰ ਕਾਂਗਰਸ ਵਿੱਚ ਤੇ ਇਸ ਸਾਲ ਫੇਰ ਐਨਡੀਏ ਦਾ ਹਿੱਸਾ ਬਣੇ। ਨੀਤਿਸ਼ ਕੁਮਾਰ ਇੰਡੀਆ ਅਲਾਇੰਸ ਦਾ ਗਠਨ ਕਰਨ ਵਾਲੇ ਨੇਤਾ ਨੇ, ਪਰ ਇਹ ਦੋਵੇਂ ਚਿਹਰੇ ਬੀਜੇਪੀ ਦੇ ਸਕੇ ਵੀ ਨਹੀਂ ਹਨ, ਕਿਸੇ ਵਕਤ ਤੋੜ ਵੀ ਸਕਦੇ ਹਨ, ਪਰ ਇਹਨਾਂ ਤੋਂ ਬਿਨਾਂ ਸਰਕਾਰ ਕੋਈ ਇਹੋ ਜਿਹਾ ਬਿਲ ਨਹੀਂ ਲਿਆ ਸਕੇਗੀ ਜੋ ਪਾਰਲੀਮੈਂਟ ਵਿੱਚ ਬੁਲਡੋਜ਼ਰ ਦੀ ਤਰ੍ਹਾਂ ਚਲਾ ਸਕੇ। ਜਿਵੇਂ ਨੋਟਬੰਦੀ, ਕਿਸਾਨ ਬਿਲ, ਜੀਐਸਟੀ, ਲਾਕਡਾਊਨ ਆਦਿ। ਡੈਮੋਕ੍ਰੇਟਿਕ ਬੈਲੇਂਸ ਦੇ ਲਈ ਦੂਜਿਆਂ ਦੇ ਨਾਲ ਚੱਲਣਾ ਪਏਗਾ। ਭਾਰਤ ਦੇ ਵੋਟਰਾਂ ਨੇ ਨਰਿੰਦਰ ਮੋਦੀ ਨੂੰ ਸਾਫ਼ ਸੁਨੇਹਾ ਦਿੱਤਾ ਹੈ ਕਿ ਵੋਟਰਾਂ ਨੂੰ ਹਲਕੇ ਵਿੱਚ ਨਾ ਲਿਆ ਜਾਵੇ। ਨਤੀਜਿਆਂ ਵਿੱਚ ਜ਼ਬਰਦਸਤ ਸੰਦੇਸ਼ ਲੁਕੇ ਹੋਏ ਨੇ।

## ਅਮਰੀਕਾ ਦੇ ਸ਼ਹਿਰ ਕਲੀਵਲੈਂਡ ਵਿਖੇ ਰੀਜਨਲ

ਭਾਗ ਲੈਣ ਵਾਲੇ ਬੱਚਿਆਂ ਨੇ ਸਿੱਖ ਧਰਮ ਨਾਲ ਸੰਬੰਧਤ ਵੱਖ-ਵੱਖ ਵਿਸ਼ਿਆਂ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤ ਵੱਲੋਂ ਸਥਾਨਕ ਅਤੇ ਦੂਰੋਂ ਆਈਆਂ ਸੰਗਤਾਂ ਲਈ ਸਾਰਾ ਦਿਨ ਲੰਗਰ ਦੀ ਸੇਵਾ ਕੀਤੀ ਗਈ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਪੁਰਸਕਾਰ ਅਤੇ ਪੰਜਾਬੀ ਵਿੱਚ ਭਾਸ਼ਣ ਦੇਣ ਵਾਲੇ ਬੱਚਿਆਂ ਨੂੰ ਵੱਖਰਾ ਵਿਸ਼ੇਸ਼ ਅਵਾਰਡ ਵੀ ਦਿੱਤਾ ਗਿਆ। ਗਰੁੱਪ 1 ਵਿੱਚ ਅਵਨੂਰ ਕੌਰ, ਗਰੁੱਪ 2 ਵਿੱਚ ਤ੍ਰਿਸ਼ਾ ਕੌਰ, ਗਰੁੱਪ 3 ਵਿੱਚ ਪ੍ਰਭਨੂਰ ਸਿੰਘ, ਗਰੁੱਪ 4 ਵਿੱਚ ਮਿਹਰ ਕੌਰ ਅਤੇ ਗਰੁੱਪ 5 ਵਿੱਚ ਸਮਾਰਾ ਕੌਰ ਪਹਿਲੇ ਸਥਾਨ 'ਤੇ ਆਏ।

ਇਹ ਜੇਤੂ ਬੱਚੇ 1 ਤੋਂ 4 ਅਗਸਤ, 2024 ਵਿੱਚ ਡੈਲਸ, ਟੈਕਸਾਸ ਦੇ ਗੁਰਦੁਆਰਾ ਸਿੰਘ ਸਭਾ ਰਿਚਰਡਸਨ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਸਿਮਪੋਜ਼ੀਅਮ ਵਿੱਚ ਭਾਗ ਲੈਣਗੇ। ਸਿਆਨਾ ਦੇ ਨੈਸ਼ਨਲ ਕਨਵੀਨਰ ਸ: ਕੁਲਦੀਪ ਸਿੰਘ ਦੇ ਅਨੁਸਾਰ ਸੰਸਥਾ ਵੱਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ ਵਿੱਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ ਵਿੱਚ ਅਗਸਤ ਦੇ ਮਹੀਨੇ ਵਿੱਚ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਸੂਬਿਆਂ ਨੂੰ 13 ਹਿੱਸਿਆਂ ਵਿੱਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਜਾਂਦੇ ਹਨ। ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਅਤੇ ਬੋਲਣ ਦਾ ਵੀ ਪਤਾ ਲੱਗਦਾ ਹੈ।

***

## ਟਰੰਪ 34 ਮਾਮਲਿਆਂ 'ਚ ਦੋਸ਼ੀ ਕਰਾਰ

ਉਨ੍ਹਾਂ ਨੇ ਸਾਹਮਣਾ ਕੀਤਾ ਸੀ। ਜਿਊਰੀ ਦੇ ਫ਼ੈਸਲੇ ਦੇ ਸਮੇਂ ਡੋਨਾਲਡ ਟਰੰਪ ਕੰਧ ਵੱਲ ਮੂੰਹ ਕਰਕੇ ਬੈਠੇ ਸਨ। ਜਦੋਂਕਿ ਅਦਾਲਤ ਦੇ ਬਾਹਰ ਉਨ੍ਹਾਂ ਦੇ ਸਮਰਥਕ ਅਤੇ ਵਿਰੋਧੀ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਸਨ। ਫ਼ੈਸਲੇ ਤੋਂ ਬਾਅਦ ਅਦਾਲਤ ਤੋਂ ਬਾਹਰ ਆਉਂਦਿਆਂ ਡੋਨਾਲਡ ਟਰੰਪ ਨੇ ਕਿਹਾ, ਇਹ ਇੱਕ ਧੋਖਾਧੜੀ, ਸ਼ਰਮਨਾਕ ਮੁਕੱਦਮਾ ਸੀ। ਅਸਲੀ ਫ਼ੈਸਲਾ 5 ਨਵੰਬਰ ਨੂੰ ਲੋਕ ਸੁਣਾਉਣਗੇ। ਉਹ ਜਾਣਦੇ ਹਨ ਕਿ ਕੀ ਹੋਇਆ, ਅਤੇ ਹਰ ਕੋਈ ਜਾਣਦਾ ਹੈ ਕਿ ਇੱਥੇ ਕੀ ਹੋਇਆ ਹੈ। ਇਹ ਫ਼ੈਸਲਾ ਟਰੰਪ ਲਈ ਹੈਰਾਨ ਕਰਨ ਵਾਲਾ ਕਾਨੂੰਨੀ ਫ਼ੈਸਲਾ ਹੈ। ਹੁਣ ਉਸ ਨੂੰ ਇਸ ਮਾਮਲੇ ਵਿੱਚ ਜੇਲ੍ਹ ਦੀ ਸਜ਼ਾ ਭੁਗਤਣੀ ਪੈ ਸਕਦੀ ਹੈ।

***

## ਪੰਜਾਬ ਨੇ ਰਾਸ਼ਟਰਵਾਦੀ ਧਾਰਾ ਦਾ ਹਿੱਸਾ ਬਨਣ

ਕਿਉਂਕਿ ਘੱਲੂਘਾਰਾ ਦਿਵਸ ਚੱਲ ਰਿਹਾ ਹੈ ਅਤੇ ਪਰਿਵਾਰ ਸਮੇਤ 6 ਜੂਨ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਹੋਣ ਵਾਲੀ ਅਰਦਾਸ ਵਿੱਚ ਸ਼ਾਮਿਲ ਹੋਣਗੇ।

ਪੰਜਾਬ ਦੀ ਬਹੁਚਰਚਿਤ ਲੋਕ ਸਭਾ ਸੀਟ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਨੇ 1,97,120 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਆਜ਼ਾਦ ਉਮੀਦਵਾਰ ਨੂੰ 4,04,430 ਵੋਟਾਂ ਪਈਆਂ ਜਦਕਿ ਦੂਜੇ ਨੰਬਰ 'ਤੇ ਰਹੇ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਨੂੰ 2,07,310 ਵੋਟਾਂ ਮਿਲੀਆਂ ਹਨ। ਜੇਤੂ ਉਮੀਦਵਾਰ ਅੰਮ੍ਰਿਤਪਾਲ ਇਸ ਵੇਲੇ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਖਡੂਰ ਸਾਹਿਬ ਤੋਂ 'ਆਪ' ਉਮੀਦਵਾਰ ਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ 1,94,836 ਵੋਟਾਂ ਨਾਲ ਤੀਸਰੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ 86,416 ਵੋਟਾਂ ਹਾਸਲ ਕਰ ਕੇ ਚੌਥੇ ਸਥਾਨ 'ਤੇ ਰਹੇ ਹਨ। ਇਸ ਹਲਕੇ ਦੀ ਖ਼ਾਸੀਅਤ ਇਹ ਰਹੀ ਕਿ ਭਾਈ ਅੰਮ੍ਰਿਤਪਾਲ ਸਿੰਘ ਨੇ ਹਰ ਰਾਊਂਡ ਵਿੱਚ ਆਪਣੇ ਵਿਰੋਧੀ ਉਮੀਦਵਾਰਾਂ ਤੋਂ ਜਿੱਤ ਹਾਸਲ ਕੀਤੀ । ਪਿੰਡਾਂ ਦੇ ਨਾਲ-ਨਾਲ ਸ਼ਹਿਰਾਂ ਵਿੱਚ ਵੀ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਲੋਕਾਂ ਨੇ ਭਾਰੀ ਫ਼ਤਵਾ ਮਿਲਿਆ ।

ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਇਸ ਸਮੇਂ ਐੱਨ.ਐੱਸ.ਏ. ਦੇ ਅਧੀਨ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ ਤੇ ਉਨ੍ਹਾਂ ਦੇ ਸਮੱਰਥਕਾਂ ਨੇ ਹੀ ਇਹ ਚੋਣ ਆਪ ਮੁਹਾਰੇ ਹੋ ਕੇ ਲੜੀ । ਘੱਲੂਘਾਰੇ ਦੇ ਦਿਨ ਹੋਣ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਦੇ ਸਮੱਰਥਕ ਸਤਿਨਾਮ-ਵਾਹਿਗੁਰੂ ਦਾ ਜਾਪ ਕਰਕੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਨਤਮਸਤਕ ਹੋਏ ਅਤੇ ਪਰਮਾਤਮਾ ਦਾ ਸ਼ੁਕਰਾਨਾ ਅਦਾ ਕੀਤਾ । ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਹਲਕਾ ਖਡੂਰ ਸਾਹਿਬ ਦੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤ ਨੇ ਜਿਸ ਤਰ੍ਹਾਂ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਮੱਤਦਾਨ ਕਰਕੇ ਇਕ ਨਵਾਂ ਇਤਿਹਾਸ ਸਿਰਜਿਆ ਹੈ, ਉਹ ਹਲਕੇ ਦੀ ਸੰਗਤ ਦੇ ਰਿਣੀ ਹਨ।

ਲੋਕ ਸਭਾ ਹਲਕਾ ਲੁਧਿਆਣਾ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣਾ ਦਬਦਬਾ ਕਾਇਮ ਕਰਦਿਆਂ 3,22,224 ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ 20,942 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਰਵਨੀਤ ਸਿੰਘ ਬਿੱਟੂ ਨੂੰ 3,01,282 ਵੋਟਾਂ ਪਈਆਂ ਹਨ। ਬਿੱਟੂ ਸਾਲ 2019 ਵਿੱਚ ਕਾਂਗਰਸ ਪਾਰਟੀ ਵੱਲੋਂ ਲੁਧਿਆਣਾ ਸੀਟ ਤੋਂ ਜਿੱਤ ਕੇ ਸੰਸਦ ਮੈਂਬਰ ਬਣੇ ਸਨ। ਲੋਕ ਸਭਾ ਚੋਣਾਂ 2024 ਤੋਂ ਐਨ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਰਵਨੀਤ ਸਿੰਘ ਬਿੱਟੂ ਦਾ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨਾਲ ਸਖ਼ਤ ਮੁਕਾਬਲਾ ਸੀ। ਲੁਧਿਆਣਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ 2,37,077 ਵੋਟਾਂ ਹਾਸਲ ਕਰ ਕੇ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਣਜੀਤ ਸਿੰਘ ਢਿੱਲੋਂ 90,220 ਵੋਟਾਂ ਨਾਲ ਚੌਥੇ ਸਥਾਨ 'ਤੇ ਰਹੇ ਹਨ।

ਲੋਕ ਸਭਾ ਹਲਕਾ ਗੁਰਦਾਸਪੁਰ ਦੀ ਸੀਟ ਵੀ ਕਾਂਗਰਸ ਦੀ ਝੋਲੀ ਪਈ ਹੈ। ਇੱਥੋਂ ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਰੰਧਾਵਾ ਨੇ 3,64,043 ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ ਭਾਜਪਾ ਉਮੀਦਵਾਰ ਦਿਨੇਸ਼ ਸਿੰਘ ਬੱਬੂ ਨੂੰ 82,861 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਬੱਬੂ ਨੂੰ 2,81,182 ਵੋਟਾਂ ਪਈਆਂ ਹਨ। 'ਆਪ' ਉਮੀਦਵਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) 2,77,252 ਵੋਟਾਂ ਨਾਲ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ 85,500 ਵੋਟਾਂ ਨਾਲ ਚੌਥੇ ਨੰਬਰ 'ਤੇ ਰਹੇ ਹਨ।

***

## ਕੀ ਪੰਜਾਬ ਦੇ ਲੋਕ ਸਭਾ ਚੋਣਾਂ ਦੇ ਨਤੀਜੇ

ਹਰਸਿਮਰਤ ਕੌਰ ਬਾਦਲ ਇਸ ਸੀਟ ਤੋਂ ਚੌਥੀ ਵਾਰ ਜੇਤੂ ਰਹੇ ਅਤੇ ਉਨ੍ਹਾਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਨਾਲ ਹਰਾਇਆ । ਪਰ ਅਕਾਲੀ ਦਲ ਨੂੰ ਹੁਣ ਆਪਣੇ ਸੰਗਠਨ ਤੇ ਰਾਜਨੀਤੀ ਵਿਚ ਉਸਾਰੂ ਤਬਦੀਲੀਆਂ ਲਿਆਉਣੀਆਂ ਹੋਣਗੀਆਂ ਹਾਲਾਂਕਿ ਇਤਿਹਾਸਕ ਪ੍ਰਸੰਗ ਵਿਚ ਵੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਅਤੇ ਸਥਾਪਤੀ ਚੋਣਾਵੀ ਅੰਕੜਿਆਂ ਦੀ ਮੁਥਾਜ ਨਹੀਂ ਹੈ, ਕਿਉਂਕਿ ਅਕਾਲੀ ਦਲ ਦੀ ਹੋਂਦ ਪੰਥਕ ਤੇ ਪੰਜਾਬ ਹੱਕਾਂ 'ਤੇ ਪਹਿਰਾ ਦੇਣ ਵਿੱਚ ਮਹਿਫ਼ੂਜ਼ ਹੈ ਅਤੇ ਜਦੋਂ ਕਿਸੇ ਵੀ ਕਾਰਨ ਇਸ ਦੀ ਆਪਣੀ ਖੇਤਰੀ ਪਾਰਟੀ ਵਜੋਂ ਆਜ਼ਾਦ ਪਛਾਣ ਨੂੰ ਖੋਰਾ ਲੱਗਣਾ ਸ਼ੁਰੂ ਹੋਇਆ ਤਾਂ ਉਦੋਂ ਹੀ ਇਸ ਦਾ ਆਧਾਰ ਕਮਜ਼ੋਰ ਹੋਇਆ। ਇਸ ਚੋਣ ਵਿੱਚ ਹਾਰ ਤੋਂ ਬਾਅਦ ਅਕਾਲੀ ਦਲ ਨੂੰ ਪੰਜਾਬ ਨੂੰ ਮੁਖ਼ਾਤਿਬ ਹੁੰਦਿਆਂ ਆਪਣੇ ਭਵਿੱਖੀ ਏਜੰਡੇ ਨੂੰ ਪੁਨਰ-ਨਿਰਧਾਰਿਤ ਕਰਨਾ ਹੋਵੇਗਾ ਤੇ ਅਮਲੀ ਤਬਦੀਲੀਆਂ ਲਿਆਉਣੀਆਂ ਹੋਣਗੀਆਂ। ਹਾਲਾਂਕਿ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਸਿਰਫ਼ ਅਕਾਲੀ ਦਲ ਹੀ ਸੀ, ਜਿਸ ਨੇ ਪੰਜਾਬ ਦੇ ਦਰਿਆਈ ਪਾਣੀ, ਰਾਜਧਾਨੀ ਚੰਡੀਗੜ੍ਹ, ਅਨੰਦਪੁਰ ਸਾਹਿਬ ਦੇ ਮਤੇ ਅਤੇ ਰਾਜਾਂ ਨੂੰ ਆਰਥਿਕ ਤੇ ਪ੍ਰਸ਼ਾਸਨਿਕ ਖ਼ੁਦ-ਮੁਖ਼ਤਿਆਰੀ ਸਮੇਤ ਰਵਾਇਤੀ ਮੁੱਦਿਆਂ ਤੋਂ ਇਲਾਵਾ ਪੰਜਾਬ ਵਿਚ ਗ਼ੈਰ-ਪੰਜਾਬੀਆਂ ਦੇ ਹੋ ਰਹੇ ਬੇਤਰਤੀਬੇ ਪਰਵਾਸ ਨੂੰ ਰੋਕਣ ਅਤੇ ਗੁਆਂਢੀ ਦੇਸ਼ ਪਾਕਿਸਤਾਨ ਨਾਲ ਵਪਾਰ ਖੋਲ੍ਹਣ ਦੀ ਖੁੱਲ੍ਹ ਕੇ ਵਕਾਲਤ ਕੀਤੀ ਹੈ ਪਰ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਅਕਾਲੀ ਦਲ ਆਪਣੀ ਵਿਚਾਰਧਾਰਾ ਤੋਂ ਸੇਧ ਲੈ ਕੇ ਨਿਰੰਤਰ ਅੱਗੇ ਵਧਦਾ ਹੈ ਜਾਂ ਫ਼ਿਰ ਮੁੜ ਕਿਸੇ ਗੱਠਜੋੜ ਦੀ ਰਾਜਨੀਤੀ ਦਾ ਹਿੱਸਾ ਬਣ ਕੇ ਸੱਤਾ ਵਿੱਚ ਭਾਈਵਾਲ ਬਣਨ ਨੂੰ ਤਰਜੀਹ ਦਿੰਦਾ ਹੈ।

ਭਾਜਪਾ ਵੱਲੋਂ ਇਸ ਵਾਰ ਸਾਰੀਆਂ 13 ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਗਏ ਸਨ ਅਤੇ ਪਰ ਕੋਈ ਵੀ ਸੀਟ ਨਹੀਂ ਜਿੱਤ ਸਕੀ। ਹਾਲਾਂਕਿ ਪਾਰਟੀ ਨੂੰ ਇਸ ਵਾਰ ਕੁਲ 18.56 ਪ੍ਰਤੀਸ਼ਤ ਵੋਟ ਪ੍ਰਾਪਤ ਹੋਏ, ਜਦੋਂਕਿ ਪਾਰਟੀ ਨੂੰ ਦੋ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਮੌਕੇ 6.60 ਪ੍ਰਤੀਸ਼ਤ ਵੋਟ ਪ੍ਰਾਪਤ ਹੋਏ ਸਨ।

ਦਿਲਚਸਪ ਗੱਲ ਇਹ ਹੈ ਕਿ ਅਕਾਲੀ ਦਲ ਜਿਸ ਦੀ ਇਨ੍ਹਾਂ ਵੋਟਾਂ ਵਿੱਚ ਚੋਣ ਪ੍ਰਤੀਸ਼ਤ 13.42 ਪ੍ਰਤੀਸ਼ਤ ਰਹੀ, ਉਹ ਭਾਜਪਾ ਤੋਂ ਵੀ ਪਛੜ ਗਈ ਹੈ। ਆਪ ਪਾਰਟੀ, ਜਿਸ ਨੂੰ 2 ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਮੌਕੇ 42.01 ਪ੍ਰਤੀਸ਼ਤ ਵੋਟ ਪ੍ਰਾਪਤ ਹੋਏ ਸਨ, ਇਨ੍ਹਾਂ ਚੋਣਾਂ ਵਿੱਚ 26.02 ਪ੍ਰਤੀਸ਼ਤ ਵੋਟ ਪ੍ਰਾਪਤ ਕਰ ਸਕੀ, ਜੋ ਵੋਟ ਪ੍ਰਤੀਸ਼ਤ ਵਿੱਚ 16 ਪ੍ਰਤੀਸ਼ਤ ਦਾ ਵੱਡਾ ਘਾਟਾ ਹੈ । ਕਾਂਗਰਸ ਨੂੰ ਇਸ ਵਾਰ 26.30 ਪ੍ਰਤੀਸ਼ਤ ਵੋਟ ਪ੍ਰਾਪਤ ਹੋਇਆ, ਜੋ ਆਪ ਨਾਲੋਂ ਕੁਝ ਵੱਧ ਹੈ ਬਸਪਾ ਨੂੰ 2.49 ਪ੍ਰਤੀਸ਼ਤ ਵੋਟ ਮਿਲੇ । ਪੰਜਾਬੀਆਂ ਦੀ ਸਿਆਸੀ ਸੂਝ ਬੂਝ ਇਹ ਰਹੀ ਹੈ ਕਿ ਉਨ੍ਹਾਂ ਨੇ ਇਨ੍ਹਾਂ ਚੋਣਾਂ ਦੌਰਾਨ ਦਲ ਬਦਲੂਆਂ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ, ਪਟਿਆਲਾ ਤੋਂ ਪ੍ਰਨੀਤ ਕੌਰ ਜੋ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ, ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ ਜੋ ਆਪ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਿਲ ਹੋਏ ਸਨ, ਜਲੰਧਰ ਤੋਂ ਅਕਾਲੀ ਉਮੀਦਵਾਰ ਮਹਿੰਦਰ ਸਿੰਘ ਕੇ.ਪੀ., ਜੋ ਕਿ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ ਸਨ ਅਤੇ ਜਲੰਧਰ ਤੋਂ ਹੀ ਆਪ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ, ਜੋ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ, ਨੂੰ ਹਰਾਕੇ ਸੁਨੇਹਾ ਦਿੱਤਾ ਹੈ ਕਿ ਗਿਰਗਟਾਂ ਵਾਂਗ ਰੰਗ ਬਦਲਦੇ ਦਲ ਬਦਲੂ ਆਗੂ ਪੰਜਾਬ ਨੂੰ ਮਨਜ਼ੂਰ ਨਹੀਂ।

****

## ਬੇਅਦਬੀ ਦਾ ਸਿਲਸਲਾ ਨਾ ਰੁਕਿਆ ...

ਕਰਾਰ ਦੇ ਦਿਤਾ ਜਾਂਦਾ ਹੈ। ਪੁਲਿਸ ਦੇ ਢਿੱਲੇ ਕੇਸ ਕਾਰਨ ਜਮਾਨਤਾਂ ਹੋ ਜਾਂਦੀਆਂ ਹਨ। ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਬੇਅਦਬੀ ਮੁੱਦਾ ਨਹੀਂ ਬਣੀ, ਹਾਲਾਂਕਿ ਇਨ੍ਹਾਂ ਚੋਣਾਂ ਦੌਰਾਨ ਦੋ ਬੇਅਦਬੀਆਂ ਹੋ ਚੁਕੀਆਂ ਹਨ।

### ਪਿੰਡ ਢਿਲਵਾਂ ਵਿੱਚ ਬੇਅਦਬੀ

ਪਿੰਡ ਢਿੱਲਵਾਂ ਦੇ ਗੁਰਦੁਆਰਾ ਸਾਹਿਬ ਵਿੱਚ ਬੀਤੇ ਹਫ਼ਤੇ ਇੱਕ ਮੰਦਬੁੱਧੀ ਔਰਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਦੀ ਜਾਂਚ ਲਈ ਪੁੱਜੇ ਗੁਰਦੁਆਰਾ ਚਰਨਕੰਵਲ ਸਾਹਿਬ ਮਾਛੀਵਾੜਾ ਦੇ ਕਥਾਵਾਚਕ ਇਕਨਾਮ ਸਿੰਘ ਨੇ ਦੱਸਿਆ ਸੀ ਕਿ ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਗੁਰਦੁਆਰੇ ਦਾ ਗ੍ਰੰਥੀ ਸਵੇਰੇ ਪੰਜ ਵਜੇ ਨਿਤਨੇਮ ਦੇ ਭੋਗ ਪਾ ਕੇ ਆਪਣੇ ਕਮਰੇ ਵਿੱਚ ਗਿਆ ਹੋਇਆ ਸੀ। ਸੀਸੀਟੀਵੀ ਦੀ ਜਾਂਚ ਮਗਰੋਂ ਪਤਾ ਲੱਗਾ ਕਿ ਗ੍ਰੰਥੀ ਸਿੰਘ ਦੇ ਬਾਹਰ ਜਾਣ ਤੋਂ ਬਾਅਦ ਇਹ ਔਰਤ ਗੁਰਦੁਆਰੇ ਅੰਦਰ ਦਾਖਲ ਹੋਈ। ਮਗਰੋਂ ਇਸ ਨੇ ਬੇਅਦਬੀ ਦੀ ਘਟਨਾ ਨੂੰ ਅੰਜ਼ਾਮ ਦਿੱਤਾ। ਐੱਸਐੱਚਓ ਰਾਓ ਵਰਿੰਦਰ ਸਿੰਘ ਨੇ ਦੱਸਿਆ ਕਿ ਘਟਨਾ ਸਬੰਧੀ ਜਸਵੰਤ ਕੌਰ (40) ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਕਿ ਮੰਦਬੁੱਧੀ ਹੈ।

### ਗੁਟਕਾ ਸਾਹਿਬ ਨੂੰ ਅੱਗ ਲਾ ਕੇ ਛੱਤ ਉੱਪਰ ਸੁੱਟੇ, ਔਰਤ ਸਮੇਤ 3 ਗ੍ਰਿਫ਼ਤਾਰ

ਖੰਨਾ ਦੇ ਸਮਰਾਲਾ ਵਿੱਚ ਬੇਅਦਬੀ ਦੀ ਦੂਜੀ ਘਟਨਾ ਵਾਪਰੀ ਹੈ। ਪਿੰਡ ਬਾਂਬਾ ਵਿੱਚ ਇੱਕ ਘਰ ਅੰਦਰ ਗੁਟਕਾ ਸਾਹਿਬ ਨੂੰ ਅੱਗ ਲਾ ਦਿੱਤੀ ਗਈ ਸੀ। ਅੰਗ ਪਾੜ ਕੇ ਛੱਤ 'ਤੇ ਸੁੱਟ ਦਿੱਤੇ ਗਏ। ਸਤਿਕਾਰ ਕਮੇਟੀ ਦੇ ਮਨਦੀਪ ਸਿੰਘ ਨੇ ਇਸ ਘਟਨਾ ਪਿੱਛੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਣਗਹਿਲੀ ਦਾ ਕਾਰਨ ਦੱਸਿਆ ਸੀ। ਜਿਸਨੂੰ ਇਸ ਘਟਨਾ ਬਾਰੇ ਪਤਾ ਸੀ।

ਪਰ ਪੁਲਿਸ ਨੂੰ ਨਹੀਂ ਦੱਸਿਆ ਗਿਆ। ਕਮੇਟੀ ਮੈਂਬਰਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ।

ਡੀਐਸਪੀ ਤਰਲੋਚਨ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਬਾਂਬਾ ਦੇ ਵਾਸੀ ਟਹਿਲ ਸਿੰਘ, ਸਰਬਜੀਤ ਸਿੰਘ, ਅਮਰਜੀਤ ਕੌਰ ਨੇ ਗੁਟਕਾ ਸਾਹਿਬ ਨੂੰ ਅੱਗ ਲਾ ਕੇ ਨੀਲੋ ਨਹਿਰ ਵਿੱਚ ਪਾਣੀ ਛੱਡਿਆ ਹੈ। ਇਸ ਮਗਰੋਂ ਘਰ ਵਿੱਚ ਪਏ ਗੁਟਕਾ ਸਾਹਿਬ ਦੇ ਅੰਗ ਪਾੜ ਕੇ ਛੱਤ 'ਤੇ ਸੁੱਟ ਦਿੱਤੇ ਗਏ। ਇਹ ਦੇਖ ਕੇ ਆਸ-ਪਾਸ ਦੇ ਲੋਕਾਂ ਨੇ ਵਿਰੋਧ ਕੀਤਾ ਤਾਂ ਮੁਲਜ਼ਮਾਂ ਨੇ ਉਨ੍ਹਾਂ ਨਾਲ ਬਹਿਸ ਵੀ ਕੀਤੀ। ਪੁਲਿਸ ਨੇ ਤਿੰਨੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

### ਜਥੇਦਾਰ ਵੱਲੋਂ ਬੇਅਦਬੀ ਘਟਨਾਵਾਂ ਦਾ ਸਖ਼ਤ ਨੋਟਿਸ

ਲੁਧਿਆਣਾ ਜ਼ਿਲ੍ਹੇ ਦੇ ਪਿੰਡ ਬੰਬਾਂ ਵਿਖੇ ਗੁਟਕਾ ਸਾਹਿਬ ਦੀ ਬੇਅਦਬੀ ਅਤੇ ਸਮਰਾਲਾ ਨੇੜਲੇ ਪਿੰਡ ਢਿੱਲਵਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਤੇ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਜਥੇਦਾਰ ਨੇ ਆਖਿਆ ਕਿ ਡੂੰਘੀ ਅਤੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਪਿਛਲੇ ਅਰਸੇ ਤੋਂ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਅਸਹਿਣਯੋਗ ਘਟਨਾਵਾਂ ਦਾ ਸਿਲਸਿਲਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਉਨ੍ਹਾਂ ਕਿਹਾ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਬੇਅਦਬੀ ਦੀਆਂ ਦੋਵੇਂ ਘਟਨਾਵਾਂ ਦੇ ਦੋਸ਼ੀ ਫ਼ੜੇ ਗਏ ਹਨ ਅਤੇ ਹੁਣ ਪੁਲਿਸ ਤੇ ਕਾਨੂੰਨ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਦੋਸ਼ੀਆਂ ਕੋਲੋਂ ਪੁੱਛਗਿੱਛ ਕਰਕੇ ਸਾਜਿਸ਼ਕਾਰਾਂ ਨੂੰ ਵੀ ਸਾਹਮਣੇ ਲਿਆਵੇ ਤੇ ਸਾਰੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

***

## ਵਿਸ਼ਵ 'ਚ ਮੌਤ ਦੀ ਸਜ਼ਾ ਦਾ ਅੰਕੜਾ ਪਿਛਲੇ ਸਾਲ .....

ਇਸ ਦੇ ਨਤੀਜੇ ਵਜੋਂ 2023 'ਚ ਲਗਭਗ ਦੋ ਦਹਾਕਿਆਂ 'ਚ ਮੌਤ ਦੀ ਸਜ਼ਾ ਵਾਲੇ ਕੈਦੀਆਂ ਦੀ ਸਭ ਤੋਂ ਵੱਧ ਗਿਣਤੀ ਹੋਈ।

ਨੈਸ਼ਨਲ ਕ੍ਰਾਈਮ ਰੀਕਾਰਡ ਬਿਊਰੋ ਦੀ ਜੇਲ ਸਟੈਟਿਸਟਿਕਸ ਰੀਪੋਰਟ ਮੁਤਾਬਕ ਇਸ ਸਦੀ ਦੀ ਸ਼ੁਰੂਆਤ ਤੋਂ ਬਾਅਦ ਅਜਿਹੇ ਕੈਦੀਆਂ ਦੀ ਗਿਣਤੀ ਦੂਜੀ ਸਭ ਤੋਂ ਵੱਧ ਹੈ। ਇਸ ਤੋਂ ਇਲਾਵਾ, ਸਾਲ 2023 'ਚ 2015 ਤੋਂ ਦਿਤੀ ਗਈ ਮੌਤ ਦੀ ਸਜ਼ਾ ਦੀ ਗਿਣਤੀ ਵਿੱਚ 45.71% ਦਾ ਵਾਧਾ ਹੋਇਆ ਹੈ।

### ਮੌਤ ਦੀਆਂ ਸਜ਼ਾ ਦੇਣ ਦੇ ਵਿਸ਼ਵ ਵਿੱਚ ਖ਼ਤਰਨਾਕ ਢੰਗ ਪ੍ਰਚਲਿਤ ਸਨ

ਆਮ ਤੌਰ 'ਤੇ ਕਿਸੇ ਵੀ ਵੱਡੇ ਤੋਂ ਵੱਡੇ ਅਪਰਾਧ ਦੀ ਸਜ਼ਾ ਮੌਤ ਹੁੰਦੀ ਹੈ ਪਰ ਕੁਝ ਸਜ਼ਾਵਾਂ ਅਜਿਹੀਆਂ ਵੀ ਹੁੰਦੀਆਂ ਹਨ ਜੋ ਮੌਤ ਤੋਂ ਵੀ ਜ਼ਿਆਦਾ ਭਿਆਨਕ ਹਨ ਤੇ ਜਿਨ੍ਹਾਂ ਅੱਗੇ ਮੌਤ ਸੌਖੀ ਲੱਗਦੀ ਹੈ।

* ਪੂਰਬੀ ਅਤੇ ਦੱਖਣੀ ਏਸ਼ੀਆ ਵਿੱਚ ਤਿੱਖੇ ਬਾਂਸ ਨਾਲ ਤਸੀਹੇ ਦੇ ਕੇ ਸਜ਼ਾ ਦੇਣ ਦੀ ਰਵਾਇਤ ਸੀ। ਦੂਜੇ ਵਿਸ਼ਵਯੁੱਧ ਤੋਂ ਬਾਅਦ ਜਾਪਾਨੀ ਫੌਜੀਆਂ ਨੇ ਅਮਰੀਕਾ ਅਤੇ ਉਸ ਨਾਲ ਸੰਬੰਧ ਰੱਖਣ ਵਾਲੇ ਫ਼ੌਜੀਆਂ ਨੂੰ ਤਿੱਖੇ ਬਾਸਾਂ ਨਾਲ ਤਸੀਹੇ ਦੇ-ਦੇ ਕੇ ਮਾਰਿਆ ਸੀ।

* ਜਾਪਾਨ ਨੇ ਚੀਨੀ ਨਾਗਰਿਕਾਂ ਨੂੰ ਤਾਬੂਤਾਂ ਵਿੱਚ ਜ਼ਿੰਦਾ ਦਫਨ ਕਰਕੇ ਮਾਰਿਆ ਸੀ। ਅਜਿਹੇ ਆਖਰੀ ਮਾਮਲੇ 1937 ਵਿੱਚ ਦੇਖਣ ਨੂੰ ਮਿਲੇ ਸਨ।

*ਰੋਮਾਨੀਆ ਵਿੱਚ ਤਿੱਖੇ ਖੰਭਿਆਂ 'ਤੇ ਬਿਠਾ ਕੇ ਸਜ਼ਾ ਦੇਣ ਦੀ ਵਿਵਸਥਾ ਸੀ। ਰੋਮਾਨੀਆ ਦੇ ਸ਼ਾਸਕ ਨੇ 20 ਹਜ਼ਾਰ ਲੋਕਾਂ ਨੂੰ ਇਸੇ ਤਰ੍ਹਾਂ ਸਜ਼ਾ ਦਿੱਤੀ ਸੀ। ਇਸ ਸਜ਼ਾ ਤੋਂ ਬਾਅਦ ਵਿਅਕਤੀ ਤੜਫ-ਤੜਫ ਕੇ ਮਰ ਜਾਂਦਾ ਸੀ।

* ਇਤਿਹਾਸ ਵਿੱਚ ਅਪਰਾਧੀਆਂ ਨੂੰ ਪਿਰਾਮਿਡ ਵਰਗੇ ਤਿੱਖੇ ਢਾਂਚੇ 'ਤੇ ਵੀ ਬਿਠਾ ਕੇ ਮੌਤ ਦੇ ਦਰਵਾਜ਼ੇ ਤੱਕ ਲਿਜਾਇਆ ਜਾਂਦਾ ਸੀ।

* 20ਵੀਂ ਸਦੀ ਵਿੱਚ ਚੀਨ ਵਿੱਚ ਇਨਸਾਨ ਦੇ ਟੁੱਕੜੇ-ਟੁੱਕੜੇ ਕਰਕੇ ਸਜ਼ਾ ਦਿੱਤੀ ਜਾਂਦੀ ਸੀ।

* ਸਪੇਨ ਵਿੱਚ ਪਹਿਲਾਂ ਤਿੱਖੇ ਹਥਿਆਰਾਂ ਨਾਲ ਇਨਸਾਨ ਨੂੰ ਫਾੜ ਕੇ ਸਜ਼ਾ ਦਿੱਤੀ ਜਾਂਦੀ ਸੀ।

* ਰੋਮ ਵਿੱਚ ਬਲਦੇ ਹੋਏ ਕੋਲਿਆਂ 'ਤੇ ਇਨਸਾਨ ਨੂੰ ਭੁੰਨ ਕੇ ਮਾਰਨ ਦੀ ਵਿਵਸਥਾ ਸੀ।

*ਕਈ ਦੇਸ਼ਾਂ ਵਿੱਚ ਲੋਕਾਂ ਨੂੰ ਵੇਲਣੇ ਵਿੱਚ ਦੇ ਕੇ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਅਜਿਹੇ ਕਈ ਮਾਮਲੇ ਭਾਰਤ ਵਿੱਚ ਵੀ ਦੇਖਣ ਨੂੰ ਮਿਲੇ।

* ਪਾਰਸੀ ਲੋਕ ਜ਼ਿੰਦਾ ਇਨਸਾਨ ਨੂੰ ਦੋ ਕਿਸ਼ਤੀਆਂ ਵਿੱਚ ਬੰਨ੍ਹ ਕੇ ਉਸ ਦੇ ਨਾਜ਼ੁਕ ਤੇ ਨਿੱਜੀ ਅੰਗਾਂ 'ਤੇ ਸ਼ਹਿਦ ਤੇ ਦੁੱਧ ਪਾਇਆ ਜਾਂਦਾ ਸੀ ਤਾਂ ਜੋ ਉਸ ਦੇ ਸਰੀਰ ਨੂੰ ਕੀੜੇ ਲੱਗ ਜਾਣ। ਇਸ ਦੌਰਾਨ ਵਿਅਕਤੀ ਨੂੰ ਭੁੱਖਾ ਰੱਖਿਆ ਜਾਂਦਾ ਸੀ ਤੇ ਉਸ ਦੀਆਂ ਅੱਖਾਂ, ਕੰਨ ਤੇ ਲਿੰਗ ਆਦਿ ਸੜ ਜਾਂਦੇ ਸਨ।

* ਗ੍ਰੀਸ ਵਿੱਚ ਕਾਂਸੇ ਦੀ ਧਾਤ ਨਾਲ ਬਣੇ ਸਾਂਡ ਦੇ ਢਿੱਡ ਵਿੱਚ ਅਪਰਾਧੀ ਨੂੰ ਰੱਖ ਕੇ ਉਸ ਦੇ ਹੇਠਾਂ ਅੱਗ ਲਗਾ ਦਿੱਤੀ ਜਾਂਦੀ ਸੀ ਤੇ ਧੂੰਆਂ ਸਾਂਡ ਦੇ ਮੂੰਹ ਤੋਂ ਨਿਕਲਦਾ ਸੀ।

* ਅਮਰੀਕਾ ਵਰਗੇ ਦੇਸ਼ ਵਿੱਚ ਲੰਮੇਂ ਸਮੇਂ ਤੱਕ ਵਿਅਕਤੀਆਂ ਨੂੰ ਦੋ ਫੱਟਿਆਂ ਵਿੱਚ ਦਬਾ ਕੇ ਮੌਤ ਦੀ ਸਜ਼ਾ ਦਿੱਤੀ ਜਾਂਦੀ ਰਹੀ ਸੀ।

***

## ਪੰਜਾਬ 'ਚ ਖੇਤੀ ਆਧਾਰਿਤ ਸਨਅਤਾਂ...

ਪੰਜਾਬ ਵਿੱਚ ਫਲਾਂ, ਸਬਜ਼ੀਆਂ, ਦਾਲਾਂ ਅਤੇ ਤੇਲ ਦੇ ਬੀਜਾਂ ਦੇ ਉਤਪਾਦਨ ਦੀ ਵੱਡੀ ਸਮਰੱਥਾ ਹੈ। ਸੂਰਜਮੁਖੀ ਪੰਜਾਬ ਵਿੱਚ ਇੰਨੀ ਉਪਜ ਦਿੰਦਾ ਹੈ ਜਿੰਨੀ ਕਿਸੇ ਵੀ ਪ੍ਰਾਂਤ ਵਿਚ ਨਹੀਂ। ਇਸ ਤਰ੍ਹਾਂ ਹੋਰ ਫ਼ਸਲਾਂ ਦੀ ਹਾਲਤ ਹੈ ਪਰ ਉਹ ਬੀਜੀਆਂ ਹੀ ਨਹੀਂ ਜਾਂਦੀਆਂ ਜਦਕਿ ਕਿ ਵਿਦੇਸ਼ਾਂ ਤੋਂ ਬਹੁਤ ਮਹਿੰਗੀਆਂ ਖ਼ਰੀਦੀਆਂ ਜਾਂਦੀਆਂ ਹਨ। ਫ਼ਸਲਾਂ ਦੀ ਬਿਜਾਈ ਲਈ ਕੇਂਦਰ ਤੇ ਪ੍ਰਾਂਤ ਦੀ ਅਪਣਾਈ ਜਾਂਦੀ ਨੀਤੀ ਦੀ ਵੱਡੀ ਭੂਮਿਕਾ ਹੈ। ਜੇ ਇਨ੍ਹਾਂ ਫ਼ਸਲਾਂ ਨੂੰ ਵੀ ਸਰਕਾਰ ਵੱਲੋਂ ਅਪਣਾਈ ਕਣਕ ਅਤੇ ਝੋਨੇ ਵਾਂਗ ਯਕੀਨੀ ਮੰਡੀਕਰਨ ਦਾ ਭਰੋਸਾ ਮਿਲ ਜਾਵੇ ਤਾਂ ਇਨ੍ਹਾਂ ਵਿੱਚ ਵੀ ਉਹੋ ਜਿਹੇ ਹੈਰਾਨਕੁੰਨ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ ਜਿਹੜੇ ਕਣਕ, ਝੋਨੇ ਵਿੱਚ ਕੀਤੇ ਗਏ ਹਨ। ਇਨ੍ਹਾਂ ਫ਼ਸਲਾਂ ਬਾਰੇ ਖੋਜ ਹੀ ਨਹੀਂ ਕੀਤੀ ਗਈ ਅਨਾਜ ਸਮੱਸਿਆ ਹੋਣ ਕਰਕੇ ਜਿੰਨੀ ਦਿਲਚਸਪੀ ਕਣਕ ਅਤੇ ਝੋਨੇ ਦੇ ਬੀਜਾਂ ਲਈ ਵਿਖਾਈ ਗਈ ਸੀ, ਜੇ ਓਨੀ ਦਿਲਚਸਪੀ ਉਨ੍ਹਾਂ ਕੁਝ ਕੁ ਫ਼ਸਲਾਂ ਲਈ ਵੀ ਵਿਖਾਈ ਜਾਂਦੀ ਜਿਨ੍ਹਾਂ ਦਾ ਨਿਰਯਾਤ ਹੋ ਸਕਦਾ ਹੈ ਤਾਂ ਉਹ ਪੰਜਾਬ ਦੇ ਵੱਡੇ ਹਿੱਤ ਦੀ ਗੱਲ ਹੁੰਦੀ। ਪੰਜਾਬ ਵਿੱਚ ਹੋਰ ਪ੍ਰਾਂਤਾਂ ਦੀ ਤਰ੍ਹਾਂ ਐਗਰੀ ਐਕਸਪੋਰਟ ਕਾਰਪੋਰੇਸ਼ਨ ਹੈ ਜਿਸ ਦਾ ਮੁੱਖ ਕੰਮ ਹੈ ਖੇਤੀ ਵਸਤਾਂ ਦੇ ਨਿਰਯਾਤ ਲਈ ਵਿਦੇਸ਼ਾਂ ਤੋਂ ਆਰਡਰ ਪ੍ਰਾਪਤ ਕਰਨੇ ਪਰ ਪਿਛਲੇ ਕਈ ਦਹਾਕਿਆਂ ਤੋਂ ਉਸ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਕੁਝ ਵੀ ਨਹੀਂ ਰਹੀ। ਅਸਲ ਵਿੱਚ ਜੇ ਉਹ ਕੋਈ ਆਰਡਰ ਪ੍ਰਾਪਤ ਵੀ ਕਰ ਲੈਣ ਤਾਂ ਵੀ ਉਹ ਕਿਸ ਨੇ ਪੂਰਾ ਕਰਨਾ ਹੈ ਕਿਉਂ ਜੋ ਜਿਹੜੀਆਂ ਵਸਤਾਂ ਦੀ ਵਿਦੇਸ਼ਾਂ ਵਿੱਚ ਮੰਗ ਹੈ, ਉਹ ਤਾਂ ਪੈਦਾ ਹੀ ਨਹੀਂ ਹੋ ਰਹੀਆਂ।

ਪੰਜਾਬ ਵਿੱਚ ਫੈਲੀ ਵੱਡੀ ਬੇਰੁਜ਼ਗਾਰੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪੰਜਾਬ ਦੇ ਉਦਯੋਗੀਕਰਨ ਵਿੱਚ ਖੇਤੀ ਆਧਾਰਤ ਉਦਯੋਗਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਇਸ ਵਿੱਚ ਸਰਕਾਰ ਦੀ ਵੱਡੀ ਭੂਮਿਕਾ ਹੈ। ਇਨ੍ਹਾਂ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਸਹੂਲਤਾਂ ਜਿਵੇਂ ਸਬਸਿਡੀ, ਸਸਤੀ ਬਿਜਲੀ, ਟੈਕਸ ਛੋਟ ਤੋਂ ਇਲਾਵਾ ਸਭ ਤੋਂ ਜ਼ਰੂਰੀ ਸਰਕਾਰੀ ਤੌਰ 'ਤੇ ਉਹ ਫ਼ਸਲਾਂ ਖ਼ਰੀਦਣ ਦਾ ਯਕੀਨੀਕਰਨ ਸਰਕਾਰ 'ਤੇ ਨਿਰਭਰ ਕਰਦਾ ਹੈ। ਸਰਕਾਰ ਵੱਲੋਂ ਕੁਝ ਵਸਤਾਂ ਦੀ ਪਛਾਣ ਕਰਨੀ ਜਿਹੜੀਆਂ ਭਾਰਤ ਦੇ ਹੋਰ ਪ੍ਰਾਂਤਾਂ ਜਾਂ ਵਿਦੇਸ਼ਾਂ ਵਿੱਚ ਵਿੱਕ ਸਕਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਘੱਟੋ-ਘੱਟ ਸਮਰਥਨ ਕੀਮਤਾਂ 'ਤੇ ਖ਼ਰੀਦਣ ਦਾ ਯਕੀਨ ਦਿਵਾਉਣਾ ਸਰਕਾਰ ਹੀ ਕਰ ਸਕਦੀ ਹੈ। ਉੱਦਮੀ ਨੂੰ ਵੀ ਇਹ ਯਕੀਨ ਹੋਵੇ ਕਿ ਉਸ ਦੀ ਲੱਗੀ ਪੂੰਜੀ ਦੀ ਪੂਰੀ ਸਮਰੱਥਾ ਵਰਤੀ ਜਾਵੇਗੀ ਅਤੇ ਉਸ ਦੀ ਇਕਾਈ ਲੰਬਾ ਸਮਾਂ ਕੰਮ ਕਰੇਗੀ। ਉਕਤ ਨੂੰ ਕਰਨ ਨਾਲ ਜਿੱਥੇ ਰੁਜ਼ਗਾਰ ਵਿੱਚ ਵਾਧਾ ਹੋਵੇਗਾ ਉੱਥੇ ਖੇਤੀ ਵਿੱਚ ਵਿਭਿੰਨਤਾ ਆਵੇਗੀ, ਜਿਸ ਦੀ ਇਸ ਸਮੇਂ ਵੱਡੀ ਲੋੜ ਹੈ।

***

## ਘੱਲੂਘਾਰਾ ਜੂਨ '84 ਦਾ ਦੁਖਾਂਤ ਤੇ...

ਇਹੀ ਘਾੜਤਾਂ ਹੁਣ ਘੜੀਆਂ ਜਾ ਰਹੀਆਂ ਹਨ ਅਤੇ ਸੱਤਾ ਦੀ ਲਾਲਚੀ ਸਿੱਖ ਲੀਡਰਸ਼ਿਪ ਇਸ ਬਾਰੇ ਹਮੇਸ਼ਾ ਕਬਰਾਂ ਵਰਗੀ ਚੁਪ ਧਾਰੀ ਬੈਠੀ ਹੈ। ਅੰਗਰੇਜ਼ ਕਾਲ ਦੌਰਾਨ ਸਿੰਘ ਸਭਾ ਲਹਿਰ ਤੇ ਗੁਰਦੁਆਰਾ ਸੁਧਾਰ ਲਹਿਰ ਨੇ ਗੁਰਧਾਮਾਂ ਨੂੰ ਆਜ਼ਾਦ ਕਰਵਾ ਕੇ ਗੁਰੂ ਨਾਨਕ ਪੰਥ ਨੂੰ ਰਾਜਨੀਤਕ ਤੇ ਧਾਰਮਿਕ ਪੱਖ ਤੋਂ ਮਜ਼ਬੂਤ ਕੀਤਾ ਸੀ, ਪਰ ਅੱਜ ਸਿੱਖ ਦਿਸ਼ਾਹੀਣ ਹਨ, ਕਿਉਂਕਿ ਸਿਧਾਂਤਕ ਅਗਵਾਈ ਕਰਨ ਵਾਲੀ ਨਾ ਉਨ੍ਹਾਂ ਕੋਲ ਬੁੱਧੀਜੀਵੀ ਜਮਾਤ ਤੇ ਨਾ ਸਿਆਸੀ ਜਮਾਤ ਹੈ। 40 ਸਾਲ ਬੀਤ ਜਾਣ 'ਤੇ ਵੀ ਸਿੱਖਾਂ ਦੇ ਮਨਾਂ ਵਿੱਚ ਦਰਬਾਰ ਸਾਹਿਬ ਤੇ ਹੋਏ ਫ਼ੌਜੀ ਹਮਲੇ ਵਿਰੁੱਧ ਰੋਸ ਲਗਾਤਾਰ ਬਣਿਆ ਹੋਇਆ ਹੈ। ਸਿੱਖਾਂ ਦੇ ਜ਼ਖ਼ਮਾਂ ਤੇ ਮਰਹਮ ਲਾਉਣ ਦਾ ਕੋਈ ਵੀ ਯਤਨ ਨਹੀਂ ਕੀਤਾ ਗਿਆ।

ਅਹਿਮ ਸਵਾਲ ਇਹ ਉਠਦਾ ਹੈ ਕਿ ਅੱਜ ਦੀ ਸਥਿਤੀ ਵਿੱਚ ਜਦੋਂ ਸਿੱਖਾਂ ਦਾ ਰਾਜਨੀਤਕ ਸੰਗਠਨ ਨਹੀਂ ਹੈ ਤੇ ਨਾ ਹੀ ਰਾਜਨੀਤੀ ਹੈ। ਜਿਹਨਾਂ ਕੌਮਾਂ ਕੋਲ ਰਾਜਨੀਤੀ ਨਹੀਂ ਹੁੰਦੀ ਉਹ ਕਦੇ ਆਪਣਾ ਵਾਜੂਦ ਕਾਇਮ ਨਹੀਂ ਰਖ ਸਕਦੀਆਂ। ਇਸ ਮੌਕੇ ਸਿੱਖ ਪੰਥ ਨੂੰ ਨਵੇ ਪੰਥਕ ਤੇ ਖੇਤਰੀ ਰਾਜਨੀਤੀ ਦੇ ਮੁਹਾਂਦਰੇ ਬਾਰੇ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਉਸਾਰੀ ਕਰਨੀ ਚਾਹੀਦੀ ਹੈ। ਸਿੱਖ ਪੰਥ ਨੂੰ ਪੰਜਾਬ ਦੀ ਅਗਵਾਈ ਕਰਦਿਆਂ ਵਿਸ਼ਵ ਵਿੱਚ ਰੋਲ ਨਿਭਾਉਣਾ ਚਾਹੀਦਾ ਹੈ ਤੇ ਗੁਰੂ ਗਰੰਥ ਸਾਹਿਬ ਆਧਾਰਿਤ ਫਲਸਫੇ ਤੇ ਰਾਜਨੀਤੀ ਨੂੰ ਪ੍ਰਗਟ ਕਰਕੇ ਅਭਿਆਸ ਕਰਨਾ ਚਾਹੀਦਾ ਹੈ। ਇਹ ਦੁਖਾਂਤ ਉਦੋਂ ਸਦੀਵੀ ਹੋ ਜਾਂਦੇ ਹਨ, ਜਦੋਂ ਸਾਡੀ ਗੁਰਦੁਆਰਾ ਸੰਸਥਾ, ਰਾਜਨੀਤੀ, ਆਰਥਿਕਤਾ, ਵਿੱਦਿਆ, ਸੱਭਿਆਚਾਰ, ਸਿੱਖ ਰਾਜਨੀਤਕ ਤੇ ਪ੍ਰਭੂ ਸੱਤਾ ਦਾ ਮਾਡਲ ਅਤੇ ਸਮੁੱਚੇ ਸਿੱਖ ਸੰਸਥਾਵਾਂ ਕਮਜ਼ੋਰ ਹੋ ਜਾਣ ਤੇ ਉਨ੍ਹਾਂ ਵਿਚ ਸੁਧਾਰ ਦੇ ਤੇ ਸੰਗਠਨ ਕਰਨ ਦੇ ਯਤਨ ਨਾ ਕੀਤੇ ਜਾਣ। ਖ਼ਾਲਸਾ ਪੰਥ ਕੋਲ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿੱਚ ਸਿੱਖ ਫਿਲਾਸਫ਼ੀ ਤੋਂ ਸੇਧ ਪ੍ਰਾਪਤ ਕਰਦੀ ਆਪਣੀ ਵਿਸ਼ਵ ਪੱਧਰੀ ਸੋਚ ਹੋਣੀ ਚਾਹੀਦੀ ਹੈ। ਕੌਮੀ ਲੋੜਾਂ ਅਨੁਕੂਲ ਪੰਜਾਬ ਤੋਂ ਭਾਰਤ ਅਤੇ ਦੂਰ-ਦੁਰਾਡੇ ਦੇਸ਼ਾਂ ਵਿੱਚ ਸਿੱਖ ਧਰਮ ਦਾ ਸੁਨੇਹਾ ਦੇਣ ਵਾਲੇ ਗੁਰਦੁਆਰਿਆਂ, ਧਰਮ-ਕੇਂਦਰਾਂ ਅਤੇ ਧਾਰਮਿਕ ਸੰਸਥਾਵਾਂ ਕੋਲ ਸਪੱਸ਼ਟ ਸਾਂਝਾ ਕੌਮੀ ਏਜੰਡਾ ਅਤੇ ਸਦੀਵੀਂ ਪ੍ਰਚਾਰ ਨੀਤੀ ਹੋਣੀ ਜ਼ਰੂਰੀ ਹੈ। ਇਨ੍ਹਾਂ ਹੀ ਲੀਹਾਂ ਉੱਤੇ ਸਿੱਖ ਪੰਥ ਦਾ ਜੀਵਨ ਦੀਆਂ ਸਾਰੀਆਂ ਸੰਸਥਾਵਾਂ ਦਾ ਗੁਰਮਤਿ ਮਾਡਲ ਅਨੁਸਾਰ ਨੀਤੀਤੰਤਰ ਉਸਾਰਨਾ ਜ਼ਰੂਰੀ ਹੈ। ਸਿੱਖ ਪੰਥ ਦੀ ਰਾਜਨੀਤਿਕ-ਸੱਤਾ ਨੀਤੀ, ਆਰਥਿਕ ਨੀਤੀ, ਗੁਰਮਤਿ ਗਿਆਨ ਤੇ ਬੌਧਿਕ ਨੀਤੀ, ਸੱਭਿਆਚਾਰਕ ਨੀਤੀ, ਵਿਦੇਸ਼ ਨੀਤੀ, ਖੇਡ ਨੀਤੀ, ਮੀਡੀਆ ਨੀਤੀ, ਸਿੱਖ ਨੌਜਵਾਨੀ ਨੂੰ ਸੰਭਾਲਣ ਅਤੇ ਉਨ੍ਹਾਂ ਦੀ ਜੀਵਨ ਸੁਰੱਖਿਆ ਯਕੀਨੀ ਬਣਾਉਂਦਿਆਂ ਉਨ੍ਹਾਂ ਦੇ ਸਿਰਜਣਾਤਮਿਕ ਕਾਰਜਾਂ ਵਿੱਚ ਯੋਗਦਾਨ ਸਬੰਧੀ ਨੀਤੀ ਤਿਆਰ ਕਰਨੀ ਚਾਹੀਦੀ ਹੈ।

ਗੁਰਦੁਆਰੇ ਸਿੱਖੀ ਦੇ ਸਕੂਲ ਵਜੋਂ ਸਥਾਪਤ ਹੋਣੇ ਚਾਹੀਦੇ ਹਨ। ਜਿੰਨਾ ਚਿਰ ਤੱਕ ਅਸੀਂ ਸਿੱਖ ਸੱਭਿਆਚਾਰ ਉਸਾਰਨ ਵਲ ਧਿਆਨ ਨਹੀਂ ਦੇਵਾਂਗੇ ਤੇ ਹਲੇਮੀ ਰਾਜ ਤਹਿਤ ਆਪਣੀ ਪ੍ਰਭੂ ਸੱਤਾ ਨਹੀਂ ਉਸਾਰੇਗਾ, ਓਨਾ ਚਿਰ ਤੱਕ ਸਿੱਖ ਘੱਲੂਘਾਰੇ ਦੇ ਦੁਖਾਂਤ ਸਾਡੇ ਜਖ਼ਮ ਬਣਦੇ ਰਹਿਣਗੇ। ਹੋ ਸਕਦਾ ਹੈ ਕਿ ਹੋਲੀ ਹੋਲੀ ਅਸੀਂ ਕਮਜ਼ੋਰ ਹੁੰਦੇ ਇਨ੍ਹਾਂ ਨੂੰ ਭੁੱਲ ਵੀ ਜਾਈਏ, ਪਰ ਜਦੋਂ ਅਸੀਂ ਆਪਣੇ ਗਿਆਨ ਸਿਲੇਬਸਾਂ ਨਾਲ ਲੈਸ ਹੋਵਾਂਗੇ ਤਾਂ ਹੀ ਸਾਡਾ ਭਵਿੱਖ ਉਜਵਲ ਹੋ ਸਕੇਗਾ।

ਗੁਰੂ ਗ੍ਰੰਥ ਸਾਹਿਬ ਵਿਚਲਾ ਹਲੇਮੀ ਰਾਜ ਇਹੋ ਹੀ ਉਹ ਮਾਡਲ ਹੈ ਜਿਸ ਦੀ ਪੂੰਜੀਵਾਦ, ਸਮਾਜਵਾਦ, ਸਾਮਵਾਦ, ਇਸਲਾਮਿਕ ਸ਼ਰੀਅਤ ਅਤੇ ਹਿੰਦੂਤਵ ਤੋਂ ਬਦਲਵੀਂ ਪ੍ਰਭੂ ਸੱਤਾ ਪ੍ਰਬੰਧ ਦੀ ਅੱਜ ਵਿਸ਼ਵ ਮਾਨਵ ਸੱਭਿਅਤਾ ਨੂੰ ਲੋੜ ਹੈ। ਇਸ ਸੰਬੰਧ ਵਿੱਚ ਡੂੰਘੀ ਵਿਆਖਿਆ ਕਰਨ ਦੇ ਨਾਲ ਸੰਗਤੀ ਪੱਧਰ 'ਤੇ ਅਭਿਆਸ ਜਾਰੀ ਰੱਖਣ ਦੀ ਲੋੜ ਹੈ। ਪੰਜਾਬ, ਭਾਰਤ ਅਤੇ ਵਿਸ਼ਵ ਵਿੱਚ ਵੱਸਦਾ ਸਿੱਖ ਭਾਈਚਾਰਾ ਅਤੇ ਗੁਰੂ ਨਾਨਕ ਨਾਮ ਲੇਵਾ ਵਰਗਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਲੋੜ ਹੈ ਤਾਂ ਜੋ ਪੰਜਾਬੀ ਭਾਈਚਾਰੇ ਨੂੰ ਇਕਮੁੱਠ ਕਰਕੇ ਵਿਸ਼ਾਲ ਸੰਗਠਨ ਸਿਰਜਿਆ ਜਾਵੇ ਤਾਂ ਜੋ ਪੰਜਾਬ ਦਾ ਭਲਾ ਹੋ ਸਕੇ ਤੇ ਖ਼ਾਲਸਾ ਪੰਥ ਵਿਸ਼ਵ ਪੱਧਰ ਦਾ ਸਭਿਅਕ ਮਾਡਲ ਵਜੋਂ ਉਭਰ ਕੇ ਸਾਹਮਣੇ ਆ ਸਕੇ। ਇਸ ਸੰਬੰਧੀ ਸਾਨੂੰ ਸੰਗਠਨ ਸਿਰਜ ਕੇ ਵਿਸ਼ਾਲਤਾ ਨਾਲ ਵਿਸ਼ਵ ਪੱਧਰ 'ਤੇ ਆਪਣੀ ਰਾਜਨੀਤੀ ਦਾ ਅਭਿਆਸ ਕਰਨ ਦੀ ਲੋੜ ਹੈ।

****

## ਕਰਨਾਟਕ 'ਚ ਭਾਜਪਾ ਗੱਠਜੋੜ ਦੇ ਆਗੂ...

ਭਾਜਪਾ ਵਿਧਾਇਕ ਰਾਮਦੁਲਾਰ ਗੌਂਡ ਨੂੰ 2014 ਵਿੱਚ ਇੱਕ 15 ਸਾਲ ਦੀ ਬੱਚੀ ਦੇ ਨਾਲ਼ ਬਲਾਤਕਾਰ ਦੇ ਅਪਰਾਧ ਵਿੱਚ ਸਜਾ ਹੋਈ। 8 ਦਸੰਬਰ 2023 ਨੂੰ ਪ੍ਰੀਤਮ ਰਾਏ ਨਾਂ ਦੇ ਭਾਜਪਾ ਮੈਂਬਰ ਨੂੰ ਬਲਾਤਕਾਰ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ। 30 ਦਸੰਬਰ 2023 ਨੂੰ ਚੰਪਾਵਤ, ਉੱਤਰਾਖੰਡ ਦੇ ਭਾਜਪਾ ਆਗੂ ਨੂੰ ਇੱਕ ਨਾਬਾਲਗ ਲੜਕੀ ਨਾਲ਼ ਬਲਾਤਕਾਰ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ। ਪਿਛਲੇ ਸਾਲ ਨਵੰਬਰ ਵਿੱਚ ਆਈ.ਆਈ.ਟੀ. ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਇੱਕ ਵਿਦਿਆਰਥਣ ਨਾਲ਼ ਬਲਾਤਕਾਰ ਦੇ ਮਾਮਲੇ ਵਿੱਚ ਤਿੰਨ ਵਿੱਚੋਂ ਦੋ ਅਪਰਾਧੀ ਭਾਜਪਾ ਦੇ ਆਈ.ਟੀ. ਸੈੱਲ ਵਿੱਚ ਕੰਮ ਕਰਦੇ ਸੀ। ਇਹਨਾਂ ਸੰਘੀਆਂ ਨੇ ਤਾਂ ਬਿਲਕਿਸ ਬਾਨੋ ਦੇ 11 ਬਲਾਤਕਾਰੀਆਂ ਦਾ ਜੇਲ੍ਹ ਵਿੱਚੋਂ ਰਿਹਾਅ ਹੋਣ ਤੋਂ ਬਾਅਦ ਹਾਰ ਪਾ ਕੇ ਸਵਾਗਤ ਕੀਤਾ ਸੀ।

ਮੀ ਅਪਰਾਧ ਅੰਕੜਾ ਬਿਊਰੋ ਦੇ ਅੰਕੜੇ

ਕੁਝ ਚਿਰ ਪਹਿਲਾਂ ਹੀ ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਜਾਂਦੀ ਕੌਮੀ ਅਪਰਾਧ ਰਿਕਾਰਡ ਵਿਭਾਗ ਦੀ ਰਿਪੋਰਟ ਮੁਤਾਬਕ ਸਾਲ 2022 ਵਿੱਚ ਔਰਤ ਸ਼ੋਸ਼ਣ ਮਾਮਲੇ ਬਾਰੇ ਕੁੱਲ 4.45 ਲੱਖ ਮਾਮਲੇ ਦਰਜ ਕੀਤੇ ਗਏ ਜੋ 2021 ਅਤੇ 2020 ਨਾਲੋਂ ਵੱਧ ਹਨ। ਇਨ੍ਹਾਂ ਅਪਰਾਧਾਂ ਦੀ ਸੂਚੀ ਵਿੱਚ ਪਤੀ ਜਾਂ ਰਿਸ਼ਤੇਦਾਰਾਂ ਵੱਲੋਂ ਕੀਤੀ ਜਾਂਦੀ ਹਿੰਸਾ ਤੋਂ ਲੈ ਕੇ ਬਲਾਤਕਾਰ, ਛੇੜਖਾਨੀ, ਅਗਵਾ ਕਰਨ ਜਿਹੇ ਅਪਰਾਧ ਸ਼ਾਮਲ ਹਨ। ਇਹ ਵੀ ਸਿਰਫ਼ ਉਹ ਅਪਰਾਧ ਹਨ ਜੋ ਕਿਸੇ ਤਰ੍ਹਾਂ ਨਾਲ ਭਾਰਤ ਦੀ ਨਿਕੰਮੀ ਪੁਲਿਸ ਅਤੇ ਨਿਆਂ ਪ੍ਰਣਾਲੀ ਦੇ ਕੋਲ ਦਰਜ ਕੀਤੇ ਗਏ ਹਨ, ਔਰਤਾਂ ਨਾਲ ਹੁੰਦੇ ਜ਼ਿਆਦਾਤਰ ਅਪਰਾਧ ਤਾਂ ਸਮਾਜ ਦੇ ਸਾਹਮਣੇ ਵੀ ਨਹੀਂ ਆਉਂਦੇ। ਰਿਪੋਰਟ ਮੁਤਾਬਕ ਭਾਰਤ ਵਿੱਚ ਔਰਤਾਂ ਦੇ ਰਹਿਣ ਲਈ ਸਭ ਤੋਂ ਵੱਧ ਭਿਆਨਕ ਹਾਲਤ ਉੱਤਰ ਪ੍ਰਦੇਸ਼ ਦੀ ਹੈ ਜਿੱਥੇ 2022 ਵਿੱਚ ਔਰਤਾਂ ਖ਼ਿਲਾਫ਼ ਹੋਣ ਵਾਲੇ ਜੁਰਮਾਂ ਦੇ 65743 ਮਾਮਲੇ ਦਰਜ ਕੀਤੇ ਗਏ। ਇਸ ਤੋਂ ਬਾਅਦ ਮਹਾਰਾਸ਼ਟਰ 45331, ਰਾਜਸਥਾਨ 45058, ਪੱਛਮੀ ਬੰਗਾਲ 34731 ਅਤੇ ਮੱਧ ਪ੍ਰਦੇਸ਼ 32765 ਮਾਮਲਿਆਂ ਨਾਲ ਇਸ ਸੂਚੀ ਵਿਚ ਸ਼ਾਮਲ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਔਰਤਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਦੀ ਸੰਖਿਆ ਕੌਮੀ ਔਸਤ ਤੋਂ ਕਾਫ਼ੀ ਵੱਧ ਹੈ। 2022 ਵਿੱਚ ਦਿੱਲੀ ਵਿੱਚ ਔਰਤਾਂ ਖ਼ਿਲਾਫ਼ ਵੱਖ ਵੱਖ ਤਰ੍ਹਾਂ ਦੇ ਜੁਰਮਾਂ ਦੇ 14247 ਪਰਚੇ ਦਰਜ ਕੀਤੇ ਗਏ। ਅਜਿਹੇ ਮਾਮਲਿਆਂ ਵਿੱਚ ਦਿੱਲੀ ਦੀ ਔਸਤ 144.4 ਹੈ ਜੋ ਦੇਸ਼ ਦੀ ਔਸਤ 66.4 ਤੋਂ ਚੋਖੀ ਵੱਧ ਹੈ। ਸਿਰਫ਼ 2022 ਵਿੱਚ ਹੀ ਦਿੱਲੀ ਵਿੱਚ ਬਲਾਤਕਾਰ ਦੇ 1204 ਪਰਚੇ ਦਰਜ ਹੋਏ ਜੋ ਦੇਸ਼ ਦੇ ਕੁੱਲ ਬਲਾਤਕਾਰ ਨਾਲ ਸਬੰਧਿਤ ਮਾਮਲਿਆਂ ਦਾ 31% ਹੈ! ਦੇਸ਼ ਦੀ ਰਾਜਧਾਨੀ ਦਾ ਹਾਲ ਇਹ ਹੈ ਕਿ ਇੱਥੇ ਹਰ ਰੋਜ਼ 3 ਔਰਤਾਂ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਮੁੰਬਈ ਵਿੱਚ ਔਰਤਾਂ ਵਿਰੁੱਧ ਹਿੰਸਾ ਦੀਆਂ 6176 ਘਟਨਾਵਾਂ ਹੋਈਆਂ। ਸਮਾਜ ਵਿੱਚ ਅਣਮਨੁੱਖੀ ਔਰਤ ਵਿਰੋਧੀ ਮਾਨਸਿਕਤਾ ਨੂੰ ਫ਼ੈਲਾਉਣ ਦਾ ਠੇਕਾ ਅੱਜ ਇਹਨਾਂ ਸਿਆਸਤਦਾਨਾਂ ਨੇ ਆਪ ਹੀ ਚੁੱਕ ਲਿਆ ਹੈ। ਆਏ ਦਿਨ ਇਹਨਾਂ ਸਿਆਸਤਦਾਨਾਂ ਦੇ ਘਿਣਾਉਣੇ ਬਿਆਨ ਆਉਂਦੇ ਰਹਿੰਦੇ ਹਨ। ਭਾਜਪਾ ਦੇ ਆਗੂ ਯੋਗੀ ਅਦਿੱਤਿਆਨਾਥ ਦੀ ਰੈਲੀ ਵਿੱਚ ਮੁਸਲਮਾਨ ਔਰਤਾਂ ਨੂੰ ਕਬਰਾਂ ਵਿੱਚੋਂ ਕੱਢ ਉਹਨਾਂ ਨਾਲ਼ ਬਲਾਤਕਾਰ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ ਤਾਂ ਕੋਈ ਬਲਾਤਕਾਰ ਨੂੰ ਸਿਰਫ਼ ਨਿੱਕੀ ਮੋਟੀ ਘਟਨਾ ਦੱਸਦਾ ਹੈ ਇੱਕ ਪਾਸੇ ਤਾਂ ਭਾਜਪਾ ਸਰਕਾਰ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੀਆਂ ਗੱਲਾਂ ਕਰਦੀ ਹੈ ਦੂਜੇ ਪਾਸੇ ਅਜਿਹੇ ਬਲਾਤਕਾਰੀਆਂ ਦੀ ਖੁੱਲ੍ਹੇਆਮ ਹਮਾਇਤ ਕਰਦੀ ਹੈ!

ਇਹ ਕੋਈ ਪਹਿਲੀ ਵਾਰੀ ਨਹੀਂ ਕਿ ਭਾਜਪਾ ਹਕੂਮਤ ਦਾ ਔਰਤ ਵਿਰੋਧੀ ਚਿਹਰਾ ਨੰਗਾ ਹੋਇਆ ਹੋਵੇ। ਰੂੜੀਵਾਦੀ ਵਿਚਾਰਾਂ ਨਾਲ਼ ਗ੍ਰਸਤ ਭਾਜਪਾ ਆਪਣੇ ਔਰਤ ਵਿਰੋਧੀ ਟੀਚੇ ਰਸਸ ਤੋਂ ਲੈਂਦੀ ਹੈ। ਰਸਸ ਕੱਟੜ ਫ਼ਿਰਕੂ-ਫ਼ਾਸ਼ੀਵਾਦੀ ਜਥੇਬੰਦੀ ਹੈ, ਜਿਸਦੇ ਮੋਢੀ ਸਾਵਰਕਰ ਨੇ ਬਲਾਤਕਾਰ ਨੂੰ ਇਕ ਸਿਆਸੀ ਸੰਦ ਵਜੋਂ ਇਸਤੇਮਾਲ ਕਰਨ ਦਾ ਵਿਚਾਰ ਪੇਸ਼ ਕੀਤਾ ਸੀ। ਜਾਹਰ ਹੈ ਜਿਸ ਗਲੇ ਸੜੇ ਸਮਾਜ ਵਿੱਚ ਔਰਤ ਵਿਰੋਧੀ ਸੋਚ ਦੀਆਂ ਜੜ੍ਹਾਂ ਇਸ ਕਦਰ ਡੂੰਘੀਆਂ ਫ਼ੈਲੀਆਂ ਹੋਣ, ਜਿੱਥੇ ਰਾਜਸੱਤਾ ਦੇ ਗਲਿਆਰਿਆਂ ਵਿੱਚੋਂ ਸਰ੍ਹੇਆਮ ਔਰਤ ਵਿਰੋਧੀ ਵਿਚਾਰ ਪ੍ਰਗਟਾਏ ਜਾਂਦੇ ਹੋਣ, ਜਿੱਥੇ ਬਲਾਤਕਾਰੀਆਂ ਨੂੰ ਸਰ੍ਹੇਆਮ ਰਾਜਸੱਤਾ ਵੱਲੋਂ ਬਚਾਇਆ ਜਾਂਦਾ ਹੋਵੇ ਤਾਂ ਅਜਿਹੇ ਘਿਣਾਉਣੇ ਢਾਂਚੇ ਨੂੰ ਕਾਇਮ ਰਹਿਣ ਦਾ ਕੋਈ ਹੱਕ ਨਹੀਂ।

***

## ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਵੱਲੋਂ...

ਤੀਜੇ ਸੈਸ਼ਨ ਵਿੱਚ ਇੱਕ ਵਾਰ ਫਿਰ ਕਵੀ ਸੰਮੇਲਨ ਕਰਵਾਇਆ ਗਿਆ। ਮੇਜਰ ਭੁਪਿੰਦਰ ਦਲੇਰ ਨੇ ਇਸ ਦੀ ਕਮਾਂਡ ਸੰਭਾਲੀ। ਪ੍ਰਧਾਨਗੀ ਮੰਡਲ ਵਿੱਚ ਅਮਰ ਸਿੰਘ ਸੂਫੀ, ਪ੍ਰੀਤਮ ਸਿੰਘ ਭਰੋਵਾਲ, ਹਰਜਿੰਦਰ ਕੰਗ, ਪ੍ਰਿਤਪਾਲ ਸਿੰਘ ਚੱਗੜ, ਸਾਧੂ ਸਿੰਘ ਸੰਘਾ ਵਿਚ ਸ਼ਾਮਲ ਹੋਏ। ਇਸ ਦੌਰਾਨ ਕਵੀ ਸੰਮੇਲਨ ਦਾ ਆਗਾਜ਼ ਗੁਰਜਤਿੰਦਰ ਸਿੰਘ ਰੰਧਾਵਾ ਨੇ ਮਰਹੂਮ ਸੁਰਜੀਤ ਪਾਤਰ 'ਤੇ ਲਿਖੀ ਕਵਿਤਾ ਸੁਣਾ ਕੇ ਕੀਤਾ। ਇਸ ਉਪਰੰਤ ਸਾਧੂ ਸਿੰਘ ਸੰਘਾ, ਰਣਜੀਤ ਗਿੱਲ, ਇਨਾਇਤ ਅਲੀ, ਸੁਰਿੰਦਰ ਸ਼ੀਮਾਰ, ਹਰਜਿੰਦਰ ਮੱਟੂ, ਮੱਖਣ ਲੁਹਾਰ, ਅਮਰਜੀਤ ਕੌਰ ਪਨੂੰ, ਮਨਦੀਪ ਗੌਰਾ, ਪ੍ਰੀਤਮ ਸਿੰਘ ਭਰੋਵਾਲ, ਜਗਜੀਤ ਨੌਸ਼ਹਿਰਵੀ, ਦਿਲ ਨਿੱਜਰ, ਲਖਵਿੰਦਰ ਲੱਖੀ, ਇਕਵਿੰਦਰ ਢੱਟ, ਮਾਈਕਲ ਬਾਠਲਾ, ਹਰਜਿੰਦਰ ਕੰਗ, ਅਮਰ ਸੂਫੀ, ਪ੍ਰਿਤਪਾਲ ਚੱਗੜ, ਮਨਗੀਤ ਗਰੇਵਾਲ, ਬਲਦੇਵ ਬਾਵਾ, ਰੁਪਿੰਦਰ ਸੰਧੂ, ਜਸਪਾਲ ਨਾਗਰਾ, ਫੱਗਣ ਸਿੰਘ, ਜਵਾਹਰ ਧਵਨ ਅਤੇ ਜੀਵਨ ਰੱਤੂ ਵੀ ਸ਼ਾਮਲ ਹੋਏ। ਚੌਥੇ ਸੈਸ਼ਨ ਵਿੱਚ ਗੀਤ-ਸੰਗੀਤ ਹੋਇਆ, ਜਿਸ ਵਿੱਚ ਵੱਖ-ਵੱਖ ਗਾਇਕਾਂ ਨੇ ਆਪਣੀ ਹਾਜ਼ਰੀ ਲੁਆਈ।

****

## ਕੀ ਹੋਵੇਗਾ ਪੰਜਾਬੀ ...

ਇਸ ਸਭ ਨੂੰ ਅਜੋਕੇ ਗੀਤ ਹੋਰ ਹੁਲਾਰਾ ਦੇ ਰਹੇ ਹਨ। ਸਰਕਾਰਾਂ ਭਾਵੇਂ ਅਜਿਹੇ ਗੀਤਾਂ ਨੂੰ ਲੈ ਕੇ ਸੁਚੇਤ ਹੋਈਆਂ ਹਨ ਪਰ ਇਹ ਸਭ ਇਸ ਹੱਦ ਤਕ ਵੱਧ ਚੁੱਕਾ ਹੈ ਕਿ ਇਸ 'ਤੇ ਲਗਾਮ ਕੱਸਣੀ ਨਾਮੁਮਕਿਨ ਪ੍ਰਤੀਤ ਹੁੰਦੀ ਹੈ। ਅਜਿਹੇ ਗੀਤ ਇੰਟਰਨੈੱਟ 'ਤੇ ਪੰਜਾਬ ਦੇ ਬਾਹਰੋਂ ਰਿਲੀਜ਼ ਕਰ ਦਿੱਤੇ ਜਾਂਦੇ ਹਨ। ਇਨ੍ਹਾਂ ਦਾ ਗਾਇਨ ਵੀ ਭਾਵੇਂ ਪੰਜਾਬੀ ਅਖਾੜਿਆਂ ਵਿੱਚ ਨਹੀਂ ਕੀਤਾ ਜਾਂਦਾ ਪਰ ਸ਼ੰਭੂ ਤੋਂ ਪਾਰ ਤਾਂ ਕੋਈ ਸਰਕਾਰੀ ਬਾਬੂ ਪਰਚਾ ਦਰਜ ਨਹੀਂ ਕਰ ਸਕਦਾ। ਤਿੰਨ ਸ਼ਰਾਰਤੀ ਤੱਤ ਪੰਜਾਬੀ ਗੀਤਕਾਰੀ ਤੇ ਗਾਇਕੀ ਨੂੰ ਤੰਗ ਕਰ ਰਹੇ ਹਨ, ਨਸ਼ਾ, ਹਥਿਆਰ ਤੇ ਫੁਕਰਾਪਣ। ਪੰਜਾਬੀ ਲੋਕਾਂ ਦਾ ਵੱਡਾ ਹਿੱਸਾ ਇਨ੍ਹਾਂ ਤਿੰਨਾਂ ਦਾ ਆਦੀ ਹੋ ਚੁੱਕਾ ਹੈ। ਇਹ ਸੱਚਾਈ ਹੈ ਕਿ ਸਾਧਾਰਨ ਸੱਭਿਆਚਾਰਕ ਸ਼ਬਦਾਵਲੀ ਵਾਲੇ ਗੀਤ ਬਹੁਤ ਘੱਟ ਪਸੰਦ ਕੀਤੇ ਜਾਂਦੇ ਹਨ। ਇਸ 'ਤੇ ਕਾਬੂ ਪਾਉਣ ਲਈ ਭਾਵੇਂ ਸਰਕਾਰੀ ਸੈਂਸਰਸ਼ਿਪ ਦੀ ਵਕਾਲਤ ਕਰਨਾ ਮੂਰਖਤਾ ਹੋਵੇਗੀ। ਸੈਲਫ ਸੈਂਸਰਸ਼ਿਪ ਵੀ ਕਾਰਗਰ ਸਿੱਧ ਨਹੀਂ ਹੋ ਸਕਦੀ। ਇਸ ਮਾਮਲੇ ਵਿੱਚ ਗਾਇਕਾਂ ਦੇ ਅਲੱਗ ਅਲੱਗ ਗਰੁੱਪ ਹੀ ਆਪਸ ਵਿੱਚ ਸਲਾਹ ਮਸ਼ਵਰਾ ਕਰ ਕੇ ਕੁਝ ਕਰ ਸਕਦੇ ਹਨ ਜਾਂ ਫਿਰ ਘਰੇਲੂ ਤੇ ਸਕੂਲੀ ਕਾਲਜ ਢਾਂਚੇ ਵਿੱਚ ਜਾਗਰੂਕਤਾ ਮੁਹਿੰਮਾਂ ਚਲਾ ਕੇ ਕੁਝ ਕੀਤਾ ਜਾ ਸਕਦਾ ਹੈ।

ਨੌਜਵਾਨ ਹਮੇਸ਼ਾ ਆਪਣੇ ਹਾਣ ਦਾ ਸਾਥ ਤੇ ਹਾਣਦੇ ਗੀਤਾਂ, ਕਵਿਤਾਵਾਂ, ਗ਼ਜ਼ਲਾਂ ਨੂੰ ਪਸੰਦ ਕਰਦੇ ਹਨ। ਸਮੇਂ ਨਾਲ ਮਿਲ ਕੇ ਚੱਲਣਾ ਵਧੀਆ ਗੱਲ ਹੈ ਪਰ ਅੱਜ ਦੀ ਪੰਜਾਬੀ ਗਾਇਕੀ ਵਿੱਚ ਜੋ ਰੁਝਾਨ ਦੇਖਣ ਨੂੰ ਮਿਲ ਰਹੇ ਹਨ, ਜਿਵੇਂ ਨਸ਼ਿਆਂ ਤੇ ਹਥਿਆਰਾਂ ਦੇ ਨਾਮ ਅਤੇ ਉਨ੍ਹਾਂ ਦੀ ਵਰਤੋਂ ਆਦਿ, ਇਹ ਸਿਰਫ਼ ਚਿੰਤਾਜਨਕ ਹੀ ਨਹੀਂ ਹੈ ਬਲਕਿ ਖ਼ਤਰਨਾਕ ਵੀ ਹੈ। ਇਸ ਦੇ ਨਾਲ ਹੀ ਫੁਕਰੇਪਣ ਨੂੰ ਵਡਿਆਉਣਾ ਵੀ ਕੋਈ ਚੰਗਾ ਸੰਕੇਤ ਨਹੀਂ ਹੈ। ਇਸ ਲਈ ਲੋੜ ਹੈ ਵਰਤਮਾਨ ਦੇ ਨਾਲ-ਨਾਲ ਭਵਿੱਖ ਬਾਰੇ ਸੋਚਣ ਦੀ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com